# ਦਵਿੰਦਰ ਸੰਧੂ ਰਚਿਤ ਗਲਪ ਸਾਹਿਤ ਵਿਚ ਤ੍ਰਾਸਦੀ ਚਿਤਰਨ

**DAVINDER SANDHU RACHIT GALAP SAHIT VICH TRASDI CHITRAN**

*Transforming Education Transforming India*

## ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ
## ਦੇ ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ
## ਐਮ. ਏ. (ਪੰਜਾਬੀ) ਦੀ ਡਿਗਰੀ ਦੇ ਇੱਕ
## ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ
## ਖੋਜ-ਪ੍ਰਬੰਧ


| ਖੋਜਾਰਥਣ | ਨਿਗਰਾਨ |
|---|---|
| ਜੋਤੀ ਬਾਲਾ | ਡਾ. ਬਲਵਿੰਦਰ ਸਿੰਘ ਥਿੰਦ |
| ਰਜਿ. ਨੰਬਰ-11510808 | ਸਹਾਇਕ ਪ੍ਰੋਫ਼ੈਸਰ |


## ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ
## ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

**2017**

# ਘੋਸ਼ਣਾ-ਪੱਤਰ

ਮੈਂ ਜੋਤੀ ਬਾਲਾ ਇਹ ਬਿਆਨ ਕਰਦੀ ਹਾਂ ਕਿ 'ਦਵਿੰਦਰ ਸੰਧੂ ਰਚਿਤ ਗਲਪ ਸਾਹਿਤ ਵਿਚ ਤ੍ਰਾਸਦੀ ਚਿਤਰਨ' ਵਿਸ਼ੇ ਉੱਤੇ ਐਮ. ਏ. (ਪੰਜਾਬੀ) ਦੀ ਡਿਗਰੀ ਲਈ ਖੋਜ-ਕਾਰਜ ਕੀਤਾ ਹੈ। ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥਣ**

**ਜੋਤੀ ਬਾਲਾ**

**ਰਜਿ. ਨੰਬਰ-11510808**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਜੋਤੀ ਬਾਲਾ ਨੇ 'ਦਵਿੰਦਰ ਸੰਧੂ ਦੇ ਰਚਿਤ ਗਲਪ ਸਾਹਿਤ ਵਿਚ ਤ੍ਰਾਸਦੀ ਚਿਤਰਨ' ਵਿਸ਼ੇ ਉੱਤੇ ਐਮ.ਏ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**

ਸਹਾਇਕ ਪ੍ਰੋਫ਼ੈਸਰ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

(ਪੰਜਾਬ)

# ਤਤਕਰਾ


**ਅਧਿਆਇ ਪਹਿਲਾ**

**ਸਿਧਾਂਤਕ ਪਿੱਠ-ਭੂਮੀ** **1-48**

**ਭੂਮਿਕਾ**

**ਪੰਜਾਬੀ ਗਲਪ : ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਵਿਕਾਸ**

ਕਹਾਣੀ ਦਾ ਅਰਥ ਅਤੇ ਪਰਿਭਾਸ਼ਾ

ਪੰਜਾਬੀ ਕਹਾਣੀ ਦੇ ਪ੍ਰਮੁੱਖ ਤੱਤ

ਪੰਜਾਬੀ ਕਹਾਣੀ ਦਾ ਇਤਿਹਾਸਕ ਸਫ਼ਰ

ਨਾਵਲ ਦਾ ਅਰਥ ਅਤੇ ਪਰਿਭਾਸ਼ਾ

ਪੰਜਾਬੀ ਨਾਵਲ ਦੇ ਤੱਤ

ਪੰਜਾਬੀ ਨਾਵਲ ਦਾ ਇਤਿਹਾਸਕ ਸਫ਼ਰ

**ਅਧਿਆਇ ਦੂਜਾ**

**ਦਵਿੰਦਰ ਸੰਧੂ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ** **49-56**

**ਅਧਿਆਇ ਤੀਜਾ**

**ਤ੍ਰਾਸਦੀ ਚਿਤਰਨ ਦਾ ਅਧਿਐਨ ਅਤੇ ਸਰੂਪ** **57-66**

**ਅਧਿਆਇ ਚੌਥਾ**

**ਦਵਿੰਦਰ ਸੰਧੂ ਰਚਿਤ ਕਹਾਣੀ ਸੰਗ੍ਰਹਿ 'ਲਾਹੌਰ' ਵਿਚ ਤ੍ਰਾਸਦੀ ਦਾ ਚਿਤਰਨ** **67-75**

**ਅਧਿਆਇ ਪੰਜਵਾਂ**

**ਦਵਿੰਦਰ ਸੰਧੂ ਦੇ ਨਾਵਲ 'ਨੀ ਜਿੰਦ ਮੇਰੀਏ' ਵਿਚ ਤ੍ਰਾਸਦੀ ਦਾ ਚਿਤਰਨ** **76-81**

**ਸਾਰ ਤੇ ਸਥਾਪਨਾਵਾਂ** **82-86**

**ਸਹਾਇਕ ਪੁਸਤਕ ਸੂਚੀ** **87-88**

# ਅਧਿਆਇ ਪਹਿਲਾ- ਸਿਧਾਂਤਕ ਪਿੱਠ ਭੂਮੀ

## ਭੂਮਿਕਾ

ਹਥਲਾ ਖੋਜ ਕਾਰਜ ਖੇਤਰ ਵਿਚ ਦਵਿੰਦਰ ਸੰਧੂ ਦੇ ਗਲਪ ਵਿਚ ਤ੍ਰਾਸਦੀ ਚਿਤਰਨ ਖੋਜ ਕਰਤਾ ਦਾ ਮੌਲਿਕ ਕਾਰਜ ਹੈ। ਇਸ ਖੋਜ ਕਾਰਜ ਦੀ ਚੋਣ ਦਾ ਕਾਰਨ ਖੋਜਾਰਥੀ ਦਾ ਗਲਪ ਪੜ੍ਹਨ ਦਾ ਸ਼ੋਕ ਹੈ। ਗਲਪ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ ਕਹਾਣੀ ਅਤੇ ਨਾਵਲ। ਨਾਵਲ ਪਰਸਾ, ਸੁੰਦਰੀ, ਪੈੜਾਂ ਦੇ ਆਰ ਪਾਰ, ਨਾਸੂਰ ਅਤੇ ਕਹਾਣੀਆਂ ਸੁੱਖ-ਦੁੱਖ, ਮੰਗੋ, ਸਵੇਰ, ਗੁਟਾਰ ਆਦਿ ਖੋਜ ਕਰਤਾ ਦੁਆਰਾ ਹੁਣ ਤੱਕ ਦੀਆਂ ਅਕਾਦਮਿਕ ਲੋੜਾਂ ਦੀ ਪੂਰਤੀ ਲਈ ਪੜ੍ਹੀਆਂ ਹਨ ਜਿਨ੍ਹਾਂ ਵਿਚਲੀਆਂ ਸਮੱਸਿਆਵਾਂ ਦੀ ਕਲਤਾਮਕ ਪੇਸ਼ਕਾਰੀ ਨੇ ਗਲਪ ਵਰਗੇ ਜਟਿਲ ਸਾਹਿਤ-ਰੂਪ ਵੱਲ ਰੁਚਿਤ ਹੋਣ ਵੱਲ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਹੈ। ਦਵਿੰਦਰ ਸੰਧੂ ਦੇ ਗਲਪ ਵਿਚ ਸਮਾਜਿਕ ਦੁਖਾਂਤ ਦੀਆਂ ਬਹੁਤ ਸਾਰੀਆਂ ਘਟਨਾਵਾਂ ਹਨ ਅਤੇ ਇਹਨਾਂ ਦੇ ਗਲਪ ਦਾ ਮੇਰੇ ਤੇ ਬਹੁਤ ਪ੍ਰਭਾਵ ਪਿਆ ਹੈ ਜਿਸ ਨੇ ਮੇਰੇ ਦਿਲ ਨੂੰ ਹਲੂਣ ਦਿੱਤਾ ਅਤੇ ਮੇਰੇ ਮਨ ਵਿਚ ਇੱਛਾ ਪੈਦਾ ਹੋਈ ਤੇ ਮੈਂ ਦਵਿੰਦਰ ਸੰਧੂ ਦੇ ਰਚਿਤ ਗਲਪ ਵਿਚ ਤ੍ਰਾਸਦੀ ਦਾ ਚਿਤਰਨ ਖੋਜ ਕਾਰਜ ਵਿਸ਼ਾ ਲਿਆ ਹੈ। ਦਵਿੰਦਰ ਸੰਧੂ ਨੇ ਬਹੁਤ ਸਾਰੀਆਂ ਕਵਿਤਾਵਾਂ ਵੀ ਲਿਖੀਆਂ ਹਨ ਪਰ ਸੰਪਾਦਿਤ ਨਹੀ ਕੀਤੀਆਂ। ਦਵਿੰਦਰ ਸੰਧੂ ਨੇ ਲਾਹੌਰ ਕਾਵਿ ਸੰਗ੍ਰਹਿ ਵਿਚ ਉਨ੍ਹਾਂ ਦੀ ਪਹਿਲੀ ਕਹਾਣੀ 'ਛੋਟੀ ਜਿਹੀ ਜ਼ਿੰਦਗੀ ਦਾ ਲੰਮਾ ਸਫ਼ਰ ਤੈਅ ਕਰਦਿਆਂ' ਵਿਚ ਉਨ੍ਹਾਂ ਨੇ ਦੱਸਿਆ ਕਿ 14 ਸਾਲ ਬਾਅਦ ਸ਼ਾਇਦ ਹੁਣ ਮੇਰੇ ਦਿਨ ਫਿਰ ਜਾਣ ਪਰ ਅਜਿਹਾ ਨਹੀ ਹੋਇਆ। 15 ਸਾਲ ਦੀ ਉਮਰ ਵਿਚ ਵੱਡਾ ਭਰਾ ਤੁਰ ਗਿਆ। ਫਿਰ 25 ਦਿਨਾਂ ਬਾਅਦ ਪਿਉ ਵੀ ਤੁਰ ਗਿਆ। ਫਿਰ ਮਾਂ ਦੇ ਦੋਵੇਂ ਗੁਰਦੇ ਵੀ ਫ਼ੇਲ੍ਹ ਅਤੇ ਅੱਖਾਂ ਵੀ ਰੌਸ਼ਨੀ ਵੀ ਤੁਰ ਗਈ ਅਤੇ ਇਸ ਤਰ੍ਹਾਂ ਜ਼ਿੰਦਗੀ ਵਿਚ ਸੰਘਰਸ਼ ਕਰਨਾ ਪਿਆ। 'ਮਾਂ ਦੀ ਆਂਦਰ', 'ਨਰਕ', 'ਅੰਤਿਮ ਸੰਸਕਾਰ', 'ਬਿਨਾਂ ਤੁਸਾਂ ਅਸੀਂ ਸੱਖਣੇ' ਆਦਿ ਵਿਚ ਬਹੁਤ ਸਾਰੀ ਤ੍ਰਾਸਦੀ ਨੂੰ ਬਿਆਨ ਕੀਤਾ ਗਿਆ ਹੈ। ਨਾਵਲ 'ਨੀ ਜਿੰਦ ਮੇਰੀਏ' ਦਵਿੰਦਰ ਸੰਧੂ ਦੇ ਵਿਚ ਵੀ ਬਹੁਤ ਤ੍ਰਾਸਦੀ ਨੂੰ ਬਿਆਨ ਕੀਤਾ ਗਿਆ ਹੈ। 'ਤੱਤੇ ਟਿੱਬਿਆਂ ਦੇ ਪਾਂਧੀ' (ਕਹਾਣੀ ਸੰਗ੍ਰਹਿ) ਅਤੇ 'ਭਾਈ ਮਰਨ ਤਾਂ ਜਾਂਦੀਆਂ ਭੱਜ ਬਾਹਾਂ' (ਨਿਬੰਧ ਸੰਗ੍ਰਹਿ)। ਦਵਿੰਦਰ ਸੰਧੂ ਨੇ ਆਪਣੇ ਜੀਵਨ ਵਿਚ ਬਹੁਤ ਸਾਰਾ ਦੁਖਾਂਤ ਨੂੰ ਹੰਢਾਇਆ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿਚ ਬਹੁਤ ਸੰਘਰਸ਼ ਕੀਤੇ ਹਨ ਅਤੇ ਉਨ੍ਹਾਂ ਨੇ ਆਪਣੇ ਰਚਿਤ ਗਲਪ ਵਿਚ ਸੱਚਾਈ ਨੂੰ ਪੇਸ਼

ਕੀਤਾ ਹੈ। ਦਵਿੰਦਰ ਸੰਧੂ ਨੇ ਅੱਜ ਦੇ ਸਮਾਜ ਵਿਚ ਜੋ ਵਾਪਰ ਰਿਹਾ ਹੈ ਉਸ ਦੇ ਯਥਾਰਥ ਨੂੰ ਪੇਸ਼ ਕੀਤਾ ਹੈ। ਅਤੇ ਉਨ੍ਹਾਂ ਨੇ ਆਪਣੇ ਗਲਪ ਵਿਚ ਪਾਠਕਾਂ ਨੂੰ ਸਨੇਹ ਦਿੱਤਾ ਹੈ ਕਿ ਜ਼ੁਲਮ ਨੂੰ ਸਹਿਣਾ ਨਹੀ ਚਾਹੀਦਾ ਸਗੋਂ ਡੱਟ ਕੇ ਸੰਘਰਸ਼ ਕਰਨਾ ਨਾਲ ਹੀ ਜ਼ਿੰਦਗੀ ਨੂੰ ਨਵੀਂ ਰਾਹ ਮਿਲਦੀ ਹੈ ਅਤੇ ਆਪਣੀ ਮੰਜ਼ਿਲ ਵੀ ਪ੍ਰਾਪਤ ਹੁੰਦੀ ਹੈ।

ਅੰਤ ਵਿਚ ਉਪਰੋਕਤ ਇਸ ਸਾਰੇ ਖੋਜ-ਪ੍ਰਬੰਧ ਵਿਚਲੇ ਅਧਿਆਇ ਦਾ ਸਾਰ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ, ਜਿਸ ਦੇ ਆਰ-ਪਾਰ ਸਾਰਾ ਖੋਜ-ਪ੍ਰਬੰਧ ਪਸਰਿਆ ਹੋਇਆ ਹੈ। ਸਭ ਤੋਂ ਆਖ਼ਿਰ ਵਿਚ ਉਨ੍ਹਾਂ ਚੋਣਵੀਂਆਂ ਪੁਸਤਕਾਂ ਸੂਚੀ ਦਿੱਤੀ ਗਈ ਹੈ ਜੋ ਖੋਜ ਕਰਤਾ ਦੇ ਸਮੁੱਚੇ ਖੋਜ ਕਾਰਜ ਦੌਰਾਨ ਕਿਸੇ ਨਾ ਕਿਸੇ ਰੂਪ ਵਿਚ ਸਹਾਇਕ ਬਣੀਆਂ ਹਨ।

## ਖੋਜ-ਕਾਰਜ ਦੇ ਖੇਤਰ

ਹਥਲੇ ਖੋਜ-ਕਾਰਜ ਲਈ ਦਵਿੰਦਰ ਸੰਧੂ ਰਚਿਤ ਗਲਪ ਸਾਹਿਤ ਵਿਚ ਤ੍ਰਾਸਦੀ ਚਿਤਰਨ। ਇਸ ਵਿਚ ਦਵਿੰਦਰ ਸੰਧੂ ਦੀ ਗੁਣਾਤਮਿਕ ਖ਼ੂਬੀਆਂ ਨੂੰ ਆਧਾਰ ਬਣਾ ਕੇ ਸੀਮਾ ਨਿਰਧਾਰਿਤ ਕੀਤੀ ਗਈ ਹੈ। ਐਮ. ਏ ਡਿਗਰੀ ਲਈ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਖੋਜ ਲਈ ਇੱਕ ਸੀਮਾ ਨਿਸ਼ਚਿਤ ਕਰਨੀ ਅਤਿ ਜ਼ਰੂਰੀ ਹੁੰਦੀ ਹੈ। ਜਿਸ ਕਾਰਨ ਖੋਜ ਲਈ ਸਮੁੱਚੇ ਗਲਪ ਵਿਚੋਂ ਕੇਵਲ ਉਨ੍ਹਾਂ ਦਾ ਨਾਵਲ ( ਨੀ ਜਿੰਦ ਮੇਰੀਏ ) ਅਤੇ ਕਹਾਣੀ ਸੰਗ੍ਰਹਿ ( ਲਾਹੌਰ 58063 ) ਤੱਕ ਖੋਜ ਦੀ ਸੀਮਾ ਨੂੰ ਨਿਸ਼ਚਿਤ ਕੀਤਾ ਗਿਆ ਹੈ। ਇਸ ਖੋਜ ਨੂੰ ਪੰਜ ਅਧਿਆਇ ਵਿਚ ਵੰਡ ਕੇ ਨਿਸ਼ਚਿਤ ਕੀਤਾ ਗਿਆ। ਐਮੱ. ਏ ਦੇ ਪੱਧਰ ਲਈ ਇੱਕ ਨਿਸ਼ਚਿਤ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਹਥਲੇ ਖੋਜ ਕਾਰਜ ਨੂੰ ਤੱਕ ਦਵਿੰਦਰ ਸੰਧੂ ਰਚਿਤ ਗਲਪ ਸਾਹਿਤ ਵਿਚ ਤ੍ਰਾਸਦੀ ਚਿਤਰਨ ਉਪਰਾਲਾ ਕੀਤਾ ਗਿਆ ਹੈ ਸੀਮਿਤ ਕਰਨ ਦਾ ਮੇਰੇ ਵੱਲੋਂ।

## ਉਦੇਸ਼

ਉਦੇਸ਼ ਰਹਿਤ ਕੋਈ ਰਚਨਾ ਨਹੀ ਹੁੰਦੀ ਹੈ। ਇਹ ਉਦੇਸ਼ ਹੀ ਹੈ ਜਿਹੜਾ ਕਿਸੇ ਰਚਨਾ ਪ੍ਰਕਿਰਿਆ ਵਿਚ ਪੈਣ ਲਈ ਪ੍ਰੇਰਦਾ ਹੈ। ਪਰ ਉਦੇਸ਼ ਨੂੰ ਨਰੋਇਆ ਅਤੇ ਵਡਮੁੱਲਾ ਹੋਣਾ ਚਾਹੀਦਾ ਹੈ। ਤਾਂ ਕਿ ਪਾਠਕ ਨੂੰ ਇੱਕ ਜੀਵਨ ਸੇਧ ਮਿਲ ਸਕੇ। ਉਦੇਸ਼ ਘੜਨ ਵਿਚ ਲੇਖਕ ਦਾ ਦ੍ਰਿਸ਼ਟੀ ਕੋਣ ਸਹਾਈ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਰਚਨਾ ਰਾਹੀ ਪ੍ਰਗਟਾਇਆ ਗਿਆ ਉਦੇਸ਼ ਸਮੁੱਚੇ ਸਮਾਜ ਦੇ ਹਿੱਤ ਵਿਚ ਹੈ ਕਿ ਨਹੀਂ।

1. ਸਭ ਤੋਂ ਪਹਿਲਾਂ ਉਦੇਸ਼ ਗਲਪ ਦੇ ਦੋਹਾਂ ਰੂਪਾਂ ਨਾਵਲ ਅਤੇ ਕਹਾਣੀ ਦੇ ਸਿਧਾਂਤਕ ਤੇ ਇਤਿਹਾਸਕ ਪਰਿਖੇਪ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕਰਨਾ ਹੈ।

2. ਖੋਜ ਕਾਰਜ ਲਈ ਚੁਣੇ ਗਏ ਨਾਵਲ ਅਤੇ ਕਹਾਣੀਆਂ ਦੇ ਵਿਚ ਪ੍ਰਸਤੁਤ ਥੀਮ ਅਤੇ ਵਰਤੀਆਂ ਗਈਆਂ ਕਲਾਤਮਕ ਜੁਗਤਾਂ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕਰਨਾ ਹੈ।

3. ਦਵਿੰਦਰ ਸੰਧੂ ਦੁਆਰਾ ਰਚਿਤ ਗਲਪ ਸਾਹਿਤ ਦੀ ਸਮੀਖਿਆ ਰਾਹੀਂ ਤ੍ਰਾਸਦੀ ਚਿਤਰਨ ਨੂੰ ਪੇਸ਼ਕਾਰੀ ਨੂੰ ਦਰਸਾਉਣਾ

4. ਦਵਿੰਦਰ ਸੰਧੂ ਦੁਆਰਾ ਰਚਿਤ ਗਲਪ ਸਾਹਿਤ ਵਿਚੋਂ ਪ੍ਰਾਪਤ ਤ੍ਰਾਸਦੀ ਚਿਤਰਨ ਰਾਹੀਂ ਉਨ੍ਹਾਂ ਸਮਾਜਿਕ ਸਮੱਸਿਆਵਾਂ ਦਾ ਹੱਲ ਕਰਨਾ

## ਪੂਰਵ-ਖੋਜ ਕਾਰਜ ਖੇਤਰ

1. ਮਨਮਿੰਦਰ ਕੌਰ, ਪੰਜਾਬੀ ਨਾਵਲ ਦੀ ਤ੍ਰਾਸਦੀ ਸੰਵੇਦਨਾ ਦੇ ਵਿਭਿੰਨ ਪਾਸਾਰ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ 2009

2. ਰਾਜਿੰਦਰ ਸਿੰਘ, ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਤ੍ਰਾਸਦੀ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992

ਨਾਵਲਕਾਰ ਗੁਰਦਿਆਲ ਸਿੰਘ ਦੀ ਤ੍ਰਾਸਦੀ ਦ੍ਰਿਸ਼ਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003

3. ਮਨਦੀਪ ਕੌਰ, ਪੰਜਾਬੀ ਕਹਾਣੀ ਵਿਚ ਮਾਨਵੀ ਤ੍ਰਾਸਦੀ ਦੇ ਵਿਭਿੰਨ ਪਾਸਾਰ (ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ ਅਤੇ ਵੀਨਾ ਵਰਮਾ ਦੇ ਸੰਦਰਭ ਵਿਚ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 2008

4. ਕਿਰਨਪਾਲ ਕੌਰ, ਪੰਜਾਬੀ ਲੇਖਕਾਵਾਂ ਦੇ ਨਾਵਲਾਂ ਵਿਚ ਤ੍ਰਾਸਦੀ ਦਾ ਸੰਕਲਪ (ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਲਜੀਤ ਕੌਰ ਬੱਲੀ ਤੇ ਚੰਦਨ ਨੇਗੀ ਦੇ ਵਿਸ਼ੇਸ਼ ਪ੍ਰਸੰਗ ਵਿਚ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

5. ਸਿਮਰਜੀਤ ਕੌਰ, ਫਿਰਕ ਦੰਗਿਆਂ ਨਾਲ ਸੰਬੰਧਿਤ ਪੰਜਾਬੀ ਕਹਾਣੀ ਵਿਚ ਮਾਨਵੀ ਸੰਵੇਦਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 2004

## ਖੋਜ ਵਿਧੀ

ਦਵਿੰਦਰ ਸੰਧੂ ਰਚਿਤ ਗਲਪ ਵਿਚ ਤ੍ਰਾਸਦੀ ਵਿਸ਼ੇ ਵਿਚ ਮਨੋਵਿਗਿਆਨਕ ਵਿਧੀ ਸਮਾਜ ਸ਼ਾਸਤਰ ਵਿਧੀ, ਤਰਕ ਤਮਕ ਵਿਧੀ ਹੈ। ਇਹਨਾਂ ਦੇ ਆਧਾਰ ਉੱਪਰ ਹੀ ਖੋਜ ਕਾਰਜ ਵਿਸ਼ੇ ਲਈ ਇਹਨਾਂ ਤਿੰਨ ਵਿਧੀਆਂ ਦੀ ਵਰਤੋਂ ਕੀਤੀ ਜਾਵੇਗੀ।

1. ਮਨੋਵਿਗਿਆਨਕ ਵਿਧੀ।
2. ਸਮਾਜ ਸ਼ਾਸਤਰ ਵਿਧੀ।
3. ਤਰਕ ਵਿਧੀ।

ਅੰਤ ਵਿਚ ਮੈਂ ਉਹ ਨਾਂ ਸਭ ਦਾ ਧੰਨਵਾਦ ਕਰਨਾ ਚਾਹੁੰਦੀ ਹੈ ਜਿਨ੍ਹਾਂ ਨੇ ਮੇਰੀ ਪੂਰੀ ਖੋਜ ਦੇ ਦੌਰਾਨ ਮੇਰੀ ਤਹਿ ਦਿਲੋਂ ਸਹਾਇਤਾ ਕੀਤੀ ਹੈ। ਸਭ ਤੋਂ ਪਹਿਲਾ ਮੈਂ ਪਰਮਾਤਮਾ ਦਾ ਸ਼ੁਕਰੀਆ ਅਦਾ ਕਰਦੀ ਹਾਂ ਜਿਸ ਨੇ ਮੇਰੀ ਵਿੱਦਿਆ ਐਮੱ. ਏ ਪੰਜਾਬੀ ਪੱਧਰ ਤੱਕ ਪਹੁੰਚਾਉਣ ਲਈ ਹੀਲੇ- ਵਸੀਲੇ ਪ੍ਰਦਾਨ ਕੀਤੇ। ਮੈਂ ਆਪਣੇ ਸਤਿਕਾਰ ਨਿਗਰਾਨ ਡਾ. ਬਲਵਿੰਦਰ ਸਿੰਘ ਥਿੰਦ ਜੀ ਦਾ ਬਹੁਤ ਧੰਨਵਾਦ ਕਰਦੀ ਹਾਂ ਜੋ ਸਮੁੱਚੇ ਖੋਜ ਪ੍ਰਬੰਧ ਦੌਰਾਨ ਮੇਰੇ ਲਈ ਚਾਨਣ ਮੁਨਾਰਾ ਬਣਦੇ ਰਹੇ। ਉਨ੍ਹਾਂ ਨੇ ਬੜੀ ਸਹਿਜਤਾ ਨਾਲ ਮੇਰੀ ਹਰ

ਦੁਬਿਧਾ ਨੂੰ ਹੱਲ ਕੀਤਾ। ਮੈਂ ਦਵਿੰਦਰ ਸੰਧੂ ਵੀਰ ਜੀ ਦਾ ਬਹੁਤ ਧੰਨਵਾਦ ਕਰਦੀ ਹਾਂ ਇਹਨਾਂ ਨੇ ਮੈਨੂੰ ਸਮੁੱਚੇ ਖੋਜ-ਪ੍ਰਬੰਧ ਦੌਰਾਨ ਮੇਰੇ ਲਈ ਚਾਨਣ-ਮੁਨਾਰਾ ਬਣਦੇ ਰਹੇ। ਮੈਂ ਪੰਜਾਬੀ ਵਿਭਾਗ ਦੇ ਸਮੂਹ ਅਧਿਆਪਕਾਂ ਦਾ ਵੀ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਐਮੱ. ਏ. ਦੇ ਸਮੁੱਚੇ ਸਮੇਂ ਦੌਰਾਨ ਮੈਨੂੰ ਪੂਰਾ ਸਹਿਯੋਗ ਦਿੱਤਾ। ਮੈ ਆਪਣੇ ਸਤਿਕਾਰ ਮਾਤਾ- ਪਿਤਾ ਸਭ ਤੋਂ ਜ਼ਿਆਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਪੂਰੀ ਪੜ੍ਹਾਈ ਦੇ ਦੌਰਾਨ ਮੇਰੀ ਹਰ ਪੱਖੋਂ ਸਹਾਇਤਾ ਕੀਤੀ। ਅੰਤ ਵਿਚ ਮੈਂ ਉਨ੍ਹਾਂ ਵਿਦਵਾਨਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਮੇਰੇ ਖੋਜ ਕਾਰਜ ਦਾ ਆਧਾਰ ਬਣੀਆਂ ਹਨ।

# ਪੰਜਾਬੀ ਗਲਪ : ਸਿਧਾਂਤਕ ਪਰਿਪੇਖ ਅਤੇ ਇਤਿਹਾਸਕ ਵਿਕਾਸ

ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ। ਸਾਹਿਤ ਰਾਹੀਂ ਸਾਹਿਤਕਾਰ ਸਮਾਜ ਵਿਚਲੇ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਇਹਨਾਂ ਵਿਸ਼ਿਆਂ ਰਾਹੀਂ ਉਹ ਸਮਾਜ ਵਿਚਲੀਆਂ ਵਿਸੰਗੀਆਂ ਨੂੰ ਉਭਾਰਦਾ ਹੋਇਆਂ ਉਨ੍ਹਾਂ ਦੇ ਹਵਾਲੇ ਪੇਸ਼ ਕਰਦਾ ਹੈ ਤਾਂ ਜੋ ਇੱਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।[1] ਇਸ ਤਰ੍ਹਾਂ ਸ਼ਬਦ ਰੂਪੀ ਸੁੰਦਰ ਰਚਨਾ ਨੂੰ ਸਾਹਿਤ ਆਖਦੇ ਹਨ। ਸਾਹਿਤ ਸਮਾਜ ਦੀ ਉਪਜ ਹੁੰਦਾ ਹੈ ਕਿਉਂਕਿ ਲੇਖਕ ਸਮਾਜ ਦਾ ਅੰਗ ਹੁੰਦਾ ਹੈ ਅਤੇ ਉਸ ਦੀ ਵਿਚਾਰਧਾਰਾ ਸਜ ਦੇ ਹਾਲਤਾਂ ਅਤੇ ਉਸ ਦੇ ਅਨੁਭਵ ਦਾ ਸੁਮੇਲ ਹੁੰਦੀ ਹੈ। ਇਸ ਲਈ ਵਿਦਵਾਨ ਸਾਹਿਤ ਨੂੰ ਸਮਾਜ ਦੇ ਹਾਲਤਾਂ ਅਤੇ ਉਸ ਦੇ ਸਮਾਜ ਦਾ ਦਰਪਣ ਹੁੰਦਿਆਂ ਹੋਇਆਂ ਸਮਾਜ ਨੂੰ ਬਦਲਣ ਜਾਂ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ ਕਿਉਂਕਿ ਸਾਹਿਤ ਦਾ ਸੰਬੰਧ ਸਿੱਧਾ ਮਨੁੱਖੀ ਮਾਨਸਿਕਤਾ ਨਾਲ ਹੁੰਦਾ ਹੈ। ਕਿਸੇ ਵਿਅਕਤੀ ਵਿਚ ਪਰਿਵਰਤਨ ਲਿਆਉਣ ਲਈ ਉਸ ਦੇ ਮਨ ਜਾਂ ਵਿਚਾਰਾਂ ਨੂੰ ਬਦਲਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਕਿਸੇ ਵਿਅਕਤੀ ਦੇ ਵਿਚਾਰਾਂ ਦਾ ਸਮੂਹ ਹੀ ਉਸ ਦੇ ਜੀਵਨ ਫ਼ਲਸਫ਼ਾ ਅਖਵਾਉਂਦਾ ਹੈ। ਮਨੁੱਖ ਦਾ ਸਾਹਿਤ ਨਾਲ ਰਿਸ਼ਤਾ ਮੁੱਢ ਤੋਂ ਹੀ ਚਲਦਾ ਆ ਰਿਹਾ ਹੈ। ਮਨੁੱਖ ਨੇ ਆਪਣੀਆਂ ਭਾਵਨਾਵਾਂ ਨੂੰ ਤ੍ਰਿਪਤ ਕਰਨ ਦੇ ਲਈ ਲਲਿਤ ਕਲਾਵਾਂ ਦਾ ਸਹਾਇਤਾ ਲਿਆ ਹੈ। ਸਾਹਿਤ ਨੂੰ ਆਮ ਤੌਰ ਤੇ ਦੋ ਕਿਸਮਾਂ ਵਿਚ ਰੱਖ ਸਕਦੇ ਹਾਂ :-

1. ਜ਼ੁਬਾਨੀ ਸਾਹਿਤ

2. ਲਿਖਤੀ ਸਾਹਿਤ

ਸੰਸਾਰ ਦੇ ਸਾਰੇ ਵਿਕਸਤ ਸੱਭਿਆਤਾਂਵਾਂ ਵਿਚ ਪਹਿਲਾਂ ਜ਼ੁਬਾਨੀ ਸਾਹਿਤ ਹੋਂਦ ਵਿਚ ਆਇਆ ਅਤੇ ਕਾਫ਼ੀ ਦੇਰ ਬਾਅਦ ਲਿਖਤੀ ਸਾਹਿਤਕ ਕਿਰਤਾਂ ਦੀ ਸਿਰਜਣਾ ਸ਼ੁਰੂ ਹੋਈ, ਅਸੀਂ ਦੇਖਦੇ ਹਾਂ ਕਿ ਲੋਕ ਸਾਹਿਤ ਦੀਆਂ ਬਹੁਤ ਸਮਾਂ ਤੱਕ ਪੀੜ੍ਹੀ ਦਰ ਪੀੜ੍ਹੀ ਜ਼ੁਬਾਨੀ ਹੀ ਪ੍ਰਸਾਰਿਤ ਹੁੰਦੀਆਂ ਰਹੀਆਂ ਅਤੇ ਇਹਨਾਂ ਦੇ ਅਸਲੀ ਸਾਹਿਤ ਬਾਰ ਵੀ ਸਾਨੂੰ ਕੋਈ ਬਹੁਤੀ ਜਾਣਕਾਰੀ ਨਹੀਂ "ਜਦੋਂ ਅਸੀਂ ਮਾਨਵ –ਜਾਤੀ ਦੇ ਸਮੁੱਚੇ ਸਾਹਿਤਕ

[1] ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ-9

ਵਰਤਾਰੇ ਨਜ਼ਰ ਮਾਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਸਾਹਿਤ ਦਾ ਮੁੱਢਲਾ ਪੜਾਅ ਮੌਖਿਕ ਰਚਨਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਜੋ ਲੋਕ-ਸਾਹਿਤ ਦੀ ਸਮਾਨੰਤਰ ਪਰੰਪਰਾ ਦਾ ਨਿਰਮਾਣ ਕਰਦਾ ਹੈ।"[2]

ਸਾਹਿਤ ਬਾਰੇ ਹੋਰ ਵਿਸਥਾਰ ਵਿਚ ਜਾਣ ਤੋਂ ਪਹਿਲਾਂ ਅਸੀਂ ਸਾਹਿਤ ਬਾਰੇ ਸੰਖੇਪ ਵਿਚ ਵਿਚਾਰ ਕਰਾਂਗੇ।' ਸਾਹਿਤ ਅੰਗਰੇਜ਼ੀ ਸ਼ਬਦ 'literature 'ਦਾ ਸਮਾਨਾਰਥੀ ਹੈ। ਸਾਹਿਤ ਰਚਨਾ ਬਹੁਪਰਤੀ, ਬਹੁ ਅਰਥੀ ਤੇ ਬਹੁਦ੍ਰਿਸ਼ਾਵੀ ਹੋਣ ਕਾਰਨ ਇਨਸਾਨ ਦਾ ਅਜੀਬ ਅਮਲ ਹੈ ਜੋ ਸਮਾਜ ਜੀਵਨ ਦੇ ਰੂਪਾਂਤਰਨ ਵਿਚੋਂ ਉੱਭਰਦਾ ਹੈ ਅਤੇ ਜੀਵਨ ਦੇ ਸੱਚ ਨੂੰ ਪੇਸ਼ ਕਰਦਾ ਹੈ। ਜਿਸ ਤਰ੍ਹਾਂ ਹਰ ਕਲਾ ਦਾ ਆਪਣਾ ਅਲੱਗ ਮਾਧਿਅਮ 'ਸ਼ਬਦ' ਹੈ ਅਤੇ ਸ਼ਬਦਾਂ ਦੀ ਤਰਤੀਬਵਾਰ ਕੀਤੀ ਪੇਸ਼ਕਾਰੀ ਨੂੰ ਸਾਹਿਤਕ ਕਿਰਤ ਜਾਂ ਰਚਨਾ ਕਿਹਾ ਜਾਂਦਾ ਹੈ। ਰਚਨਾ ਜਾਂ ਸਿਰਜਣਾ ਸ਼ਬਦ ਦਾ ਪ੍ਰਯੋਗ ਉਨ੍ਹਾਂ ਅਰਥਾਂ ਵਿਚ ਕੀਤਾ ਜਾਂਦਾ ਹੈ। ਜਦੋਂ ਕੋਈ ਵਿਲੱਖਣ, ਸਾਰਥਿਕ ਅਤੇ ਸੁਹਜ ਸੁਆਦ ਦੇਣ ਵਾਲੀ ਚੀਜ਼ ਜਨਮ ਲੈ ਕੇ ਸੱਚਾਈ ਦੀ ਪੇਸ਼ਕਾਰੀ ਕਰੇ। ਇਹ ਸੱਚਾਈ ਸਮਾਜਕ ਵਿਚਲੇ ਮਨੁੱਖ ਤੇ ਕੇਂਦਰਿਤ ਹੁੰਦੀ ਹੈ।ਸਾਹਿਤਕਾਰ ਵੱਲੋਂ ਸਿਰਜੇ ਮਨੁੱਖ ਭਾਵੇਂ ਚੀਜ਼ਾਂ ਸੰਸਾਰ ਦੇ ਮਨੁੱਖਾਂ ਵਰਗੇ ਜਿਉਂਦੇ ਜਾਗਦੇ ਮਨੁੱਖ ਹੁੰਦੇ ਹਨ, ਪਰ ਉਨ੍ਹਾਂ ਨੂੰ ਮਨੁੱਖ ਨਹੀਂ ਕਿਹਾ ਜਾਂਦਾ ਪਰ ਉਨ੍ਹਾਂ ਨੂੰ ਪਾਤਰ ਕਿਹਾ ਜਾਂਦਾ ਹੈ, ਕਿਉਂਕਿ ਮਨੁੱਖ ਜੀਵਨ ਜਿਉਂਦੇ ਹਨ ਅਤੇ ਪਾਤਰ ਜ਼ਿੰਦਗੀ ਦਾ ਰੋਲ ਅਦਾ ਕਰਦੇ ਹਨ। ਰਚਨਾ ਕਲਾ ਦਾ ਰਹੱਸ ਭ੍ਰਾਂਤੀ ਹੁੰਦਾ ਹੈ, ਜਿਸ ਉੱਤੇ ਸੱਚਾਈ ਦਾ ਮੁਲੰਮਾ ਚੜ੍ਹਿਆ ਹੁੰਦਾ ਹੈ।

ਸਾਹਿਤ ਵਿਚਲੇ ਸਾਹਿਤਕ ਮੁੱਲਾਂ ਨੂੰ ਪਰਖਣ ਲਈ ਚੇਤੰਨ ਪਾਠਕਾਂ ਜਾਂ ਆਲੋਚਕਾਂ ਨੇ ਸਾਹਿਤ ਅਧਿਐਨ ਲਈ ਸਮੀਖਿਆ, ਆਲੋਚਨਾ, ਸਮਾਲੋਚਨਾ, ਵਿਵੇਚਨ, ਵਿਸ਼ਲੇਸ਼ਣ, ਪਰਖ ਪੜਚੋਲ, ਮੁਲਾਂਕਣ ਆਦਿ ਸਮਾਨਾਰਥੀ ਸ਼ਬਦਾਂ ਦੇ ਰੂਪ ਵਿਚ ਅੰਗਰੇਜ਼ੀ ਸ਼ਬਦ ਕ੍ਰਿਟਿਸਜ਼ਮ ਪ੍ਰਯੋਗ ਹੈ। ਸਾਹਿਤਕ ਰਚਨਾ ਰਾਹੀ ਪੂਰਨ ਆਨੰਦ ਵਿਚ ਪਹੁੰਚਣ ਜਾਂ ਸਾਹਿਤਕ ਮੁੱਲਾਂ ਦੀ ਪਛਾਣ ਕਰਨਾ ਹੀ ਸਾਹਿਤ ਅਧਿਐਨ ਹੁੰਦਾ ਹੈ। ਅਧਿਐਨ ਤੋਂ ਬਿਨਾਂ ਸਾਹਿਤਕ ਮੁੱਲਾਂ ਦਾ ਨਿਰਖ਼ ਪਰਖ ਕਾਰਜ ਸੰਭਵ ਨਹੀਂ। ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਹਰ ਇੱਕ ਰਚਨਾ ਨੂੰ ਸਾਹਿਤ ਨਹੀਂ ਕਿਹਾ ਜਾ ਸਕਦਾ ਸਗੋਂ ਸਾਹਿਤਕ ਕਿਰਤਾਂ ਵਿਚ ਉਪਰੋਕਤ ਅਨੁਸਾਰ ਕੁੱਝ ਵਿਸ਼ੇਸ਼ ਗੁਣ ਹੁੰਦੇ ਹਨ। ਵਿਦਵਾਨਾਂ ਦੁਆਰਾ ਸਾਹਿਤ ਨੂੰ ਦੋ ਰੂਪਾਂ ਵਿਚ ਵੰਡ ਕੇ ਅਧਿਐਨ ਕੀਤੀ ਜਾਂਦਾ ਹੈ।

[2] ਉਹੀ ਪੰਨਾ-9

1. ਪਦ ਜਾਂ ਕਵਿਤਾ
2. ਗੱਦ ਜਾਂ ਵਾਰਤਕ

ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਕਵਿਤਾ ਹੋਂਦ ਵਿਚ ਆਈ। ''ਅੱਜ ਤੱਕ ਇਹ ਇੱਕ ਸਰਵ-ਪ੍ਰਮਾਣਿਤ ਮੱਤ ਹੈ ਕਿ ਦੁਨੀਆ ਦੀ ਹਰ ਭਾਸ਼ਾ ਵਿਚ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਢੇਰ ਚਿਰ ਬਾਅਦ ਜਾ ਕੇ ਕਿਤੇ ਵਾਰਤਕ ਉਪਜੀ। ਇਸ ਪਹਿਲ-ਕਦਮੀ ਦਾ ਕਾਰਨ ਬੜਾ ਸਪਸ਼ਟ ਹੈ ਅਤੇ ਉਹ ਇਹ ਕਿ ਕਵਿਤਾ 'ਦਿਲ ਦੀ ਬੋਲੀ' ਹੈ ਅਤੇ ਵਾਰਤਕ 'ਦਿਮਾਗ਼ ਦੀ ਭਾਸ਼ਾ' ਹੈ। ''[3]

'ਪ੍ਰੋ. ਪਿਆਰਾ ਸਿੰਘ ਦੁਆਰਾ ਦਿੱਤੇ ਇਸ ਤਰਕ ਤੋਂ ਸਾਹਿਤ ਦੇ ਖੇਤਰ ਵਿਚ ਦਿਲ ਤੇ ਦਿਮਾਗ਼ ਦੇ ਕਵਿਤਾ ਅਤੇ ਵਾਰਤਕ ਰਾਹੀਂ ਇਸ ਅੰਤਰ ਦਾ ਪਤਾ ਚਲਦਾ ਹੈ ਕਿ ਦਿਮਾਗ਼ ਜਿੱਥੇ ਬੌਧਿਕਤਾ ਦੀ ਗਵਾਹੀ ਦਿੰਦਾ ਹੈ, ਉੱਥੇ ਦਿਲ ਕਲਪਨਾ ਵੱਲ ਇਸ਼ਾਰਾ ਕਰਦਾ ਹੈ, ਪਰ ਦਿਲੀ ਵਲਵਲਿਆਂ ਵਿਚ ਪਰੋਈ ਕਲਪਨਾ ਨਿਰੋਲ ਮਨੋਚਿਤਵੀ ਨਹੀਂ ਹੁੰਦੀ, ਸਗੋਂ ਇਸ ਦੇ ਸਰੋਤ ਅਸਲੀਅਤ ਦੀ ਸੁਮੇਲਤਾ ਵਿਚ ਛੁਪੇ ਹੁੰਦੇ ਹਨ। ਕਵਿਤਾ ਦੇ ਅੰਤਰਗਤ ਗ਼ਜ਼ਲ, ਰੁਬਾਈ, ਗੀਤ, ਨਜ਼ਮ ਆਦਿ ਅਤੇ ਵਾਰਤਕ ਦਾ ਸ਼ੁੱਧ ਰੂਪ ਨਿਬੰਧ, ਜਨਮ-ਸਾਖੀ, ਜੀਵਨੀ, ਸਵੈ-ਜੀਵਨੀ, ਰੇਖਾ ਚਿੱਤਰ, ਇਕਾਂਗੀ-ਨਾਟਕ, ਡਾਇਰੀ, ਹੁਕਮਨਾਮੇ, ਚਿੱਠੀਆਂ, ਸੰਸਮਰਣ ਆਦਿ ਮੰਨੇ ਜਾਂਦੇ ਹਨ।'[4]

## ਕਹਾਣੀ ਦਾ ਅਰਥ ਅਤੇ ਪਰਿਭਾਸ਼ਾ

ਵਿਸ਼ਵ ਭਰ ਵਿਚ ਕਹਾਣੀ ਦੀ ਪਰੰਪਰਾ ਬੜੀ ਲੰਬੀ ਅਤੇ ਗੌਰਵਸ਼ਾਲੀ ਰਹੀ ਹੈ। ਕੁਦਰਤ ਦੇ ਇਸ ਵਾਤਾਵਰਨ ਵਿਚ ਮਨੁੱਖ ਅਤੇ ਕਹਾਣੀ ਨਾਲੋਂ ਨਾਲ ਚਲਦੀ ਹੈ। ਮਿਥਿਹਾਸ ਅਤੇ ਇਤਿਹਾਸਕ ਜਿੱਥੇ ਵੀ ਮਨੁੱਖ ਦਾ ਜੀਵਨ ਆਰੰਭ ਹੁੰਦਾ ਹੈ। ਉੱਥੇ ਹੀ ਕਹਾਣੀ ਆਰੰਭ ਹੁੰਦੀ ਹੈ। ਸ਼ੁਰੂ ਤੋ ਹੀ ਇਨਸਾਨ ਆਪਣੇ ਭਾਵ , ਵਿਚਾਰ ਅਤੇ ਆਪਣੇ ਨਾਲ ਹੋਈ ਬੀਤੀ ਘਟਨਾ ਨੂੰ ਕਿਸੇ ਦੂਜੇ ਤੱਕ ਪਹੁੰਚਣ ਲਈ ਉਤਸੁਕ ਰਿਹਾ ਹੈ। ਆਦਿ ਕਾਲ ਮਨੁੱਖ ਨੇ ਜਦੋਂ ਵੱਖ-ਵੱਖ ਤਰ੍ਹਾਂ ਦੇ ਭਾਵ ਤੇ ਉਦਗਾਰ ਪ੍ਰਗਟ ਕਰਨੇ ਹੁੰਦੇ ਸਨ ਉਸ ਨੇ ਢੁਕਵੀਆਂ ਮੁਦਰਾਵਾਂ ਤੇ ਸੰਕੇਤਾਂ ਦਾ ਸਹਾਰਾ ਲਿਆ। ਇਹ ਮੁਦਰਾਵਾਂ ਤੇ ਸੰਕੇਤ ਵਿਭਿੰਨ ਕਲਾਵਾਂ ਦੀ ਉਤਪਤੀ ਦੇ ਸ਼ੁਰੂ ਆਧਾਰ ਬਣੇ।

---

[3] ਉਹੀ ਪੰਨਾ-10

[4] ਪ੍ਰੋ. ਪਿਆਰਾ ਸਿੰਘ, ਮੱਧ ਕਾਲੀਨ ਪੰਜਾਬੀ ਕਵਿਤਾ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ 1

ਉਤਪੰਨ ਹੋਈ ਕੋਈ ਮੁਦਰਾ ਜਾਂ ਕਿਸੇ ਗੱਲ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਲੋੜ ਨੇ ਕਹਾਣੀ ਨੂੰ ਜਨਮ ਦਿੱਤਾ।ਸੰਭਵ ਹੈ ਕਿ ਸ਼ੁਰੂ ਵਿਚ ਸੰਗੀਤ, ਨ੍ਰਿਤ, ਕਵਿਤਾ ਆਦਿ ਭਾਵਾਂ ਮਨੋਭਾਵਾਂ ਵਿਚਲੇ ਉਦਗਾਰਾਂ ਦਾ ਸੰਚਾਰ ਹੀ ਕਹਾਣੀ ਦਾ ਮੂਲ ਮਾਧਿਅਮ ਬਣੇ ਹੋਣ , ਕਿਉਂਕਿ ਉਨ੍ਹਾਂ ਉਦਗਾਰ ਵਿਚ ਕਿਤੇ ਨਾ ਕਿਤੇ ਕਥਾ /ਕਹਾਣੀ ਦਾ ਅੰਸ਼ ਮੌਜੂਦ ਸੀ।

"ਸੰਸਾਰ ਦੀਆਂ ਵੱਖ-ਵੱਖ ਸੱਭਿਆਤਾਂਵਾਂ ਵਿਚ ਲਿਖਤੀ ਸਾਹਿਤ ਦੇ ਆਰੰਭ ਵੀ ਹੁੰਦਾ ਹੈ, ਭਾਵੇਂ ਇਸ ਕਥਾ ਦਾ ਸਾਹਿਤਕ ਤੇ ਕਲਾਤਮਕ ਰੂਪ ਕੋਈ ਵੀ ਰਿਹਾ ਹੋਵੇ।ਇਸ ਕਥਾ ਦਾ ਸਾਹਿਤਕ ਤੇ ਕਲਾਤਮਕ ਰੂਪ ਕੋਈ ਵੀ ਰਿਹਾ ਹੋਵੇ। ਇਸ ਕਥਾ ਦਾ ਸ਼ੁਰੂ ਰੂਪ ਕਵਿਤਾ ਹੈ ਜਾਂ ਨਾਟਕ, ਉਸ ਵਿਚ ਕਥਾ ਅਵੱਸ਼ ਸਮਾਈ ਹੋਈ ਹੈ। ਪ੍ਰਾਚੀਨ ਯੂਨਾਨੀ ਸਾਹਿਤ ਅਤੇ ਸਾਡਾ ਆਪਣਾ ਮੁੱਢਲਾ ਸੰਸਕ੍ਰਿਤੀ ਸਾਹਿਤ ਇਹ ਭਾਵੇਂ ਗੱਦ ਵਿਚ ਹੈ ਜਾਂ ਪਦ ਵਿਚ ਨਿਰੋਲ ਕਵਿਤਾ ਹੈ, ਨਾਟਕ ਹੈ ਜਾਂ ਹੋਰ ਕੋਈ ਸਾਹਿਤ ਰੂਪ, ਵਿਚ ਕਹਾਣੀ ਅਹਿਮ ਅੰਗ ਵਜੋਂ ਮੌਜੂਦ ਹੈ।"[5]ਇੱਕ ਮਿੱਥ ਦੇ ਅਨੁਸਾਰ "ਬਾਬਾ ਅਦਾਮ" ਨੂੰ ਇੱਕ ਸਜ਼ਾ ਵੱਸ ਇਸ ਧਰਤੀ ਤੇ ਭੇਜਿਆ ਗਿਆ। ਉਦੋਂ ਹੀ ਘਟਨਾ ਦਾ ਇਹ ਵਰਤਾਰਾ ਇੱਕ ਕਹਾਣੀ ਦੇ ਰੂਪ ਵਿਚ ਉਸ ਦੀ ਸੋਚ ਵਿਚ ਉੱਭਰਿਆ। ਬਾਬੇ ਆਦਮ ਮਾਈ ਹਵਾ ਨੂੰ ਦੀ ਸਿਰਜਣਾ ਨਾਲ ਉਸ ਕਹਾਣੀ ਨੇ ਸ਼ਬਦਾਂ ਦਾ ਰੂਪ ਧਾਰਿਆ। ਇਉਂ ਬਾਬੇ ਆਦਮ ਨੇ ਮਾਈ ਹਵਾ ਨੂੰ ਪਹਿਲੀ ਕਹਾਣੀ ਸੁਣਾਈ ਅਤੇ ਇਸ ਤਰ੍ਹਾਂ ਕਹਾਣੀ ਕਹਿਣ ਅਤੇ ਸੁਣਨ ਦੀ ਇਸ ਕਲਾ ਦਾ ਆਰੰਭ ਹੋਇਆ। ਇਸਲਾਮ, ਈਸਾਈ ਅਤੇ ਯਹੂਦੀ ਮੱਤ ਦੀਆਂ ਪੁਰਾਤਨ ਮਿਥਿਹਾਸ ਕਹਾਣੀਆਂ ਵਿਚ ਇਸ ਜੋੜੀ ਦਾ ਜ਼ਿਕਰ ਆਉਂਦਾ ਹੈ। ਆਦਮ ਆਪਣਾ ਤਜਰਬਾ ਆਪਣੀ ਇਸਤਰੀ ਨੂੰ ਦੱਸਦਾ ਹੈ ਤੇ ਉਹ ਵੀ ਘਰ ਬਾਰੇ ਕੁੱਝ ਗੱਲਾਂ ਤੇ ਨਵਾਂ ਤਾਜ਼ਾ ਗਿਆਨ ਉਸ ਨੂੰ ਦਿੰਦੀ ਹੈ। ਮਨੁੱਖੀ ਮਨ ਵਿਚ ਪੈਦਾ ਹੋਈ ਜਿਗਿਆਸਾ ਦੀ ਦੂਸਰੇ ਮਨੁੱਖਾਂ ਨਾਲ ਪੈਦਾ ਹੋਈ ਸਾਂਝ ਦੇ ਭਾਵ-ਬੋਧ ਵਿਚੋਂ ਹੀ ਕਹਾਣੀ ਜਨਮ ਲੈਂਦੀ ਹੈ। ਕਹਾਣੀ ਦੇ ਜਨਮ ਬਾਰੇ ਕਿਹਾ ਜਾ ਸਕਦਾ ਹੈ ਕਿ ਕਹਾਣੀ ਦੀ ਮਨੁੱਖੀ ਜੀਵਨ ਯਾਤਰਾ ਦੇ ਪੜਾਵਾਂ ਨਾਲ ਗਹਿਰੀ ਸਾਂਝ ਹੈ। ਅਤੇ ਇਹ ਮਨੁੱਖੀ ਜੀਵਨ ਦੀ ਪੁਨਰ ਸਿਰਜਨਾ ਹੈ। ਕਹਾਣੀ ਮਨੁੱਖੀ ਅਨੁਭਵ ਨੂੰ ਦੂਸਰਿਆਂ ਨਾਲ ਸਾਂਝਾ ਕਰਨ ਦੀ ਕਲਾ ਹੈ। ਕਹਾਣੀ ਦੇ ਨਿਕਾਸ ਅਜਿਹਾ ਅਨੁਭਵ ਦੀ ਵਧੀਆ ਉਦਾਹਰਨ ਸਾਨੂੰ ਪਾਕਿਸਤਾਨੀ ਪੰਜਾਬੀ ਕਹਾਣੀਕਾਰ ਅਫ਼ਜ਼ਲ ਅਹਿਸਾਨ ਰੰਧਾਵਾ ਦੀ

[5] ਰਘਬੀਰ ਸਿੰਘ, ਦਰਬਾਰਾ ਸਿੰਘ(ਸੰਪਾ.), ਕਥਾ-ਕਹਾਣੀ (ਭੂਮਿਕਾ); ਪੰਨਾ-9

ਪੁਸਤਕ "ਰੰਨ ਤਲਵਾਰ ਤੇ ਘੋੜਾ"ਦੀ ਭੂਮਿਕਾ "ਗੁਆਚੀ ਹੋਈ ਖ਼ੁਸ਼ਬੂ"ਤੋ ਮਿਲਦੀ ਹੈ, ਜਿਸ ਵਿਚ ਦੇਸ਼ ਵੰਡ ਤੋਂ ਉਪਜੇ ਸਰਾਪੇ ਸਮਿਆਂ ਦਾ ਕੌੜਾ ਅਨੁਭਵ ਉਸ ਦੀਆਂ ਕਹਾਣੀਆਂ ਵਿਚ ਕੀਰਨਿਆਂ ਦੇ ਰੂਪ ਵਿਚ ਮਿਲਦਾ ਹੈ। ਅਫ਼ਜ਼ਲ ਅਹਿਸਾਨ ਰੰਧਾਵਾ ਦਾ ਕਹਿਣਾ ਹੈ; "ਮੈਂ ਕਿਹੜੀ ਕਹਾਣੀ ਲਿਖਾਂ ? ਜੱਦੋ ਮੈਂ ਕਹਾਣੀ ਬਾਰੇ ਸੋਚਦਾ ਹੈ ਤੇ ਕਿੰਨੀਆਂ ਹੀ ਕਹਾਣੀਆਂ ਮੇਰੇ ਚਾਰ –ਚੌਫੇਰੇ ਆ ਕੇ ਖਲੋ ਜਾਂਦੀਆਂ ਨੇ। ਕਿਸੇ ਕਹਾਣੀ ਦੇ ਹੱਥ ਮਿਹਨਤ ਮੁਸ਼ੱਕਲ ਕਰਕੇ ਖੁਰਦਰੇ ਹੋ ਗਏ ਨੇ, ਕਿਸੇ ਕਹਾਣੀ ਦੇ ਵਾਲ ਮਿੱਟੀ ਵਿਚ ਮਿੱਟੀ ਹੋ ਗਏ ਨੇ। ਕਿਸੇ ਕਹਾਣੀ ਦੇ ਸਿਰ ਤੇ ਚੁੰਨੀ ਨਹੀ- ਕਿਸੇ ਕਹਾਣੀ ਦੇ ਸੋਹਣੇ ਚੀਰੇ ਤੇ ਬਾਰੂਦ ਦੀ ਸੜਾਂਦ ਤੇ ਲਹੂ ਦੇ ਦਾਗ਼ ਨੇ-ਕਿਸੇ ਕਹਾਣੀ ਦਾ ਮੱਖਣ ਵਰਗਾ ਜੁੱਸਾ ਜਹਾਜ਼ ਦੀ ਸਟ੍ਰੀਫ਼ਿਗ ਨਾਲ ਛਾਨਣੀ ਏ- ਕਿਸੇ ਕਹਾਣੀ ਦੀ ਬਾਂਹ ਵੱਢੀ ਏ- ਕਿਸੇ ਦੀ ਲੱਤ ਹੈ ਨਹੀਂ- ਕਿਸੇ ਦੀਆਂ ਅੱਖਾਂ ਟੁਰ ਗਈਆਂ- ਕਿਸੇ ਦਾ ਗੋਸ਼ਤ ਨੇਪਾਮ ਬੰਬ ਦੀ ਅੱਗ ਨਾਲ ਛਾਨਣੀ ਏ-।"[6]

ਦਰਅਸਲ ਸ਼ੁਰੂ ਵਿਚ ਮਨੁੱਖ ਵੱਲੋਂ ਆਪਣੇ ਅਨੁਭਵ ਦੂਜੇ ਮਨੁੱਖ ਨਾਲ ਇਸ਼ਾਰਿਆਂ, ਸੰਕੇਤਾਂ , ਹੂੰਝੀਆਂ, ਚੁੰਮਣਾ. ਚੀਕਾਂ ਹੌਕਿਆਂ ਆਦਿ ਰਾਹੀ ਸਾਂਝੇ ਕੀਤੇ ਜਾਂਦੇ ਰਹੇ ਹੋਣਗੇ। ਸਹਿਜੇ-ਸਹਿਜੇ ਮਨੁੱਖ ਨੇ ਜਦੋਂ ਭਾਸ਼ਾ ਨੂੰ ਜਨਮ ਦਿੱਤਾ ਤਾਂ ਮਨੁੱਖ ਦੇ ਇਨ੍ਹਾਂ ਤਜਰਬਿਆਂ ਨੇ ਸ਼ਬਦਾਂ ਦਾ ਰੂਪ ਧਾਰਿਆ। ਬਿਆਨ ਵਿਚ ਵਾਧ-ਘਾਟ ਤੇ ਕਲਪਨਾ ਦੇ ਰਲਾ ਨਾਲ ਸੁਆਦ ਤੇ ਅਨੰਦ ਦਾ ਵੀ ਮਿਸ਼ਰਨ ਹੋਣ ਲੱਗਾ ਤੇ ਇਸ ਤਰ੍ਹਾਂ ਕਹਾਣੀ ਨੇ ਇੱਕ ਹੁਨਰੀ ਕਲਾ ਦਾ ਰੂਪ ਧਾਰਿਆ ਜੋ ਲਿਖਤ ਭਾਸ਼ਾ ਦੀ ਕਲਾਤਮਕ ਅਭਿਵਿਅਕਤੀ ਦਾ ਸਿੱਟਾ ਹੈ।

ਪੰਜਾਬੀ ਕਹਾਣੀ ਦੀ ਸ਼ੁਰੂਆਤ ਵੱਡੀਆਂ ਵੱਲੋਂ ਬੱਚਿਆਂ ਨੂੰ ਕਹਾਣੀ ਸੁਣਾਉਣ ਨਾਲ ਹੋਈ ਹੈ। ਇਸ ਬਾਰੇ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਅਜਿਹੀ ਰੁਚੀ ਮਨੁੱਖ ਅੰਦਰ ਕਦੋਂ ਪੈ ਹੋਈ ? ਇਨ੍ਹਾਂ ਕਹਾਣੀਆਂ ਨੂੰ ਲੋਕ ਕਥਾਵਾਂ ਲੋਕ ਕਹਾਣੀਆਂ ਕਿਹਾ ਜਾ ਸਕਦਾ ਹੈ, ਜੋ ਕਿਸੇ ਵਿਸ਼ੇਸ਼ ਲੇਖਕ ਦੀਆਂ ਕਿਸੇ ਵਿਸ਼ੇਸ਼ ਵਰਗ ਦੀਆਂ ਜਾਂ ਕਿਸੇ ਖ਼ਾਸ ਨਾਲ ਸਮੇਂ ਨਾਲ ਸੰਬੰਧਿਤ ਨਹੀਂ ਸਨ। ਪੰਜਾਬੀ ਕਹਾਣੀ ਦਾ ਸਭ ਤੋ ਪੁਰਾਣਾ ਲਿਖਤੀ ਰੂਪ ਗੁਰੂ ਨਾਨਕ ਦੇਵ ਜੀ ਬਾਰੇ ਲਿਖੀਆਂ ਸਾਖੀਆਂ ਵਿਚ ਮਿਲਦਾ ਹੈ।

ਸਾਹਿਤ ਦੀ ਕਹਾਣੀ ਵਿਧਾ ਸਬੰਧੀ ਸਪਸ਼ਟ ਅਤੇ ਸੰਪੂਰਨ ਮੱਤ ਬਣਾਉਣ ਲਈ ਜ਼ਰੂਰੀ ਹੈ ਕਿ ਇਸ ਨੂੰ ਦੂਜੇ ਦੇਸ਼, ਕੌਮ, ਸਮਾਜ, ਭਾਸ਼ਾ ਆਦਿ ਦੇ ਸਾਹਿਤ ਝਰੋਖੇ ਵਿਚ ਪਰਖਿਆ ਜਾਵੇ। ਹਰ ਸਾਹਿਤ ਰੂਪ ਵਾਂਗ

---

[6] ਅਫ਼ਜ਼ਲ ਅਹਿਸਨ ਰੰਧਾਵਾ, ਰੰਨ ਤਲਵਾਰ ਤੇ ਘੋੜਾ; ਪੰਨਾ-11

ਪੰਜਾਬੀ ਸਾਹਿਤ ਰੂਪ ਕਹਾਣੀ ਸਬੰਧੀ ਵੀ ਪੱਛਮੀ ਚਿੰਤਕਾਂ, ਭਾਰਤੀ ਵਿਚਾਰਵਾਨਾਂ ਆਦਿ ਨੇ ਸਪਸ਼ਟ ਧਾਰਨਾਵਾਂ ਪੇਸ਼ ਕੀਤੀਆਂ ਹਨ। ਉਨ੍ਹਾਂ ਧਾਰਨਾਵਾਂ ਜਾਂ ਪਰਿਭਾਸ਼ਾਵਾਂ ਨੂੰ ਪੰਜਾਬੀ ਬੁੱਧੀਜੀਵੀਆਂ ਦੇ ਉਨ੍ਹਾਂ ਵਿਚਾਰਾਂ ਜਾਂ ਕਹਾਣੀ ਸਬੰਧੀ ਦਿੱਤੀਆਂ ਸੰਖੇਪ ਅੰਤਰ-ਦ੍ਰਿਸ਼ਟੀ ਆ ਵਿਚ ਸਮਝ ਤੇ ਵਿਚਾਰ ਲਿਆ ਜਾਵੇ ਤਾਂ ਕਹਾਣੀ ਦਾ ਇੱਕ ਸਫਲ ਸਿਧਾਂਤਕ ਸਰੂਪ ਤਿਆਰ ਹੋ ਸਕਦਾ ਹੈ।

## 1. ਵਿਦੇਸ਼ੀ ਚਿੰਤਕਾਂ ਅਨੁਸਾਰ

ਐਚ. ਜੀ. ਵੇਲਜ਼ ਅਨੁਸਾਰ :- "ਤਿੰਨ ਸੌ ਤੋ ਲੈ ਕੇ ਤਿੰਨ ਹਜ਼ਾਰ ਸ਼ਬਦਾਂ ਦਾ ਉਹ ਮਨੋਰੰਜਨ ਗੱਦ ਜਿਸ ਨੂੰ ਪੜ੍ਹਨ ਵਿਚ ਪੰਦਰਾਂ ਤੋਂ ਪੰਜਾਹ ਮਿੰਟ ਲੱਗਣ ਅਤੇ ਪੜ੍ਹਦੇ ਸਮੇਂ ਪਾਠਕ ਉਕਤਾ ਵੇ ਨਾ ਅਤੇ ਇੱਕੋ ਬੈਠਕ ਵਿਚ ਪੜ੍ਹ ਲੈਣਾ ਚਾਹੇ ਕਹਾਣੀ ਹੈ।"[7]

ਵਿਲੀਅਮ ਸਰੋਅਨ ਵੀ ਕਹਾਣੀ ਵਿਚ ਪਹਿਲਾਂ ਸਮੇਂ ਦੀ ਪਾਬੰਦੀ ਦੱਸਦਾ ਹੈ।"ਉਹ ਪੰਝੀ ਸੌ ਤੋ ਦਸ ਹਜ਼ਾਰ ਸ਼ਬਦਾਂ ਵਾਲੀ ਗਲਪ-ਰਚਨਾ ਨੂੰ ਨਿੱਕੀ ਕਹਾਣੀ ਅਤੇ ਦਸ ਹਜ਼ਾਰ ਸ਼ਬਦਾਂ ਤੋਂ ਵੱਧ ਵਾਲੀ ਗਲਪ ਕ੍ਰਿਤ ਨੂੰ ਲੰਮੀ ਕਹਾਣੀ ਮੰਨਦਾ ਹੈ।"[8]

ਉਸ ਅਨੁਸਾਰ ਨਿੱਕੇ-ਨਾਵਲ ਦੀ ਲੰਬਾਈ ਵੀਹ ਹਜ਼ਾਰ ਸ਼ਬਦਾਂ ਤੋ ਵੱਧ ਹੁੰਦੀ ਹੈ। ਪਰ ਫਿਰ ਉਹ ਆਪ ਹੀ ਆਪਣੀ ਰਾਏ ਨੂੰ ਰੱਦ ਕਰਦਾ ਹੋਇਆ ਕਹਿੰਦਾ ਹੈ ਕਿ ਇਸ ਤਰ੍ਹਾਂ ਦੇ ਮਾਪ ਨਿਯਮ ਨਿਰਾਰਥਕ ਹਨ।

ਡਬਲਿਊ. ਐਚ. ਹਡਸਨ ਅਨੁਸਾਰ:-"ਇੱਕ ਨਿੱਕੀ ਕਹਾਣੀ ਲਈ ਜ਼ਰੂਰੀ ਹੈ ਕਿ ਇਸ ਵਿਚ ਸਿਰਫ਼ ਤੇ ਇੱਕੋ ਸੂਚਨਾ ਮਈ ਵਿਚਾਰ ਹੋਵੇ ਤੇ ਉਹ ਵਿਚਾਰ ਕਿਸੇ ਨਿਆਂ-ਸੰਗਤ ਜੁਗਤੀ ਨਾਲ ਇਸ ਤਰ੍ਹਾਂ ਸਮਾਇਆ ਹੋਵੇ ਕਿ ਉਸ ਵਿਚੋਂ ਪ੍ਰਭਾਵ ਦੀ ਏਕਤਾ ਦਾ ਝਲਕਾਰਾ ਪਵੇ।"[9]

ਰਿਚਰਡਜ਼ ਅਨੁਸਾਰ:-"ਕਹਾਣੀ ਲਈ ਜ਼ਰੂਰੀ ਹੈ ਕਿ ਉਹ ਮੂਲ ਸਚਿਆਈਆਂ , ਘਟਨਾਵਾਂ, ਪਾਤਰਾਂ ਅਤੇ ਅਸਥਾਨਾਂ ਨੂੰ ਪੇਸ਼ ਕਰਨ ਵਿਚ ਰੁਮਾਂਚਕ ਅਤੇ ਸਰੋਦੀ ਹੋਵੇ, ਨਾ ਕਿ ਉਨ੍ਹਾਂ ਦਾ ਕੇਵਲ ਫ਼ੋਟੋ ਚਿੱਤਰ ਅਤੇ ਇਹ ਸਚਿਆਈਆਂ ਅਵੱਸ਼ ਅਜਿਹੇ ਸੰਕੇਤ ਤੇ ਚਿੰਨ੍ਹ ਹੋਣ ਜਿਹੜੇ ਕਲਪਨਾ ਨੂੰ ਵਿਸ਼ਾਲ ਗ੍ਰਹਿਣ ਲਈ ਉਤੇਜਿਤ

---

[7] ਉਧਰਿਤ: ਡਾ. ਜੀਤ ਸਿੰਘ ( ਸੰਪਾ .), ਕਹਾਣੀ ਸਿਧਾਂਤ ਤੇ ਆਲੋਚਨਾਂ ; ਪੰਨਾ 28

[8] William Saroyan , story: cassell 's cassell's Encylopaedia of literature; page 505

[9] ਉਧਰਿਤ: ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ ਸਿਧਾਂਤ ਤੇ ਵਿਕਾਸ: ਪੰਨਾ-17-18

ਕਰਨ ਜਾਂ ਫਿਰ ਡੂੰਘੀ ਸੁਚੇਤਤਾ ਨੂੰ ਉਭਾਰਨ, ਜਿਹੜੀ ਕਹਾਣੀ ਦੇ ਲੋਕਟ ਵਿਚ ਬੰਦ ਪਏ ਛੋਟੇ-ਛੋਟੇ ਵੇਰਵੇ ਤੇ ਵਿਸਥਾਰ ਨੂੰ ਰੂਪਮਾਨ ਕਰ ਕੇ ਉਸ ਨੂੰ ਸਰਬ ਸੰਸਾਰੀ ਮਹੱਤਤਾ ਬਖ਼ਸ਼ ਦੇਵੇ।"

ਰੂਸੀ ਲੇਖਕ ਟਾਲਸਟਾਇ "ਵਿਸ਼ੇ ਦੀ ਏਕਤਾ"ਉੱਤੇ ਬਲ ਦਿੰਦਾ ਹੋਇਆ ਕਹਿੰਦਾ ਹੈ; "ਇੱਕ ਗਲਪਕਾਰ ਨੂੰ ਜੀਵਨ ਦੇ ਚੰਗੇ ਮੰਦੇ ਦੀ ਸਪਸ਼ਟ ਸੂਝ ਤੇ ਪੱਕੀ ਪਰਖ ਹੋਣੀ ਚਾਹੀਦੀ ਹੈ। ਉਸ ਨੂੰ ਪਾਤਰਾਂ ਤੇ ਅਵਸਥਾ ਜਾਂ ਕਾਰਜ ਦੀ ਏਕਤਾ ਰੱਖਣ ਦੀ ਥਾਂ ਆਪਣੇ ਆਚਰਨ ਵਤੀਰੇ ਨਾਲ ਵਿਸ਼ੇ ਦੀ ਏਕਤਾ ਰੱਖਣੀ ਵਧੇਰੇ ਲੋੜੀਂਦੀ ਹੈ।"

## 2. **ਭਾਰਤੀ ਚਿੰਤਕਾਂ ਅਨੁਸਾਰ** :

ਡਾ. ਰਾਧਾ ਕ੍ਰਿਸ਼ਨ ਦੇ ਅਨੁਸਾਰ :-"ਸਾਡਾ ਦੇਸ਼ ਬਾਹਰੋਂ ਆਏ ਪ੍ਰਭਾਵਾਂ ਜਾਂ ਖ਼ਿਆਲਾਂ ਨੂੰ ਅਨੁਭਵ ਕਰਨੋਂ ਕਦੀ ਵੀ ਪਿੱਛੋਂ ਨਹੀਂ ਰਿਹਾ, ਪ੍ਰੰਤੂ ਇਹਨਾਂ ਸਭ ਖ਼ਿਆਲਾਂ ਨੂੰ ਇਹ ਇੱਕ ਵਿਸ਼ੇਸ਼ ਰੰਗ ਅਵੱਸ਼ ਦਿੰਦਾ ਹੈ ਅਤੇ ਉਨ੍ਹਾਂ ਵਿਚਾਰਾਂ ਤੇ ਇਸ ਦੀ ਇੱਕ ਨਿੱਜੀ ਛਾਪ ਅਵੱਸ਼ ਹੁੰਦੀ ਹੈ। ਇਹ ਕਥਨ ਭਾਰਤੀ ਕਹਾਣੀ ਤੇ ਵੀ ਠੀਕ ਢੁੱਕਦਾ ਹੈ। ਭਾਰਤੀ ਕਹਾਣੀ ਸਾਹਿਤ ਨੇ ਬੇਸ਼ੱਕ ਬਾਹਰਲਾ ਅਸਰ ਕਬੂਲ ਕੀਤਾ, ਪ੍ਰੰਤੂ ਉਸ ਵਿਚ ਦੇਸ਼ ਦੀ ਮਿੱਟੀ ਦੀ ਸੁਗੰਧੀ ਵੀ ਆਉਂਦੀ ਹੈ।"[10]

ਮੁਨਸ਼ੀ ਪ੍ਰੇਮ ਚੰਦ ਦੇ ਅਨੁਸਾਰ:- "ਕਹਾਣੀ ਇੱਕ ਅਜਿਹੀ ਕਵਿਤਾ ਹੈ, ਜਿਸ ਵਿਚ ਜੀਵਨ ਦੇ ਇੱਕ ਅੰਗ ਜਾਂ ਭਾਵ ਦਾ ਪ੍ਰਦਰਸ਼ਨ ਹੁੰਦਾ ਹੈ।"[11]

ਡਾ. ਜਗਨਨਾਥ ਪ੍ਰਸਾਦ ਅਨੁਸਾਰ :-"ਕਹਾਣੀ ਜੀਵਨ ਸੁੰਦਰਤਾ ਦੇ ਇੱਕ ਅੰਗ ਦਾ ਰਹੱਸਪੂਰਨ ਵਰਣਨ ਹੈ।"[12]

ਡਾ. ਗਿਆਨ ਚੰਦ ਸ਼ਰਮਾ ਅਨੁਸਾਰ:-"ਕਹਾਣੀ ਲੇਖਕ ਤੇ ਪਾਠਕ ਦਰਮਿਆਨ ਬੋਧਾਤਮਕ ਪੱਧਰ ਤੇ ਸਬੰਧ ਸੂਤਰ ਸਥਾਪਤ ਕਰਨ ਵਾਲੀ ਵਿਧਾਂ ਹੈ।"[13]

## **3. ਪੰਜਾਬੀ ਚਿੰਤਕਾਂ ਅਨੁਸਾਰ :**

---

[10] Dr . Radha krishanan, Indian philosophy; page

[11] ਮੁਨਸ਼ੀ ਪ੍ਰੇਮ ਚੰਦ, ਕਹਾਲੀ ਕਾ ਰਚਨਾ ਵਿਧਾਨ; ਪੰਨਾ-10

[12] ਡਾ. ਜੀਤ ਸਿੰਘ ਸ਼ੀਤਲ ( ਸੰਪਾ.), ਉਹੀ: ਪੰਨਾ -28

[13] ਉਹੀ ਪੰਨਾ-28

ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ:- "ਕਹਾਣੀ ਕਰਤਾ ਦੀ ਕਲਪਨਾ ਅੰਦਰ ਇੱਕ ਹਲਚਲ ਜਿਹੀ ਮਚਾ ਦਿੰਦੀ ਹੈ। ਬਹਾਰ ਆਉਣਾ ਲੋਚਦੀ ਹੈ ਅਤੇ ਲਿਖਣ ਲਈ ਕਸ਼ਮਕਸ਼ ਕਰਦੀ ਹੈ।"[14]

ਅੰਮ੍ਰਿਤਾ ਪ੍ਰੀਤਮ ਅਨੁਸਾਰ:- "ਕਵਿਤਾ ਉੱਠਦੀਆਂ ਧੁੰਦ ਵਾ ਕੂਰ ਇੱਕ ਦਮ ਉੱਠ ਖਲੋਂਦੀ ਹੈ, ਭਾਵੇਂ ਸਾਵਣ ਦੀ ਬੱਦਲੀ ਵਾਂਗ ਚੜ੍ਹਦੀ ਕਿਤੋਂ ਤੇ ਵਰ੍ਹਦੀ ਕਿਤੇ ਹੈ ਤੇ ਕਹਾਣੀ ਖਜੂਰ ਵਾਂਗ ਹੌਲੇ-ਹੌਲੇ ਪੱਕਦੀ ਹੈ।"[15]

ਸੰਤ ਸੇਖੋਂ ਦੇ ਅਨੁਸਾਰ:- "ਕਹਾਣੀ ਵਿਚ ਇੱਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ। ਇੱਕ ਸੰਗੀਨ ਦੀ ਚੁੰਝ ਵਰਗੀ, ਇੱਕ ਤੀਰ ਦੀ ਚੁੰਝ ਵਰਗੀ ਜੋ ਸਿੱਧੀ ਸੁਣਨ ਪੜ੍ਹਨ ਵਾਲਿਆਂ ਦੇ ਦਿਲਾਂ ਵਿਚ ਖੁੱਭ ਜਾਵੇ।"[16]

ਮੋਪਾਸਾ ਦੇ ਅਨੁਸਾਰ:- "ਨਿੱਕੀ ਕਹਾਣੀ ਦਾ ਇੱਕ ਨਿਸ਼ਚਿਤ ਮੁੱਢ, ਮੱਧ ਤੇ ਅੰਤ ਹੋਣਾ ਚਾਹੀਦਾ ਹੈ।"[17]

ਡਾ. ਦਲੀਪ ਕੌਰ ਟਿਵਾਣਾ ਦੇ ਅਨੁਸਾਰ:- "ਨਿੱਕੀ ਕਹਾਣੀ ਆਧੁਨਿਕ ਮਨੁੱਖ ਦੀ ਚੇਤਨ ਸਾਹਿਤਕ ਸਿਰਜਣਾ ਹੈ, ਜਿਸ ਵਿਚ ਹੱਡ ਮਾਸ ਦੀ ਸਥੂਲ ਧਰਤੀ ਤੋ ਲੈ ਕੇ ਰੂਹ ਦੀ ਤਿੰਨਾਂ ਕਾਲਾਂ ਤੋਂ ਉੱਪਰ ਦੀ ਉਡਾਣ ਤੱਕ ਦੀ ਗੱਲ ਹੋ ਸਕਦੀ ਹੈ।"[18]

ਡਾ. ਸਵਿੰਦਰ ਸਿੰਘ ਉੱਪਲ ਦੇ ਅਨੁਸਾਰ:- "ਕਲਾਤਮਕ ਨਵੀਨ ਨਿੱਕੀ ਕਹਾਣੀ ਗਲਪ ਦਾ ਇੱਕ ਉਹ ਨਵੀਨ ਰੂਪ ਹੈ ਜੋ ਕਲਾਤਮਕ ਗੋਂਦ ਰਾਹੀਂ ਕਿਸੇ ਇੱਕ ਮੁਖੀ ਘਟਨਾ ਜਾਂ ਇੱਕ ਮੁਖੀ ਪਾਤਰ ਦਾ ਨਾਟਕੀ ਬਿਆਨ, ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਤੇ ਇਕਹਿਰਾ ਹੋ ਨਿੱਬੜਦਾ ਹੈ।"[19]

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਕਹਾਣੀ ਆਪਣਾ ਪਸਾਰਾ ਬਾਹਰ ਨੂੰ ਬਹੁਤਾ ਨਾ ਖਿਲਾਰਨ ਕਰ ਕੇ ਆਕਾਰ ਵਿਚ ਨਿੱਕੀ ਪਰ ਵਿਚਾਰ ਵਿਚ ਡੂੰਘੀ ਹੁੰਦੀ ਹੈ। ਸਮੁੱਚੀ ਵਿਚਾਰ ਚਰਚਾ ਤੋਂ ਪਤਾ ਲਗਦਾ ਹੈ ਕਿ ਵੱਖੋ-ਵੱਖਰੇ ਲੇਖਕਾਂ ਦੀਆਂ ਕਹਾਣੀ ਸਬੰਧੀ ਪੇਸ਼ ਧਾਰਨਾਵਾਂ ਜਾਂ ਪਰਿਭਾਸ਼ਾਵਾਂ ਸਹੀ ਹੁੰਦਿਆਂ ਹੋਇਆਂ ਵੀ

---

[14] ਉਧਰਿਤ: ਗੁਰਬਖ਼ਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਤੇ ਪੰਜਾਬੀ ਨਿੱਕੀ ਕਹਾਣੀ; ਪੰਨਾ -18

[15] ਉਧਰਿਤ: ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ: ਸਰੂਪ ਸਿਧਾਂਤ ਤੇ ਵਿਕਾਸ: ਪੰਨਾ-16

[16] ਉਹੀ ਪੰਨਾ-16

[17] ਉਹੀ ਪੰਨਾ-16

[18] ਉਹੀ ਪੰਨਾ-18

[19] ਉਹੀ ਪੰਨਾ-18

ਪੂਰੀਆਂ ਠੀਕ ਨਹੀਂ ਜਾਪਦੀਆਂ। ਜਿਸ ਦਾ ਅਹਿਮ ਕਾਰਨ ਇਹ ਹੈ ਕਿ ਹਰ ਪਰਿਭਾਸ਼ਾ ਜਿੱਥੇ ਇੱਕ ਜਾਂ ਇੱਕ ਤੋ ਵਧੇਰੇ ਲੱਛਣਾਂ ਪਛਾਣ ਚਿੰਨ੍ਹਾਂ ਨੂੰ ਜ਼ਰੂਰੀ ਦੱਸਦੀ ਹੈ, ਉੱਥੇ ਕੁੱਝ ਅਜਿਹੇ ਲੱਛਣਾਂ ਨੂੰ ਗੌਲ਼ਦੀ ਹੀ ਨਹੀਂ ਜੋ ਜ਼ਰੂਰੀ ਜਾਪਦੇ ਹਨ।

## ਕਹਾਣੀ ਦੇ ਤੱਤ:

### ਕਥਾ ਵਸਤੂ

ਕਥਾ ਵਸਤੂ ਕਹਾਣੀ ਦਾ ਪ੍ਰਮੁੱਖ ਤੱਤ ਹੈ। ਇਸ ਨੂੰ ਕਹਾਣੀ ਦਾ ਪਲਾਟ ਜਾਂ ਗੋਂਦ ਵੀ ਕਿਹਾ ਜਾਂਦਾ ਹੈ। ਮਨੁੱਖੀ ਜੀਵਨ ਦੀ ਹਰ ਇੱਕ ਘਟਨਾ ਕਹਾਣੀ ਦਾ ਕਥਾ –ਵਸਤੂ ਬਣਨ ਦੀ ਸੰਭਾਵਨਾ ਰੱਖਦੀ ਹੈ। ਕਹਾਣੀ ਦਾ ਉਦੇਸ਼ ਕਿਉਂਕਿ ਜੀਵਨ ਦੇ ਕਿਸੇ ਪੱਖ ਜਾਂ ਮਨੁੱਖੀ ਸੁਭਾ ਦੇ ਕਿਸੇ ਵਿਸ਼ੇਸ਼ ਪੱਖ ਉੱਤੇ ਰੌਸ਼ਨੀ ਪਾਉਣਾ ਹੁੰਦਾ ਹੈ। ਇਸ ਕਰ ਕੇ ਕਹਾਣੀ ਸਾਡਾ ਜੀਵਨ ਨਾਲ ਵੱਧ ਤੋਂ ਵੱਧ ਸੰਬੰਧ ਰੱਖਦੀ ਹੈ। ਇਸ ਲਈ ਕਹਾਣੀ ਵਿਚ ਲਗਭਗ ਹਰ ਪ੍ਰਕਾਰ ਦੇ ਵਿਸ਼ੇ ਨੂੰ ਛੋਹਿਆ ਜਾ ਸਕਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਜੀਵਨ ਦੇ ਅਰਥਹੀਣ ਛੰਨਾਂ ਦਾ ਵੀ ਵਰਣਨ ਕੀਤਾ ਜਾ ਹੈ। ਕਹਾਣੀ ਵਿਚ ਰੋਚਿਕਤਾ ਅਤੇ ਪ੍ਰਭਾਵ ਸ਼ੀਲਤਾ ਦਾ ਹੋਣਾ ਜ਼ਰੂਰੀ ਹੈ ਤੇ ਇਹ ਤਾਂ ਹੀ ਸੰਭਵ ਹੈ, ਜੇਕਰ ਕਹਾਣੀ ਸਾਡੇ ਰੋਜ਼ਾਨਾ ਜੀਵਨ ਦੀਆਂ ਅਜਿਹੀਆਂ ਸਥਿਤੀਆਂ ਨੂੰ ਬਿਆਨ ਕਰੇ , ਜੋ ਪ੍ਰਭਾਵਸ਼ਾਲੀ ਵੀ ਹੋਣ ਅਤੇ ਸਧਾਰਨ ਵੀ। ਜਿਸ ਤਰ੍ਹਾਂ ਸੁਜਾਨ ਸਿੰਘ ਦੀ ਕਹਾਣੀ ' ਕੁਲਫ਼ੀ ' ਵਿਚ ਬੱਚੇ ਦੀ ਕੁਲਫ਼ੀ ਪ੍ਰਾਪਤ ਕਰਨ ਦੀ ਕਿਰਿਆ ਨੂੰ ਪ੍ਰਭਾਵਸ਼ਾਲੀ ਪ੍ਰਸੰਗ ਪ੍ਰਦਾਨ ਕਰ ਕੇ ਸ਼ੋਸ਼ਿਤ ਵਰਗ ਦੀ ਹੋ ਰਹੀ ਲੁੱਟ ਦਾ ਯੋਗ ਹੱਲ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਕਹਾਣੀ ਦਾ ਕਥਾਨਕ ਸੰਖੇਪ ਤੇ ਸਰਲ ਹੁੰਦਾ ਹੈ। ਇਸ ਦਾ ਆਰੰਭ ਆਮ ਕਰ ਕੇ ਬੜਾ ਨਾਟਕੀ ਹੁੰਦਾ ਹੈ ਅਤੇ ਕਹਾਣੀ ਪਹਿਲੇ ਵਾਕ ਵਿਚ ਹੀ ਸਮੱਸਿਆ ਦੀ ਸੂਚਨਾ ਦੇ ਦਿੰਦੀ ਹੈ। ਫਿਰ ਕਹਾਣੀ ਮਘਦੇ ਕਾਰਜ ਨਾਲ ਆਪਣੇ ਸਿਖਰ ਵੱਲ ਵਧਦੀ ਹੈ। ਉਸ ਦਾ ਅੰਤ ਝਟਪਟ , ਸੁਝਾਊ ਤੇ ਹੈਰਾਨੀਜਨਕ ਹੁੰਦਾ ਹੈ ਅਤੇ ਬਹੁਤਾ ਕੁੱਝ ਪਾਠਕਾਂ ਦੀ ਕਲਪਨਾ ਤੇ ਕਲਪਨਾ ਤੇ ਛੱਡ ਦਿੱਤਾ ਜਾਂਦਾ ਹੈ। ਇਸ ਤਰਾਹ ਕਹਾਣੀ ਦੀ ਗੋਂਦ ਪੀਡੀ ਤੇ ਚੁਸਤ ਹੁੰਦੀ ਹੈ, ਨਾਵਲ ਵਾਂਗ ਢਿੱਲੀ ਤੇ ਗੁੰਝਲਦਾਰ ਨਹੀਂ ਹੁੰਦੀ। ਇਸ ਮੰਤਵ ਲਈ ਕਹਾਣੀ ਦਾ ਕਥਾਨਕ ਸੰਜਮ ਤੇ ਸੰਖੇਪਤਾ ਦਾ ਧਾਰਨੀ ਹੋਣਾ ਚਾਹੀਦਾ ਹੈ।

## ਪਾਤਰ -ਚਿਤਰਨ

ਪਾਤਰ-ਚਿਤਰਨ ਦਾ ਕਹਾਣੀ ਵਿਚ ਮਹੱਤਵਪੂਰਨ ਸਥਾਨ ਹੈ। ਭਾਵੇਂ ਕਹਾਣੀ ਵਿਚ ਮਹੱਤਵਪੂਰਨ ਸਥਾਨ ਹੈ। ਭਾਵੇਂ ਕਹਾਣੀ ਵਿਚ ਘਟਨਾਵਾਂ ਦੀ ਆਪਣੀ ਵਿਸ਼ੇਸ਼ਤਾ ਹੁੰਦੀ ਹੈ, ਪਰ ਘਟਨਾਵਾਂ ਕਦੇ ਵੀ ਆਪਣੇ ਆਪ ਨਹੀਂ ਵਾਪਰ ਸਕਦੀਆਂ। ਕਹਾਣੀਕਾਰ ਘਟਨਾ ਨੂੰ ਪ੍ਰਸੰਗ ਵਿਚ ਪੇਸ਼ ਕਰਦਾ ਹੈ ਅਤੇ ਅਜਿਹਾ ਪ੍ਰਸੰਗ ਦੇਣ ਲਈ ਹੀ ਉਹ ਪਾਤਰਾਂ ਦੀ ਸਿਰਜਣਾ ਕਰਦਾ ਹੈ।ਇਸ ਕਰ ਕੇ ਪਾਤਰ-ਚਿਤਰਨ ਦੀ ਸਫਲਤਾ ਦੇ ਆਧਾਰ ਉੱਤੇ ਹੀ ਕਹਾਣੀ ਦੀ ਸਫਲਤਾ ਨਿਰਭਰ ਕਰਦੀ ਹੈ।

ਕਹਾਣੀ ਵਿਚ ਪਾਤਰਾਂ ਦੀ ਗਿਣਤੀ ਜ਼ਿਆਦਾ ਨਹੀਂ ਹੁੰਦੀ। ਕਹਾਣੀ ਦਾ ਆਕਾਰ ਛੋਟਾ ਹੋਣ ਕਰ ਕੇ ਉਸ ਵਿਚ ਘੱਟ ਪਾਤਰ ਹੀ ਸਮਾ ਸਕਦੇ ਹਨ। ਵਧੇਰੇ ਪਾਤਰ ਆਪਣੇ ਚਰਿੱਤਰ ਦਾ ਵਿਸਤਾਰ ਸਹਿਤ ਪ੍ਰਗਟਾ ਕਰਨ ਦੇ ਸਮਰੱਥ ਨਹੀਂ ਹੁੰਦੇ, ਇਸ ਕਰ ਕੇ ਕਹਾਣੀ ਵਿਚ ਪਾਤਰਾਂ ਦੀ ਗਿਣਤੀ ਘੱਟ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਜ਼ਰੂਰੀ ਹੈ ਕਿ ਸਿਰਫ਼ ਖ਼ਾਸ ਪਾਤਰਾਂ ਦੇ ਚਰਿੱਤਰ ਨੂੰ ਹੀ ਸਮੁੱਚੀਆਂ ਸੰਭਾਵਨਾਵਾਂ ਨਾਲ ਨਿਖਾਰਿਆ ਜਾਵੇ, ਤਾਂ ਜੋ ਕਹਾਣੀ ਦੇ ਨਿਸ਼ਚਿਤ ਆਕਾਰ ਵਿਚ ਜੀਵਨ ਦਾ ਇੱਕ ਸਜੀਵ ਬਿੰਬ ਪੇਸ਼ ਕੀਤਾ ਜਾ ਸਕੇ।

## ਵਾਰਤਾਲਾਪ

ਵਾਰਤਾਲਾਪ ਦਾ ਕਹਾਣੀ ਵਿਚ ਪ੍ਰਮੁੱਖ ਸਥਾਨ ਹੈ, ਕਿਉਂਕਿ ਕਥਾਨਕ ਦੇ ਵਿਸਤਾਰ ਅਤੇ ਪਾਤਰ-ਚਿਤਰਨ ਦਾ ਪ੍ਰਮੁੱਖ ਆਧਾਰ ਵਾਰਤਾਲਾਪ ਹੀ ਬਣਦੇ ਹਨ। ਵਾਰਤਾਲਾਪਾਂ ਦੁਆਰਾ ਪਾਤਰਾਂ ਦੇ ਚਿਤਰਨ ਵਿਚ ਵਿਲੱਖਣਤਾ ਅਤੇ ਸੁਭਾਵਿਕਤਾ ਆਉਂਦੀ ਹੈ ਅਤੇ ਇਹ ਵਰਣਨ ਵੀ ਰੋਚਕ ਤੇ ਰਵਾਨੀ ਭਰਪੂਰ ਬਣ ਜਾਂਦਾ ਹੈ।ਕਹਾਣੀ ਵਿਚ ਲੋੜੀਂਦਾ ਵਾਤਾਵਰਨ ਵਾਰਤਾਲਾਪਾਂ ਰਾਹੀ ਹੀ ਉਸਾਰਿਆ ਜਾ ਸਕਦਾ ਹੈ, ਜਿਸ ਨਾਲ ਕਹਾਣੀ ਵਿਚ ਸੁਭਾਵਿਕਤਾ ਅਤੇ ਯਥਾਰਥਕਤਾ ਦੇ ਗੁਣ ਪੈਦਾ ਹੁੰਦੇ ਹਨ।

ਵਾਰਤਾਲਾਪ ਚੁਸਤ , ਸੁਭਾਵਿਕ ਅਤੇ ਪਾਤਰਾਂ ਦੇ ਅਨੁਕੂਲ ਹੋਣੇ ਚਾਹੀਦਾ ਹਨ। ਇਹਨਾਂ ਦਾ ਪਾਤਰਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਇਨ੍ਹਾਂ ਦਾ ਪਾਤਰਾਂ ਦੀ ਮਨੋ-ਦਸ਼ਾ, ਗੁਣਾਂ-ਔਗੁਣਾਂ, ਸ਼ਖ਼ਸੀਅਤ ਅਤੇ ਯੋਗਤਾਵਾਂ ਦੇ ਅਨੁਕੂਲ ਹੋਣਾ ਵੀ ਲਾਜ਼ਮੀ ਹੈ। ਲੰਮੇ-ਲੰਮੇ ਵਾਤਾਵਰਨ ਅਤੇ ਸੁਸਤ ਗਤੀ ਦਾ ਵਾਤਾਵਰਨ –ਚਿਤਰਨ ਕਹਾਣੀ ਦੀ ਪਭਾਵਸ਼ੀਲਤਾ ਨੂੰ ਘਟਾਉਂਦਾ ਹੈ।

## ਵਾਤਾਵਰਨ

ਕਹਾਣੀ ਵਿਚ ਵਾਤਾਵਰਨ ਤੇ ਦ੍ਰਿਸ਼ –ਚਿਤਰਨ ਦਾ ਵੀ ਆਪਣਾ ਮਹੱਤਵ ਹੈ। ਕਹਾਣੀ ਕਿਉਂਕਿ ਜੀਵਨ ਦੀ ਘਟਨਾ ਜਾਂ ਪਰਸਥਿਤੀ ਦਾ ਭਾਵੁਕ ਪ੍ਰਗਟਾਅ ਹੁੰਦੀ ਹੈ ਜਿਸ ਕਰ ਕੇ ਉਸ ਵਿਸ਼ੇਸ਼ ਘਟਨਾ ਨੂੰ ਸਮੁੱਚੇ ਵਾਤਾਵਰਨ ਦੇ ਚਿਤਰਨ ਦੁਆਰਾ ਪੇਸ਼ ਕਰਨ ਨਾਲ ਕਹਾਣੀ ਵਿਚ ਯਥਾਰਥਕਤਾ ਅਤੇ ਸੁਭਾਵਿਕਤਾ ਦੇ ਗੁਣ ਪੈਦਾ ਹੁੰਦੇ ਹਨ। ਦ੍ਰਿਸ਼-ਚਿਤਰਨ ਦਾ ਕਹਾਣੀ ਵਿਚ ਵਿਸ਼ੇਸ਼ ਸਥਾਨ ਹੈ। ਪੰਜਾਬੀ ਕਹਾਣੀ ਵਿਚ ਸੰਤੋਖ ਸਿੰਘ ਧੀਰ, ਵਰਿਆਮ ਸੰਧੂ , ਬਲਦੇਵ ਸਿੰਘ, ਪ੍ਰੇਮ ਗੋਰਖੀ ਤੇ ਮੁਖ਼ਤਿਆਰ ਗਿੱਲ ਆਦਿ ਦੀਆਂ ਕਹਾਣੀਆਂ ਵਿਚ ਵਾਤਾਵਰਨ ਵਿਸ਼ੇਸ਼ ਸਫਲਤਾ ਨਾਲ ਚਿਤਰਿਆ ਮਿਲਦਾ ਹੈ। ਵਰਿਆਮ ਸੰਧੂ ਨੇ ਆਪਣੀ ਪ੍ਰਸਿੱਧ ਕਹਾਣੀ ' ਭੱਜੀਆਂ ਬਾਹੀ 'ਵਿਚ ਘਰ ਦੀ ਸਮੱਸਿਆ ਨੂੰ , ਪੰਜਾਬ ਦੀ ਵਰਤਮਾਨ ਸਮੱਸਿਆ ਦੇ ਦ੍ਰਿਸ਼ਾਂ ਰਾਹੀ ਪੇਸ਼ ਕਰ ਕੇ ਇਤਿਹਾਸਕ ਤੇ ਸਭਿਆਚਾਰਕ ਪ੍ਰਸੰਗ ਵਿਚ ਅਰਥ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ।

## ਭਾਸ਼ਾ ਤੇ ਸ਼ੈਲੀ

ਭਾਸ਼ਾ ਅਤੇ ਸ਼ੈਲੀ ਦਾ ਕਹਾਣੀ ਦੀ ਰਚਨਾ ਵਿਚ ਵਿਸ਼ੇਸ਼ ਮਹੱਤਵ ਹੈ। ਭਾਸ਼ਾ ਅਤੇ ਸ਼ੈਲੀ ਸਾਹਿਤ ਸਿਰਜਣਾ ਦੇ ਪ੍ਰਮੁੱਖ ਸਾਧਨ ਹੁੰਦੇ ਹਨ। ਕਹਾਣੀ ਵਿਚਲੇ ਸ਼ਬਦ ਸਜੀਵ , ਰੋਚਿਕ , ਸੰਕੇਤਿਕ ਅਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਬਿਰਤਾਂਤ ਦੀ ਸਿਰਜਣਾ ਸਮੇਂ ਕਹਾਣੀਕਾਰ ਨੂੰ ਮੁਹਾਵਰਿਆਂ ਅਤੇ ਅਖਾਉਤਾਂ ਦੀ ਖੁੱਲ੍ਹੀ ਵਰਤੋ ਕਰਨੀ ਚਾਹੀਦੀ ਹੈ। ਨਾਲ ਹੀ ਕਹਾਣੀਕਾਰ ਨੂੰ ਕੇਂਦਰੀ ਭਾਸ਼ਾ ਦੀ ਵਰਤੋ ਕਰਨੀ ਚਾਹੀਦੀ ਹੈ। ਪਾਤਰਾਂ ਦੀ ਵਾਰਤਾਲਾਪ ਸਮੇਂ ਉਨ੍ਹਾਂ ਦੀ ਸਥਾਨਿਕ ਉਪ-ਭਾਸ਼ਾ , ਪਾਤਰਾਂ ਦੀ ਮਾਨਸਿਕਤਾ, ਵਿੱਦਿਅਕ ਪੱਧਰ ਅਤੇ ਸੁਭਾ ਦੇ ਅਨੁਸਾਰ ਬੋਲੀ ਦੀ ਵਰਤੋ ਕਰਨੀ ਚਾਹੀਦੀ ਹੈ।ਅਜਿਹਾ ਨਾ ਕਰਨ ਨਾਲ ਕਹਾਣੀ ਦੀ ਰੋਚਿਕਤਾ ਤੇ ਸੁਭਾਵਿਕਤਾ ਵਿਚ ਕਮੀ ਆ ਜਾਂਦੀ ਹੈ। ਕਹਾਣੀਕਾਰ ਕਹਾਣੀ ਦੇ ਵਿਸ਼ੇ –ਵਸਤੂ ਦੇ ਅਨੁਸਾਰ ਸ਼ੈਲੀ ਵਰਤੋ ਕਰ ਸਕਦਾ ਹੈ। ਹਨ ਕਹਾਣੀ ਦੀਆਂ ਵਰਣਨ ਸ਼ੈਲੀਆਂ ਇਹ ਹਨ –ਕਥਾ ਤਮਕ ਸ਼ੈਲੀ , ਆਤਮ-ਕਥਾ ਸ਼ੈਲੀ, ਪੱਤਰਾਤਮਕ ਸ਼ੈਲੀ , ਵਾਰਤਾਲਾਪ ਸ਼ੈਲੀ ਤੇ ਡਾਇਰੀ ਸ਼ੈਲੀ , ਪਰ ਬਹੁਤੇ ਕਹਾਣੀਕਾਰ ਕਥਾ ਤਮਕ ਸ਼ੈਲੀ ਦੀ ਹੀ ਵਰਤੋ ਕਰਦੇ ਹਨ।

## ਉਦੇਸ਼

ਹਰ ਕਹਾਣੀ ਕਿਸੇ ਨਾ ਕਿਸੇ ਉਦੇਸ਼ ਨੂੰ ਮੁੱਖ ਰੱਖ ਕੇ ਲਿਖੀ ਹੁੰਦੀ ਹੈ। ਹਰ ਇੱਕ ਕਹਾਣੀਕਾਰ ਆਪਣੇ ਉਦੇਸ਼ ਨੂੰ ਕਹਾਣੀ ਦੇ ਪਾਤਰਾਂ ਤੇ ਘਟਨਾਵਾਂ ਰਾਹੀ ਪੇਸ਼ ਕਰਦਾ ਹੈ। ਅਜੋਕੀਆਂ ਕਹਾਣੀਆਂ ਵਿਚ ਆਮ ਕਰ ਕੇ ਕਿਸੇ ਸੱਚ ਨੂੰ ਦਰਸਾਇਆ ਹੁੰਦਾ ਹੈ ਅਤੇ ਇਹ ਸੱਚ ਮਨੋਵਿਗਿਆਨਿਕ ਵੀ ਹੋ ਸਕਦਾ ਹੈ ਤੇ ਸਮਾਜਿਕ ਜਾਂ ਆਰਥਿਕ ਵੀ ਹੋ ਸਕਦਾ ਹੈ। ਮਨੁੱਖ ਚਰਿੱਤਰ ਨੂੰ ਕਹਾਣੀ ਵਿਚ ਪੇਸ਼ ਕਰਨਾ ਕਹਾਣੀਕਾਰ ਦਾ ਵਿਸ਼ੇਸ਼ ਮੰਤਵ ਹੁੰਦਾ ਹੈ। ਕਹਾਣੀ ਵਿਚ ਸੰਪੂਰਨ ਜ਼ਿੰਦਗੀ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ , ਪਰ ਜ਼ਿੰਦਗੀ ਦੇ ਕਿਸੇ ਇੱਕ ਪੱਖ ਉੱਤੇ ਇੱਕ ਖ਼ਾਸ ਦ੍ਰਿਸ਼ਟੀਕੋਣ ਤੋਂ ਚਾਨਣਾ ਪਾਇਆ ਜਾ ਸਕਦਾ ਹੈ। ਇਸ ਕਰ ਕੇ ਹੋਈ ਜੀਵਨ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਸਥਾਪਿਤ ਕਰੇ।

ਉਪਰੋਕਤ ਵਿਚਾਰ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਫਲ ਕਹਾਣੀ ਵਿਚ ਉਪਰੋਕਤ ਸਾਰੇ ਤੱਤਾਂ ਦਾ ਨਿਸ਼ਚਿਤ ਅਨੁਪਾਤ ਵਿਚ ਹੋਣਾ ਜ਼ਰੂਰੀ ਹੈ। ਇਨ੍ਹਾਂ ਵਿਚੋਂ ਕਿਸੇ ਇੱਕ ਤੱਤ ਦੀ ਅਣਹੋਂਦ ਜਾਂ ਕਮੀ ਨਾਲ ਕਹਾਣੀ ਦੀ ਸਫਲ ਹੋਂਦ ਸੰਭਵ ਨਹੀਂ ਹੋ ਸਕਦੀ। ਸੋ ਕਹਾਣੀ ਇੱਕ ਸਫਲ ਕਿਰਤ ਤਾਂ ਹੀ ਬਣਦੀ ਹੈ, ਜੇਕਰ ਉਸ ਵਿਚ ਉਪਰੋਕਤ ਤੱਤਾਂ ਦਾ ਢੁਕਵਾਂ ਸਮਾਵੇਸ਼ ਹੋਵੇ।

## ਪੰਜਾਬੀ ਕਹਾਣੀ ਦਾ ਇਤਿਹਾਸਕ ਸਫ਼ਰ

ਪੰਜਾਬੀ ਕਹਾਣੀ ਦੇ ਵਿਕਾਸ ਵਿਚ ਆਜ਼ਾਦੀ ਅੰਦੋਲਨ, ਅੰਦੋਲਨ ਤੋਂ ਉਪਜੇ ਸਵਾਲ-ਜਵਾਬ, ਮੱਧ ਸ਼੍ਰੇਣੀ ਦੇ ਆਗਮਨ ਨਾਲ ਪੰਜਾਬੀ ਸਾਹਿਤ ਜਗਤ ਵਿਚ ਨਵ-ਜਾਗ੍ਰਿਤੀ ਦੇ ਕਾਰਨ ਆਦਿ ਵਧੇਰੇ ਸਹਾਈ ਬਣੇ ਹਨ। ਇਸ ਝੁਕਾਉ ਦੇ ਤਤਕਾਲੀ ਕਾਰਨਾਂ ਵਿਚ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਅਤੇ ਚੋਪੱਤਰਿਆਂ ਦੀ ਪ੍ਰਕਾਸ਼ਨਾਂ ਆਦਿ ਨੂੰ ਵੀ ਵਿਚਾਰਿਆ ਜਾਂਦਾ ਹੈ। ਸਿੰਘ ਸਭਾ ਲਹਿਰ ਅਤੇ ਸਮਕਾਲੀ 'ਦੇਵ ਸਮਾਜ ਲਹਿਰ', 'ਬ੍ਰਹਮੋ ਸਮਾਜ ਲਹਿਰ', 'ਅਹਿਮਦੀਆ ਜਾਂ ਕਾਦਿਆਨੀ ਲਹਿਰ' ਅਤੇ 'ਅਲੀਗੜ੍ਹ ਲਹਿਰ' ਤੋ ਇਲਾਵਾ ਹੋਰ ਅਕਾਲੀ ਲਹਿਰਾਂ ਆਦਿ ਦੀ ਦੇਣ ਨੇ ਵੀ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਚੋਖਾ ਵਾਧਾ ਕੀਤਾ ਵੀਹਵੀਂ ਸਦੀ ਦੇ ਆਰੰਭ ਵਿਚ ਆਧੁਨਿਕ ਪੰਜਾਬੀ ਸਾਹਿਤ ਦੇ ਮੁੱਢਲੇ ਸਾਹਿਤਕਾਰ ਨੇ ਪੱਛਮੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਕੁੱਝ ਰਚਨਾਵਾਂ ਕੀਤੀਆਂ। ਇਹਨਾਂ ਰਚਨਾਵਾਂ ਦਾ ਮਨੋਰਥ ਧਰਮ-ਪ੍ਰਚਾਰ, ਸਮਾਜ ਸੁਧਾਰ ਜਾਂ ਦਿਲ-ਬਹਿਲਾਵਾਂ ਸੀ ਪਰ ਉਨ੍ਹਾਂ ਦੁਆਰਾ ਰਚਿਤ ਮੌਲਿਕ, ਆਧਾਰਤ ਅਤੇ ਅਨੁਵਾਦ ਗਲਪ ਰਚਨਾਵਾਂ ਨੇ ਆਧੁਨਿਕ ਪੰਜਾਬੀ ਕਹਾਣੀ ਦਾ ਮੂੰਹ ਮੱਥਾ ਨਿਖਾਰਿਆ। ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਸ. ਚਰਨ ਸਿੰਘ ਸ਼ਹੀਦ ਆਦਿ ਲੇਖਕਾਂ ਦੇ ਨਾਂ ਅਜਿਹੇ ਉਪਰਾਲੇ ਕਰਨ ਵਾਲਿਆਂ ਵਿਚ ਮਹੱਤਵਪੂਰਨ ਹਨ। ਭਾਈ ਵੀਰ ਸਿੰਘ ਦੁਆਰਾ ਰਚਿਤ "ਚਮਤਕਾਰਾਂ" ਦੇ ਕਈ ਕਾਂਡ ਸੁਤੰਤਰ ਕਹਾਣੀਆਂ ਲੱਗਦੇ ਹਨ। ਭਾਈ ਮੋਹਨ ਸਿੰਘ ਵੈਦ ਨੇ ਕਈ ਕਹਾਣੀਆਂ ਦਾ ਦੂਸਰੀਆਂ ਭਾਸ਼ਾਵਾਂ ਤੋ ਪੰਜਾਬੀ ਪਾਠਕਾਂ ਨੂੰ ਪੱਛਮ ਵਿਚ ਲਿਖੀ ਜਾਂ ਰਹੀ ਕਹਾਣੀ ਤੋਂ ਜਾਣੂੰ ਕਰਵਾਇਆ।

## ਪਹਿਲੇ ਪੜਾਅ ਦੇ ਕਹਾਣੀਕਾਰ

### ਭਾਈ ਮੋਹਨ ਸਿੰਘ ਵੈਦ :

ਭਾਈ ਮੋਹਨ ਸਿੰਘ ਵੈਦ ਪਹਿਲੇ ਪੜਾਅ ਦਾ ਕਹਾਣੀਕਾਰ ਹੋ ਗੁਜ਼ਾਰਿਆ ਹੈ। ਉਸ ਦੇ ਪਹਿਲੇ ਦੋ ਕਹਾਣੀ ਸੰਗ੍ਰਹਿ ' ਹੀਰੇ ਦੀਆਂ ਕਣੀਆਂ ' ਅਤੇ ' ਰੰਗ ਬਿਰੰਗੀ ਫੁਲ ' ਵਿਚਲੀਆਂ ਕਹਾਣੀਆਂ ਦਾ ਆਧਾਰ ਪੱਛਮੀ ਹਨ। ਜਦ ਕਿ ਉਸ ਦੇ ਕਹਾਣੀ ਸੰਗ੍ਰਹਿ ' ਕਿਸਮਤ ' ਦੀਆਂ ਕਹਾਣੀਆਂ ਦਾ ਆਧਾਰ ਭਾਰਤੀ ਕਹਾਣੀਆਂ

ਹਨ। ਭਾਈ ਮੋਹਨ ਸਿੰਘ ਵੈਦ ਦੀਆਂ ਕਹਾਣੀਆਂ ਵਿਚ ਆਦਰਸ਼ਵਾਦ ਦੇ ਅੰਸ਼ ਵੀ ਮਿਲ ਜਾਣ ਕਰ ਕੇ ਹੀ ਆਲੋਚਨਾ ਆਧੁਨਿਕ ਕਹਾਣੀ ਦਾ ਮੋਢੀ ਭਾਈ ਮੋਹਨ ਸਿੰਘ ਵੈਦ ਨੂੰ ਮੰਨਦੇ ਹਨ।

ਭਾਈ ਚਰਨ ਸਿੰਘ ਸ਼ਹੀਦ :

ਮੁੱਢਲੀ ਕਹਾਣੀ ਦੇ ਦੌਰ ਵਿਚ ਚਰਨ ਸਿੰਘ ਸ਼ਹੀਦ ਨੇ ਆਪਣੀ ਖ਼ਾਸ ਪਹਿਚਾਣ ਵਿਅੰਗ ਦੇ ਲੇਖਕ ਵਿਚ ਬਣਾਈ ਹੈ। ਪੰਜਾਬੀ ਕਹਾਣੀ ਨੂੰ ਸੁਚੇਤ ਰੂਪ ਵਿਚ ਪੱਛਮੀ ਪ੍ਰਭਾਵ ਦੇ ਅਧੀਨ ਲਿਖਣ ਦਾ ਮਾਣ ਵੀ ਚਰਨ ਸਿੰਘ ਸ਼ਹੀਦ ਨੂੰ ਜਾਂਦਾ ਹੈ। ਚਰਨ ਸਿੰਘ ਸ਼ਹੀਦ ਦੇ ਕਹਾਣੀ ਸੰਗ੍ਰਹਿ ‘ ਹੱਸਦੇ ਹੰਝੂ ’ ਤੇ ‘ ਰੋਂਦੇ ਹੂੰਝ ’ ਹਨ।

ਲਾਲ ਸਿੰਘ ਕਮਲਾ ਅਕਾਲੀ :

ਲਾਲ ਸਿੰਘ ਕਮਲਾ ਅਕਾਲੀ ਪਹਿਲੇ ਪੜਾਅ ਵਿਚ ਕਹਾਣੀ ਵਰਗੀ ਗਲਪ ਰਚਨਾ ਕੀਤੀ। ਉਸ ਦੀ ਪਹਿਲੀ ਕਹਾਣੀ ‘ ਵਿੱਛੜੀ ਕੂੰਜ ’ ਸਿਰਲੇਖ ਹੇਠ ‘ ਫੁਲਵਾੜੀ ’ ਦੇ ਪਹਿਲੇ ਅੰਕ ਵਿਚ ‘ ਕਰਮ ਗੀਤ ’ ਉਸ ਦੀ ਇੱਕ ਹੋਰ ਨਾਵਲ ਅਤੇ ਕਹਾਣੀ ਦੀ ਰਚਨਾ ਹੈ ਜੋ ਲੜੀਵਾਰ ਰੂਪ ਵਿਚ ਫੁਲਵਾੜੀ ਪਹਿਲੀਆਂ ਜਿਲਦਾਂ ਵਿਚ ਛਪੀ।

## ਦੂਜੇ ਪੜਾਅ ਦੇ ਕਹਾਣੀਕਾਰ

### ਪ੍ਰਿੰ ਸੰਤ ਸਿੰਘ ਸੇਖੋਂ :

ਪ੍ਰਿੰ ਸੰਤ ਸਿੰਘ ਸੇਖੋਂ ਦੀ ਰਚਨਾ ਨਾਲ ਕਹਾਣੀ ਦੂਜੇ ਦੌਰ ਵਿਚ ਦਾਖ਼ਲ ਹੁੰਦੀ ਹੈ। ਉਸ ਦੇ ਪ੍ਰਵੇਸ਼ ਨਾਲ ਪੰਜਾਬੀ ਵਿਚ ਤਕਨੀਕੀ ਤੇ ਦ੍ਰਿਸ਼ਟੀ ਦੇ ਪੱਖੋਂ ਗੁਣਾਤਮਕ ਤਬਦੀਲੀ ਹੁੰਦੀ ਹੈ। ਉਸ ਨੇ ਕਹਾਣੀ ਦੀ ਸਿਰਜਣਾ ਪੱਛਮੀ ਤਕਨੀਕ ਦੇ ਆਧਾਰ ਤੇ ਕੀਤੀ। ‘ ਸਮਾਚਾਰ ’, ‘ ਕਾਮੇ ਤੇ ਯੋਧੇ ’, ‘ ਅੱਧੀ ਵਾਟ ’, ‘ ਤੀਜਾ ਪਹਿਰ ’ ਤੇ ‘ਸਿਆਣਪਾਂ’ ਉਸ ਦੇ ਕਹਾਣੀ-ਸੰਗ੍ਰਹਿ ਹਨ। ਬੌਧਿਕ ਵਿਅੰਗ , ਯਥਾਰਥਵਾਦ , ਪ੍ਰਗਤੀਵਾਦ ਤੇ ਕਲਾਤਮਕਤਾ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ।

ਸੁਜਾਨ ਸਿੰਘ :

ਸੁਜਾਨ ਸਿੰਘ ਨੇ ' ਦੁੱਖ ਸੁੱਖ ਤੋ ਪਿੱਛੋਂ ', ' ਡੇਢ ਅਦਾਮੀ ', ' ਸ਼ਹਿਰ ਤੇ ਗ੍ਰਾਂ ', ' ਨਰਕਾਂ ਦੇ ਦੇਵਤੇ ', ' ਮਨੁੱਖ ਤੇ ਪਸ਼ੂ ' ਅਤੇ ' ਨਵਾਂ ਰੰਗ ' ਆਦਿ ਕਹਾਣੀ ਸੰਗ੍ਰਹਿ ਰਚੇ ਹਨ। ਯਥਾਰਥਵਾਦ, ਪ੍ਰਗਤੀਵਾਦੀ ਵਿਚਾਰਧਾਰਾ ਤੇ ਕਲਾਤਮਕ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ। ਕਈ ਥਾਂਈਂ ਉਹ ਰੁਮਾਂਟਿਕ ਤੇ ਭਾਵੁਕ ਵੀ ਹੈ। ਉਸ ਨੇ ਗ਼ਰੀਬ ਕਿਰਤੀਆਂ ਦੇ ਭਾਵਾਂ ਤੇ ਸਮਾਜਿਕ ਲੁੱਟ-ਖਸੁੱਟ ਨੂੰ ਬੜੀ ਸੋਹਣੀ ਤਰ੍ਹਾਂ ਬਿਆਨ ਕੀਤਾ ਹੈ।

## ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ :

ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੰਜਾਬੀ ਕਹਾਣੀ ਨਾਲ ਇੱਕ ਲੰਬਾ ਅਰਸਾ ਜੁੜਿਆ ਰਿਹਾ ਅਤੇ ਉਸ ਨੇ ਕਈ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਪ੍ਰਦਾਨ ਕੀਤੇ। ' ਅਨੋਖੇ ਤੇ ਇਕੱਲੇ ', ' ਨਾਗ ਪ੍ਰੀਤ ਦਾ ਜਾਦੂ ', ' ਅਸਮਾਨੀ ਮਹਾਂਨਦੀਨ ', ' ਵਿਨੋਦ ', ' ਭਾਈ ਮੈਨਾ ' ਆਦਿ ਇਸ ਕਹਾਣੀ ਸੰਗ੍ਰਹਿ ਹਨ। ਵਿਸ਼ੇ ਦੇ ਪੱਖੋਂ ਸ. ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ ਵਿਚ ਬਹੁਤ ਵੰਨ-ਸੁਵੰਨਤਾ ਹੈ।

## ਸ. ਨਾਨਕ ਸਿੰਘ :

ਸ. ਨਾਨਕ ਸਿੰਘ ਨੇ ਆਪਣੀ ਪਹਿਲੀ ਕਹਾਣੀ ' ਰੱਖੜੀ ' ਪ੍ਰਕਾਸ਼ਿਤ ਕੀਤੀ। ਉਸ ਦੇ ਕਹਾਣੀ ਸੰਗ੍ਰਹਿ ' ਹੰਝੂਆਂ ਦੇ ਹਾਰ ', ' ਸੱਧਰਾਂ ਦੇ ਹਾਰ ', ' ਮਿੱਧੇ ਹੋਏ ਫੁੱਲ ', ' ਠੰਢੀਆਂ ਛਾਵਾਂ ', ' ਸੁਪਨਿਆਂ ਦੀ ਕਬਰ ', ' ਤਾਸ਼ ਦੀ ਆਦਤ ' ਆਦਿ ਹਨ। ਉਹ ਮਨੁੱਖੀ ਰਿਸ਼ਤਿਆਂ ਦਾ ਚਿਤੇਰਾ ਹੈ ਅਤੇ ਰਿਸ਼ਤਿਆਂ ਦੇ ਰਵਾਇਤੀ ਚਰਿੱਤਰ ਨੂੰ ਸਨਮੁੱਖ ਕੇ ਵਿਸ਼ਿਆਂ ਦੀ ਚੋਣ ਕਰਦਾ ਹੈ। ਗ਼ਰੀਬ ਵਰਗ ਨਾਲ ਸਹਾਨੁਭੂਤੀ ਉਸ ਦੀਆਂ ਕਹਾਣੀਆਂ ਦਾ ਮੁੱਖ ਚਰਿੱਤਰ ਹੈ।

## ਡਾ. ਮੋਹਨ ਸਿੰਘ ਦੀਵਾਨਾ :

ਡਾ. ਮੋਹਨ ਸਿੰਘ ਦੀਵਾਨਾ ਮੁੱਖ ਤੌਰ ਤੇ ਇੱਕ ਖ਼ੋਜੀ ਅਤੇ ਸਾਹਿਤ ਦਾ ਇਤਿਹਾਸਕਾਰ ਸੀ। ਉਸ ਨੇ ਪੰਜਾਬੀ ਵਿਚ ਸਭ ਤੋਂ ਪਹਿਲਾਂ ਵਿਅੰਗਾਤਮਿਕ ਚਰਿੱਤਰ ਨੂੰ ਉਭਾਰਨ ਵਾਲੀਆਂ ਕਹਾਣੀਆਂ ਦੀ ਰਚਨਾ ਕੀਤੀ। ਉਸ ਨੇ ਆਪਣੀਆਂ ਕਹਾਣੀਆਂ ਵਿਚ ਸਾਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਉਭਾਰਿਆਂ। ' ਦੇਵਿੰਦਰ ਬਤੀਸੀ ',

‘ਰੰਗ ਤਮਾਸ਼ੇ ’ ਅਤੇ ‘ ਪਰਾਂਦੀ ’ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ‘ ਮੈਨਾ ਬੋਲੀ ’, ‘ ਸਾਧੂ ’, ‘ ਬੇਈਮਾਨ ’ ਅਤੇ ਜਰਨੈਲੀ ਸੜਕ ਉਸ ਦੀਆਂ ਚਰਚਿਤ ਕਹਾਣੀਆਂ ਹਨ।

## ਪ੍ਰੋ. ਸੁਰਿੰਦਰ ਸਿੰਘ ਨਰੂਲਾ :

ਪ੍ਰੋ. ਸੁਰਿੰਦਰ ਸਿੰਘ ਨਰੂਲਾ ਦੇ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ‘ ਜੰਜਾਲ ’, ‘ ਲੋਕ ਪਰਲੋਕ ’ ਅਤੇ ਰੂਪ ਦੇ ਪਰਛਾਵੇਂ ਹਨ। ਉਸ ਨੇ ਪੰਜਾਬੀ ਵਿਚ ਸਭ ਤੋਂ ਪਹਿਲਾਂ ਵਿਅੰਗਾਤਮਿਕ ਚਰਿੱਤਰ ਨੂੰ ਉਭਾਰਨ ਵਾਲੀਆਂ ਕਹਾਣੀਆਂ ਦੀ ਰਚਨਾ ਕੀਤੀ।

## ਅੰਮ੍ਰਿਤਾ ਪ੍ਰੀਤਮ :

ਅੰਮ੍ਰਿਤਾ ਪ੍ਰੀਤਮ ਨੇ ਇਸਤਰੀ ਜਾਤੀ ਦੀ ਸਥਿਤੀ ਦਾ ਨਿਰੂਪਣ ਕਰਨ ਵਾਲੀਆਂ ਕਹਾਣੀਆਂ ਦੀ ਬਣਤਰ ਇਕਹਿਰੀ ਅਤੇ ਬੁਣਤਰ ਭਾਵੁਕ ਹੁੰਦੀ ਹੈ। ਉਸ ਦੀਆਂ ਕਹਾਣੀਆਂ ਸਮਾਜ ਉੱਪਰ ਵਿਅੰਗ ਵੀ ਕਰਦੀਆਂ ਹਨ।‘ ਹੀਰੇ ਦੀ ਕਣੀ ’, ‘ ਲਟੀਆਂ ਦੀ ਛੋਕਰੀ ’, ‘ ਪੰਜ ਵਰ੍ਹੇ ਲੰਬੀ ਸੜਕ ’, ‘ ਇੱਕ ਸ਼ਹਿਰ ਦੀ ਮੌਤ ’ ਅਤੇ ਹੀਰੇ ਦੀ ਕਣੀ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ।

# ਤੀਜਾ ਪੜਾਅ ਦੇ ਕਹਾਣੀਕਾਰ

## ਸ. ਕੁਲਵੰਤ ਸਿੰਘ ਵਿਰਕ :

ਸ. ਕੁਲਵੰਤ ਸਿੰਘ ਵਿਰਕ ਨੇ ਪੰਜਾਬੀ ਕਹਾਣੀ ਨੂੰ ਮਨੋਰਥਵਾਦ ਅਤੇ ਇੱਛਿਤ ਯਥਾਰਥਵਾਦ ਤੋ ਮੁਕਤ ਕਰ ਕੇ ਇੱਕ ਨਵੀਂ ਪਹਿਚਾਣ ਪ੍ਰਦਾਨ ਕੀਤੀ। ‘ ਛਾਹ ਵੇਲਾ ’, ‘ ਧਰਤੀ ਤੇ ਆਕਾਸ਼ ’, ‘ ਤੂੜੀ ਦੀ ਪੰਡ ’, ‘ ਗੋਲ੍ਹਾ ’ ‘ਨਵੇਂ ਲੋਕ ’ ਤੇ ਸ਼ਹਿਰੀ ਜੀਵਨ ਦੀਆਂ ਸਰਲ ਤੇ ਗੁੰਝਲਦਾਰ ਸਮੱਸਿਆਵਾਂ ਨੂੰ ਤਿੱਖੇ ਅੰਦਾਜ਼ ਵਿਚ ਬਿਆਨ ਵਿਚ ਬਿਆਨ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਆਧੁਨਿਕ ਬੌਧਿਕਤਾ, ਮਨੋਵਿਗਿਆਨਿਕ ਡੂੰਘਾਈ ਤੇ ਧਾਰਮਿਕ ਸੰਕੇਤ ਲੁਕੇ ਹੋਏ ਹੁੰਦੇ ਹਨ। ਉਨ੍ਹਾਂ ਵਿਚਲੀ ਵਾਰਤਾਲਾਪ ਨਾਟਕੀ, ਚੁਸਤ ਤੇ ਪਾਤਰਾਂ ਦੀ ਮਨੋਸਥਿਤੀ ਦੇ ਅਨੁਸਾਰ ਹੁੰਦੀ ਹੈ। ਉਸ ਦੀ ਕਹਾਣੀ ਆਪਣੇ ਅੰਤ ਉੱਤੇ ਪਏ ਸੰਕੇਤ ਆਧਾਰਿਤ ਹੁੰਦੀ ਹੈ। ਆਪਣੇ ਆਪ ਵਿਚ ਸਮੋਈ ਸੂਖਮ ਤਰਲਤਾ ਕਰ ਕੇ ਉਸ ਦੀਆਂ ਕਹਾਣੀਆਂ ਅਨੋਖਾ ਸੁਆਦ ਦਿੰਦੀਆਂ ਹਨ।

## ਨਵਤੇਜ ਸਿੰਘ :

ਨਵਤੇਜ ਸਿੰਘ ਦੀਆਂ ਕਹਾਣੀ ਵਿਚ ਮਾਨਵਵਾਦੀ ਆਦਰਸ਼ਵਾਦ ਤੇ ਆਧੁਨਿਕ ਮਨੋਵਿਗਿਆਨਿਕ ਸ਼ੈਲੀ ਦਾ ਸੁਮੇਲ ਮਿਲਦਾ ਹੈ। ਉਨ੍ਹਾਂ ਵਿਚ ਕਾਵਿਮਈ ਰਸ ਤੇ ਮਨੁੱਖ ਦਾ ਜਜ਼ਬਾਤੀ ਉਨਮਾਨ ਵੀ ਹੁੰਦਾ ਹੈ। ਉਸ ਨੇ ਕਈ ਕਹਾਣੀਆਂ ਵਿਚ ਲੋਕ –ਲਹਿਰਾਂ ਦੇ ਸਮੂਹਿਕ ਆਸ਼ਿਆਂ ਨੂੰ ਕਲਾਤਮਕ ਰੂਪ ਦੇਣ ਵਿਚ ਕਾਫ਼ੀ ਸਫਲਤਾ ਪ੍ਰਾਪਤ ਕੀਤੀ।

## ਅਮਰ ਸਿੰਘ:

ਅਮਰ ਸਿੰਘ ਨੇ ਯਥਾਰਥਵਾਦੀ ਸ਼ੈਲੀ ਸ਼ੁਰੂ ਕਰ ਕੇ ਆਧੁਨਿਕ ਕਹਾਣੀ ਦੇ ਨਵੀਨ ਪ੍ਰਯੋਗਾਂ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਮਾਨਵਵਾਦ, ਮੌਲਿਕਤਾ ਤੇ ਸੁਚੱਜਾ ਪਾਤਰ-ਚਿਤਰਨ ਹੀ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ।

## ਸੁਰਜੀਤ ਸਿੰਘ ਸੇਠੀ:

ਸੁਰਜੀਤ ਸਿੰਘ ਸੇਠੀ ਦੇ ‘ ਮਹੀਂਵਾਲ ’, ‘ ਕੌੜੇ ਘੁੱਟ ’, ‘ ਅੰਗਰੇਜ਼ ਅੰਗਰੇਜ਼ ਸ ’, ‘ ਸਲਾਮ ’, ‘ ਡੂੰਘੇ ਪਾਣੀਆਂ ਦੇ ਹਾਣੀ ’ ਕਹਾਣੀ-ਸੰਗ੍ਰਹਿ ਹਨ। ਉਹ ਪ੍ਰਯੋਗਵਾਦੀ ਕਹਾਣੀਕਾਰ ਹੈ। ਉਸ ਨੇ ਆਧੁਨਿਕ ਮਨੋਵਿਗਿਆਨਿਕ ਛੋਹਾਂ ਤੇ ਜੀਵਨ ਦੇ ਯਥਾਰਥ ਨੂੰ ਧਾਰਮਿਕ ਸੰਕੇਤਾਂ ਰਾਹੀ ਪ੍ਰਗਟ ਕੀਤਾ ਹੈ। ਉਹ ਵਾਤਾਵਰਨ ਦੀ ਸੂਖਮਤਾ ਨੂੰ ਤੇ ਬੌਧਿਕ ਰੂਪ ਵਿਚ ਉਲੀਕਦਾ ਹੈ।

## **ਸਿੱਟਾ** :

ਕੇਵਲ ਨਾਂ ਗਿਣਾਉਣਾ ਸਾਡਾ ਮਨੋਰਥ ਨਹੀਂ ਹੈ ਤਾਂ ਵੀ ਪੰਜਾਬੀ ਕਹਾਣੀ ਦੀ ਤੋਰ ਨੂੰ ਦੇਖਦੇ ਹੋਏ ਇਹ ਗੱਲ ਸਹਿਜ ਹੀ ਆਖੀ ਜਾ ਸਕਦੀ ਹੈ ਕਿ ਪੰਜਾਬੀ ਕਹਾਣੀ ਨੇ ਬਿਲਕੁਲ ਸੁੰਨ ਤੋਂ ਆਪਣਾ ਸਫ਼ਰ ਆਰੰਭਿਆ ਸੀ ਜਿਸ ਵਿਚ ਸਿਵਾਏ ਕੁੱਝ ਲੋਕ ਪ੍ਰਿਯਾ ਵਿਸ਼ਿਆਂ ਦੇ ਹੋਰ ਕੁੱਝ ਨਹੀਂ ਸੀ, ਮਗਰੋਂ ਇਸ ਨੇ ਸਮਾਜ ਸੁਧਾਰ, ਸਮਾਜਿਕ ਕ੍ਰਾਂਤੀ, ਮਨੁੱਖ ਕਦਰਾਂ ਕੀਮਤਾਂ, ਮਾਨਵ ਮਨੋਵਿਗਿਆਨ, ਅਸਤਿਤਵਵਾਦੀ ਦਰਸ਼ਨ ਨੂੰ ਹੰਢਾ ਕੇ ਬਹੁਤ ਨਵੀਆਂ

ਪੁਲਾਂਘਾਂ ਪੁੱਟੀਆਂ ਅਤੇ ਅਜੋਕੀ ਪੰਜਾਬੀ ਕਹਾਣੀ ਕਿਸੇ ਵੀ ਉੱਨਤ ਭਾਸ਼ਾ ਦੇ ਕਹਾਣੀ ਸਾਹਿਤ ਨਾਲ ਮੋਢਾ ਮੇਲ ਕੇ ਚੱਲ ਰਹੀ ਹੈ, ਇਹ ਗੱਲ ਨਿਰਵਿਵਾਦ ਤੌਰ ਤੇ ਕਹੀ ਜਾ ਸਕਦੀ ਹੈ।

## ਨਾਵਲ ਦਾ ਅਰਥ ਅਤੇ ਪਰਿਭਾਸ਼ਾ

ਅੱਜ ਦਾ ਪੰਜਾਬੀ ਗਲਪ ਸਾਹਿਤ ਨੂੰ ਹੀ ਜ਼ਿਆਦਾ ਮਹੱਤਵ ਦਿੰਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਗਲਪ ਵਿਚ ਕਾਲਪਨਿਕਤਾ ਦੀ ਪ੍ਰਧਾਨਤਾ ਹੁੰਦੀ ਹੈ। ਇਸ ਤਰ੍ਹਾਂ ਹੀ ਅੱਜ ਦੀ ਜ਼ਿੰਦਗੀ ਵੀ ਕਾਲਪਨਿਕਤਾ ਉੱਤੇ ਜ਼ਿਆਦਾ ਆਧਾਰਿਤ ਹੈ, ਅਸਲੀਅਤ ਉੱਤੇ ਘੱਟ ਕਿਉਂਕਿ ਅੱਜ ਅਸੀਂ ਦੋਹਰੀ ਅਤੇ ਦਿਖਾਵੇ ਦੀ ਜ਼ਿੰਦਗੀ ਵਿਚ ਜ਼ਿਆਦਾ ਖਚਿਤ ਹਾਂ। ਗਲਪ ਵਿਚ ਨਾਵਲ ਅਤੇ ਕਹਾਣੀ ਦੋ ਰੂਪਾਕਾਰ ਆਉਂਦੇ ਹਨ। ਨਾਵਲ ਇਨਸਾਨੀ ਜ਼ਿੰਦਗੀ ਦੀ ਪੇਸ਼ਕਾਰੀ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਕਰਦਾ ਹੈ। ਇਸ ਲਈ ਨਾਵਲ ਪੂੰਜੀਵਾਦੀ ਯੁੱਗ ਵਿਚ ਸਭ ਤੋਂ ਵੱਧ ਪੜ੍ਹਿਆ ਅਤੇ ਲਿਖਿਆ ਗਿਆ ਹੈ। ਨਾਵਲ ਆਧੁਨਿਕ ਪੂੰਜੀਵਾਦੀ ਯੁੱਗ ਵਿਚ ਸਭ ਤੋਂ ਮਹੱਤਵਪੂਰਨ ਅਤੇ ਪ੍ਰਸੰਗਕ ਰੂਪਾਕਾਰ ਹੋ ਨਿੱਬੜਿਆ ਹੈ ।

ਕਿਉਂਕਿ ਇਹ ਆਧੁਨਿਕ ਜੀਵਨ ਦੀਆਂ ਗੁੰਝਲਦਾਰ ਸਮੱਸਿਆਵਾਂ ਅਤੇ ਥੁੜਾਂ ਨੂੰ ਪ੍ਰਸਤੁਤ ਕਰਨ ਵਿਚ ਸਮਰੱਥ ਹੈ। ਆਕਾਰ ਵਿਚ ਵੱਡਾ, ਵਿਧੀ ਵਿਚ ਵਸਤੂ ਮੁੱਖ ਅਤੇ ਰੂਪਾਕਾਰ ਹੱਦਾਂ ਤੋਂ ਕਾਫ਼ੀ ਹੱਦ ਤੱਕ ਸੁਤੰਤਰ ਇਸ ਵਿਧਾ ਨੂੰ ਆਧੁਨਿਕ ਲੇਖਕਾਂ ਨੇ ਵੀ ਬਹੁਤ ਪਿਆਰ ਕੀਤਾ ਹੈ।

ਨਾਵਲ ਦੀ ਉਤਪਤੀ ਯੂਰਪ ਵਿਚ ਉਦਯੋਗਿਕ ਕ੍ਰਾਂਤੀ ਆਉਣ ਤੋਂ ਬਾਅਦ ਮਨੁੱਖ, ਸਮਾਜ ਅਤੇ ਸਭਿਆਚਾਰ ਉੱਪਰ ਪਏ ਦਬਾਅ ਅਤੇ ਪ੍ਰਭਾਵਾਂ ਸਦਕਾ ਹੋਇਆ ਮੰਨਿਆ ਜਾਂਦਾ ਹੈ। ਪ੍ਰੋ. ਬ੍ਰਹਮਜਗਦੀਸ਼ ਸਿੰਘ ਦੇ ਅਨੁਸਾਰ, "ਨਾਵਲ ਦੇ ਵਾਸਤਵਿਕ ਸੰਸਥਾਪਕ ਕੈਬਿਲੇ ਅਤੇ ਸਰਵੈਂਟੀਜ਼ ਹਨ। ''

ਪ੍ਰਸਿੱਧ ਵਿਦਵਾਨ ਰੈਲਿਫ਼ ਫ਼ਾਕਸ ਨੇ ਨਾਵਲ ਨੂੰ ਪੂੰਜੀਵਾਦੀ ਯੁੱਗ ਦਾ ਮਹਾਂ ਕਾਵਿ ਐਲਾਨਿਆ ਹੈ। ਭਾਵ ਇਹ ਕਿ ਮੱਧ ਯੁੱਗ ਦੇ ਨਿਰੂਪਣ ਲਈ ਜੋ ਸਮਰੱਥਾ ਮਹਾਂ ਕਾਵਿ ਵਿਚ ਸੀ ਲਗਭਗ ਉਹੀ ਸਮਰੱਥਾ ਪੂੰਜੀਵਾਦੀ ਯੁੱਗ ਦੀ ਪੇਸ਼ਕਾਰੀ ਲਈ ਨਾਵਲ ਵਿਚ ਮੌਜੂਦ ਹੈ।

## ਨਾਵਲ ਅਰਥ

ਨਾਵਲ ਸ਼ਬਦ ਅੰਗਰੇਜ਼ੀ ਭਾਸ਼ਾ ਤੋਂ ਲਿਆ ਗਿਆ ਹੈ। ਅੰਗਰੇਜ਼ੀ ਦੇ Novel ਸ਼ਬਦ ਦੀ ਉਤਪਤੀ ਇਟਲੀ ਭਾਸ਼ਾ ਦੇ ਸ਼ਬਦ 'Novus' ਅਤੇ 'Novella' ਤੋਂ ਹੋਈ ਹੈ। ਇਸ ਸ਼ਬਦ ਦਾ ਅਰਥ ਸੀ ਨਵੀਨ ਜਾਂ ਨਵਾਂ ਭਾਵ ਇੱਕ ਨਵਾਂ ਸਾਹਿਤਕ ਰੂਪ ਹੈ ਜਿਸ ਵਿਚ ਜ਼ਿੰਦਗੀ ਦੀ ਇੱਕ ਘਟਨਾ ਅਤੇ ਪਾਤਰਾਂ ਭਰਪੂਰ ਲੰਬੀ ਕਹਾਣੀ ਕਹੀ ਗਈ ਹੈ। ਜਦ ਇਹ ਹੋਂਦ ਵਿਚ ਆਈ ਇਸ ਨੂੰ ਨਾਵਲ ਕਿਹਾ ਗਿਆ ਪਰ ਹੁਣ ਚਾਰ ਸੌ ਸਾਲ ਬੀਤ ਜਾਣ ਤੋਂ ਬਾਅਦ ਵੀ ਉਹੀ ਨਾਂ ਚੱਲਿਆ ਆਉਂਦਾ ਹੈ ਜਿਵੇਂ ਸਾਡੇ ਸਭਿਆਚਾਰ ਵਿਚ 'ਨਵਾਂ ਗਾਂਓਂ', 'ਨਵਾਂ ਪਿੰਡ', 'ਨਵਾਂ ਸ਼ਹਿਰ' ਵਿਸ਼ੇਸ਼ਣ ਵਾਚਕ ਤੋਂ ਨਾਂਵ ਵਾਚਕ ਹੋ ਗਏ ਹਨ।

ਹਿੰਦੀ ਵਿਚ ਨਾਵਲ ਨੂੰ ਉਪਨਿਆਸ ਵੀ ਕਹਿੰਦੇ ਹਨ। ਇਸ ਦੇ ਪੁਰਾਣੇ ਨਾਮ ਦੋ ਹਨ 'ਕਥਾ'ਤੇ 'ਅਖਾਇਕਾਂ' ਜਾਂ 'ਉਪਾਖਿਆਨ'। ਇਹਨਾਂ ਦੋਵਾਂ ਵਿਚ ਪ੍ਰਸਿੱਧ ਆਲੋਚਕ ਦੰਡੀ ਦੇ ਅਨੁਸਾਰ ਕੇਵਲ ਇਨ੍ਹਾਂ ਹੀ ਅੰਤਰ ਹੈ ਕਿ 'ਅਖਾਇਕਾਂ ਉਹ ਕਥਾ ਹੈ ਜਿਸ'ਦੀ ਵਾਰਤਾ ਨਾਇਕ ਦੇ ਮੂੰਹੋਂ ਕੀਤੀ ਜਾਵੇ। ਉਪਨਿਆਸ (ਉਪ+ਨਿਆਸ) ਦਾ ਅਰਥ ਹੈ ਸਾਹਮਣੇ ਰੱਖਣਾ। ਇਹ ਨਾਂ ਢੁਕਵਾਂ ਨਹੀਂ ਲੱਗਦਾ ਪਰ ਪ੍ਰਚਲਿਤ ਜ਼ਰੂਰ ਹੈ।

ਪ੍ਰਾਚੀਨ ਭਾਰਤੀ ਸਾਹਿਤ ਵਿਚ ਵੀ ਨਾਵਲ ਜਿਹੇ ਨਮੂਨੇ ਮਿਲਦੇ ਹਨ ਪਰ ਇਹਨਾਂ ਨੂੰ ਨਾਵਲ ਨਹੀਂ ਕਿਹਾ ਜਾ ਸਕਦਾ। ਜਿਵੇਂ ਬੁੱਧ ਬਾਰੇ ਜਾਤਕ ਕਹਾਣੀਆਂ ਦੀ ਲੜੀ 'ਪੰਚਤੰਤਰ'ਅਤੇ'ਹਿਤੋਪਦੇਸ਼'। ਜਾਤਕ ਕਹਾਣੀਆਂ ਵਿਚ ਨਾਇਕ ਦੀ ਏਕਤਾ ਹੈ ਪਰ ਇਸ ਲੜੀ ਵਿਚ ਰੁਮਾਂਸ 'ਤੇ ਪਿਕੇਰਸਕ ਨਾਵਲ ਦੀ ਮਾਤਰਾ ਬਹੁਤੀ ਹੈ। ਜਿਵੇਂ ਕਿ ਮੋਜਜ਼ੇ ਅਤੇ ਪਿਛਲੇ ਜਨਮਾਂ ਦੇ ਗੇੜੇ ਅਤੇ ਸਾਹਸੀ ਘਟਨਾਵਾਂ ਦੀ ਭਰਮਾਰ ਹੈ। ਵਿਚ ਲੰਬੀਆਂ ਕਹਾਣੀਆਂ ਹਨ। ਜਿਨ੍ਹਾਂ ਨੂੰ ਨਾਵਲੈਟ ਕਿਹਾ ਜਾ ਸਕਦਾ ਹੈ। 'ਹਿਤੋਪਦੇਸ਼'ਅਤੇ 'ਪੰਚਤੰਤਰ' ਇਹ ਯਥਾਰਥਕ ਤਾਂ ਹਨ ਪਰ ਪੈਰਾਂ ਤੋਂ ਲੈ ਕਿ ਚੋਟੀ ਤੱਕ ਨਹੀਂ। ਪਰ ਇਹਨਾਂ ਦੇ ਪਾਤਰ ਫ਼ੇਬਲ ਵਾਂਗ ਪਸ਼ੂ ਪੰਛੀ ਵੀ ਹਨ ਅਤੇ ਉਪਦੇਸ਼ਾਂ ਦਾ ਤੱਤ ਵੀ ਹੈ। ਇਹ ਨਾਵਲੈਟ ਆਪਣੀ ਕਿਸਮ ਦੇ ਨਰਾਲੇ ਨਮੂਨੇ ਹਨ। ਜੋ ਆਪਣੇ ਸਮਿਆਂ ਵਿਚ ਨਾਵਲ ਕਲਾ ਦੇ ਵਧੀਆਂ ਨਮੂਨੇ ਸਨ। ਇਹਨਾਂ ਦੀ ਪ੍ਰਸਿੱਧੀ ਸਾਰੇ ਯੂਰਪ ਵਿਚ ਫੈਲ ਗਈ ਸਨ ਅਤੇ ਚਾਸਰ ਕਵੀ ਦੀ 'ਟੇਲਸ ਆਫ਼ ਕੈਟਰ ਬਰੀ' ਵਿਚ ਇਹਨਾਂ ਦਾ ਪ੍ਰਮਾਣ ਮਿਲਦਾ ਹੈ।

'ਨਾਵਲ' ਸ਼ਬਦ ਅੰਗਰੇਜ਼ੀ ਭਾਸ਼ਾ ਦਾ ਹੈ ਇਸ ਦੇ ਸ਼ਾਬਦਿਕ ਅਰਥ ਹਨ -ਅਜੀਬ, ਅਨੋਖਾ, ਅਸਚਰਜ, ਅਰਥਾਤ "ਨਾਵਲ"ਸਾਹਿਤ ਦਾ ਰੂਪ ਹੈ, ਜਿਸ ਵਿਚ ਮਨੁੱਖੀ ਜੀਵਨ ਦੀਆਂ ਵਿਸ਼ੇਸ਼ ਸੁਆਦਲੀਆਂ ਤੇ ਅਸਚਰਜ ਘਟਨਾਵਾਂ ਨੂੰ ਬਿਆਨ ਕੀਤਾ ਜਾਵੇ।

**ਪਰਿਭਾਸ਼ਾ**: -

ਡਾ. ਰੋਸ਼ਨ ਲਾਲ ਅਹੂਜਾ ਅਨੁਸਾਰ, "ਨਾਵਲ ਸਧਾਰਨ ਜੀਵਨ ਦਾ ਇੱਕ ਕਲਪਿਤ ਪਰ ਯਥਾਰਥ ਚਰਿੱਤਰ ਹੈ।"[20]

ਰਾਲਫ ਫ਼ਾਕਸ ਦੇ ਸ਼ਬਦਾਂ ਵਿਚ, "ਨਾਵਲ ਕਹਾਣੀ ਕਰਨ ਦੀ ਇੱਕ ਮਹਾਨ ਲੋਕ ਕਲਾ ਹੈ ਜਿਸ ਦਾ ਵਿਸ਼ਾ ਸੰਪੂਰਨ ਮਨੁੱਖ ਚਰਿੱਤਰ ਹੈ।"[21]

ਚਰਡਜ਼ ਬਰਟਨ ਅਨੁਸਾਰ, "ਨਾਵਲ ਸਮਕਾਲੀ ਜੀਵਨ ਦਾ ਗੱਦ ਵਿਚ ਰਚਿਆਂ ਅਧਿਐਨ ਹੈ।"[22]

H. G. Wellsਅਨੁਸਾਰ, "ਨਾਵਲ ਇੱਕ ਨੁਕਸਾਨ ਰਹਿਤ ਨਸ਼ਾ ਹੈ ਜਿਹੜਾ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ ਜਦੋਂ ਮਨੁੱਖੀ ਦਿਮਾਗ਼ ਖ਼ਾਲੀ ਹੋਵੇ ਜਾਂ ਮਨੁੱਖ ਕੋਲ ਕਾਫ਼ੀ ਵਿਹਲ ਹੋਵੇ।"[23]

Cleanth Brooks and Austen Warren ਅਨੁਸਾਰ, "ਨਾਵਲ ਇੱਕ ਤਰ੍ਹਾਂ ਨਾਲ ਸਾਡੀ ਜੀਵਨ ਪ੍ਰਕਿਰਿਆ ਦਾ ਸਿਰਜਨਾਤਮਕ ਬਿੰਬ ਹੈ ਜਿਸ ਵਿਚਲਾ ਅਰਥ ਅਨੁਭਵ ਤੋਂ ਜਨਮ ਲੈਂਦਾ ਹੈ।"(The Scope of Fiction, p. 230)ਕੈਥਰੀਨ ਲੀਵਰ ਅਨੁਸਾਰ, "ਨਾਵਲ ਲਿਖਤੀ ਵਾਰਤਕ ਦਾ ਉਹ ਲੰਮਾ ਬਿਰਤਾਂਤ ਹੈ ਜੋ ਪਾਠਕ ਨੂੰ ਆਪਣੇ ਕਲਪਿਤ ਪਰ ਯਥਾਰਥ ਲਗਦੇ ਸੰਸਾਰ ਨਾਲ ਇੰਜ ਜੋੜ ਲੈਂਦਾ ਹੈ ਕਿ ਉਸ ਨੂੰ ਲੇਖਕ ਦੀ ਰਚਨਾਤਮਿਕਤਾ ਕਾਰਨ, ਇਹ ਨਵਾਂ-ਨਵਾਂ ਲੱਗਣ ਲਗ ਜਾਂਦਾ ਹੈ।"[24]

---

[20] ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ-239

[21] ਉਹੀ ਪੰਨਾ-241

[22] ਪ੍ਰੋ ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-14

[23] ਉਹੀ ਪੰਨਾ-39

[24] ਡਾ.ਸਵਿੰਦਰ ਸਿੰਘ ਉਪਲ, ਪੰਜਾਬੀ ਵਿਧੀ ਤੇ ਵਿਚਾਰ, ਪੰਨਾ-34

ਡਾ. ਸ਼ਵਿੰਦਰ ਸਿੰਘ ਉੱਪਲ ਦੇ ਅਨੁਸਾਰ, "ਨਾਵਲ ਵਿਧੀ ਅਨੁਸਾਰ ਪੰਜ ਪ੍ਰਮੁੱਖ ਵਿਸ਼ੇਸ਼ਤਾਵਾਂ- ਜੀਵਨ, ਫ਼ਲਸਫ਼ਾ, ਪਲਾਟ, ਵਾਤਾਵਰਨ ਅਤੇ ਵਾਰਤਾਲਾਪ ਦਾ ਨਾਵਲ ਵਿਚ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ।"[25]

ਭਾਵ ਅੱਜਕੱਲ੍ਹ ਇਹ ਸ਼ਬਦ ਉਨ੍ਹਾਂ ਲੰਮੀਆਂ ਕਥਾਵਾਂ ਲਈ ਵਰਤਿਆ ਜਾਣ ਲੱਗਾ ਹੈ ਜੋ ਵਾਰਤਕ ਵਿਚ ਲਿਖੀਆਂ ਜਾਂਦੀਆਂ ਹਨ। ਜਿਨ੍ਹਾਂ ਵਿਚ ਕੁੱਝ ਪਾਤਰ ਜੀਵਨ ਸੰਘਰਸ਼ ਵਿਚ ਰੁੱਝੇ ਹੁੰਦੇ ਹਨ। ਜਿਨ੍ਹਾਂ ਵਿਚ ਰੋਜਮਰਾ ਦੇ ਜੀਵਨ ਵਿਚ ਵਾਪਰਨ ਵਾਲੀਆਂ ਨਵੀਨ ਘਟਨਾਵਾਂ ਉੱਪਰ ਜ਼ੋਰ ਦਿੱਤਾ ਜਾਂਦਾ ਹੈ

ਨਾਵਲ ਦਾ ਨਿਕਾਸ ਅਤੇ ਵਿਕਾਸ ਯੂਰਪੀ ਦੇਸ਼ਾਂ ਵਿਚ ਹੋਇਆ। ਸੋਲ੍ਹਵੀਂ ਤੋਂ ਅਠਾਹਠਵੀਂ ਸਦੀ ਤੱਕ ਇਹ ਸ਼ਬਦ 'Novella' ਅਤੇ ਸਪੈਨਿਸ਼ ਸ਼ਬਦ 'Novela' ਨਾਲ ਸਬੰਧਿਤ ਅਰਥਾਂ ਤੱਕ ਹੀ ਸੀਮਤ ਰਿਹਾ। ਇਸ ਦਾ ਅਰਥ ਸੀ ਬੋਕੈਚਿਓ(1339-51), ਮਾਰਗੁਰੀਟ ਜਾਰਜ ਪੈਂਤੀ ਅਤੇ ਸਰਵੈਂਟੀਜ ਆਦਿ ਲੇਖਕਾਂ ਵੱਲੋਂ ਲਿਖੀਆਂ ਰੋਚਕ ਕਹਾਣੀਆਂ ਪਰ ਉੱਨ੍ਹੀਵੀਂ ਸਦੀ ਵਿਚ ਨਾਵਲ ਦਾ ਘੇਰਾ ਕਾਫ਼ੀ ਵਿਸ਼ਾਲ ਹੋ ਗਿਆ। ਪ੍ਰੋ. ਬ੍ਰਹਮਜਗਦੀਸ਼ ਦੇ ਅਨੁਸਾਰ, "ਨਾਵਲ ਦਾ ਪ੍ਰਯੋਗ ਕਥਾਨਕ ਦੁਆਰਾ ਕਲਾਤਮਕ ਵਿਉਂਤਬੰਦੀ ਵਿਚ ਬੰਨ੍ਹੀ ਕਿਸੇ ਕਹਾਣੀ ਲਈ ਕੀਤਾ ਜਾਣ ਲੱਗਾ ਹੈ ।''

## ਪੰਜਾਬੀ ਨਾਵਲ

ਪੰਜਾਬੀ ਨਾਵਲ, ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਉੱਨ੍ਹੀਵੀਂ ਸਦੀ ਦੇ ਆਖ਼ਰੀ ਦਹਾਕਿਆਂ ਵਿਚ ਪੈਦਾ ਹੋਇਆ। ਇਸ ਸਮੇਂ ਤਕ ਸਕੂਲਾਂ – ਕਾਲਜਾਂ ਦੇ ਪਾਠਕ੍ਰਮ ਵਿਚ ਯੂਰਪੀ ਸਾਹਿਤ ਸ਼ਾਮਲ ਹੋ ਚੁੱਕਾ ਸੀ ਅਤੇ ਨਾਵਲ , ਯੂਰਪੀ ਸਾਹਿਤ ਦਾ ਇੱਕ ਪ੍ਰਮੁੱਖ ਅੰਗ ਸੀ। ਇਸ ਕਾਰਨ ਨਾਵਲ ਕਾਫ਼ੀ ਪੜ੍ਹਿਆ – ਪੜ੍ਹਾਇਆ ਜਾ ਰਿਹਾ ਸੀ। ਭਾਰਤ ਉੱਤੇ ਅੰਗਰੇਜ਼ੀ ਰਾਜ ਦੀ ਸਥਾਪਨਾ ਹੋਣ ਜਾਣ ਕਰ ਕੇ ਸਾਡੇ ਦੇਸ਼ ਵਿਚ ਪੂੰਜੀਵਾਦੀ ਅਰਥਚਾਰੇ ਦੀ ਸਥਾਪਨਾ ਹੋ ਰਹੀ ਸੀ ਅਤੇ ਨਾਵਲ ਪੂੰਜੀਵਾਦੀ ਯੁੱਗ ਦਾ ਸਭ ਤੋਂ ਮਹੱਤਵਪੂਰਨ ਰੂਪਾਕਾਰ ਹੈ। ਇਸ ਕਾਰਨ ਅਰਥਚਾਰੇ ਦੇ ਤਕਾਜ਼ੇ ਵੀ ਨਾਵਲ ਵਰਗੇ ਸਾਹਿਤ ਰੂਪ ਦੀ ਉਤਪਤੀ ਲਈ ਦਬਾਊ ਪਾ ਰਹੇ ਸਨ। ਇਨ੍ਹਾਂ ਕਾਰਨਾਂ ਕਰ ਕੇ ਪੰਜਾਬੀ ਵਿਚ ਨਾਵਲ –ਰੂਪ ਦਾ ਜਨਮ ਸੰਭਵ ਹੋ ਗਿਆ। "ਪੱਛਮ ਵਿਚ ਗਲਪ ਦਾ ਰੂਪ

[25] ਡਾ.ਸਵਿੰਦਰ ਸਿੰਘ ਉਪਲ, ਪੰਜਾਬੀ ਵਿਧੀ ਤੇ ਵਿਚਾਰ, ਪੰਨਾ-34

ਅਠਾਰ੍ਹਵੀਂ ਸਦੀ ਤੋ ਪ੍ਰਚਲਿਤ ਹੋਇਆ ਪਰ 'ਨਾਵਲ' ਸ਼ਬਦ ਦਾ ਪ੍ਰਚਲਣ ਇੱਕ ਅਤਾਲਵੀ ਲੇਖਕ ਬੋਕਾਚੀਓ ਦੀ ਇੱਕ ਬਿਰਤਾਂਤਿਕ ਰਚਨਾ ਦੇ ਸ਼ੀਰਸ਼ਕ ਤੋ ਹੋਇਆ ਹੈ, ਜਿਸ ਦੇ ਅਰਥ ਸਨ ਨਵੀਆਂ ਕਥਾਵਾਂ।"ਪੰਜਾਬੀ ਨਾਵਲ ਦੀ ਆਧਾਰ-ਸੰਰਚਨਾ ਵਿਚ ਬਹੁਤ ਸਾਰੀਆਂ ਸਾਹਿੱਤਿਕ-ਰੂੜ੍ਹੀਆਂ ਪੰਜਾਬੀ ਸਭਿਆਚਾਰ ਵਿਚੋਂ ਆਈਆਂ ਹਨ, ਇਸ ਕਾਰਨ ਇਹ ਸਾਹਿਤ ਰੂਪ ਪੰਜਾਬੀ ਪਾਠਕਾਂ ਨੂੰ ਕਦੇ ਵੀ ਓਪਰਾ ਮਹਿਸੂਸ ਨਹੀਂ ਹੋਇਆ।

ਪੰਜਾਬੀ ਸਾਹਿਤ ਦੇ ਹੋਰ ਰੂਪਾਂ ਵਾਂਗ ਪੰਜਾਬੀ ਨਾਵਲ ਦਾ ਜਨਮਦਾਤਾ ਵੀ ਭਾਈ ਵੀਰ ਸਿੰਘ ਹੈ। ਉਸ ਨੇ ਈਸਾਈ ਮਤਿ ਦੇ ਪ੍ਰਚਾਰ ਵਾਸਤੇ ਬਣੀ 'ਬਾਈਬਲ ਟ੍ਰੈਕਟ ਸੋਸਾਇਟੀ' ਦੇ ਮੁਕਾਬਲੇ ਲਈ 'ਖ਼ਾਲਸਾ ਟ੍ਰੈਕਟ ਸੋਸਾਇਟੀ' ਦੀ ਸਥਾਪਨਾ ਕੀਤੀ ਅਤੇ ਸਿੱਖ ਪ੍ਰਤਿ ਦੇ ਪ੍ਰਚਾਰ ਵਾਸਤੇ ਸਾਹਿਤ-ਰਚਨਾ ਨੂੰ ਮਾਧਿਅਮ ਬਣਾਇਆ। ਸੁੰਦਰ, ਸਤਵੰਤ, ਬਿਜੈ, ਬਾਬਾ ਨੌਧ ਸਿੰਘ ਆਦਿ ਹਨ।

## ਪੰਜਾਬੀ ਨਾਵਲ ਦੇ ਤੱਤ

ਨਾਵਲ ਦਾ ਸਰੂਪ ਕਈ ਤੱਤਾਂ ਤੋਂ ਮਿਲ ਕਿ ਬਣਦਾ ਹੈ। ਜਿਸ ਤਰ੍ਹਾਂ ਮਨੁੱਖ ਕਈ ਅੰਗਾਂ ਅਤੇ ਪ੍ਰਣਾਲੀਆਂ ਦੇ ਸੰਗਠਨ ਨਾਲ ਸੰਪੂਰਨ ਹੁੰਦਾ ਹੈ। ਇਸੇ ਤਰ੍ਹਾਂ ਨਾਵਲ ਵਿਚ ਵੀ ਕਈ ਤਰ੍ਹਾਂ ਦੇ ਤੱਤ ਹੁੰਦੇ ਹਨ। ਜਿਨ੍ਹਾਂ ਤੋਂ ਬਿਨਾਂ ਨਾਵਲ ਦੀ ਹੋਂਦ ਹੋ ਹੀ ਨਹੀਂ ਸਕਦੀ। ਨਾਵਲਕਾਰ ਨੂੰ ਰਚਨਾ ਕਰਦੇ ਸਮੇਂ ਸੁਚੇਤ ਜਾਂ ਅਚੇਤ ਰੂਪ ਵਿਚ ਇਹਨਾਂ ਦਾ ਧਿਆਨ ਰੱਖਣਾ ਪੈਂਦਾ ਹੈ। ਅਸੀਂ ਨਾਵਲ ਦੇ ਸਰੂਪ ਨੂੰ ਸਮਝਣ ਲਈ ਇਸ ਦੇ ਤੱਤਾਂ ਨੂੰ ਵਿਸਥਾਰ ਵਿਚ ਸਮਝਣ ਦੀ ਕੋਸ਼ਿਸ਼ ਕਰਾਂਗੇ:-

### 1. ਉਦੇਸ਼:-

ਨਾਵਲ ਦੇ ਸਰੂਪ ਦਾ ਸੰਕਲਪ ਸਿੱਧੇ ਰੂਪ ਵਿਚ ਉਦੇਸ਼ ਨਾਲ ਜੁੜਿਆ ਹੁੰਦਾ ਹੈ। ਕਿਉਂਕਿ ਬਿਨਾਂ ਉਦੇਸ਼ ਤੋਂ ਕੋਈ ਵੀ ਰਚਨਾ ਨਹੀਂ ਹੁੰਦੀ। ਹਰ ਰਚਨਾ ਪਿੱਛੇ ਰਚਨਹਾਰ ਦਾ ਕੋਈ ਨਾ ਕੋਈ ਮਨੋਰਥ ਜਾਂ ਉਦੇਸ਼ ਜ਼ਰੂਰ ਹੁੰਦਾ ਹੈ। ਕਈ ਲੇਖਕ ਇਸ ਕਾਰਨ ਲਿਖਦੇ ਹਨ ਕਿ ਉਹ ਤਜ਼ਰਬਿਆਂ ਨੂੰ ਵਿਲੱਖਣ ਰੂਪ ਪ੍ਰਦਾਨ ਕਰ ਕੇ ਪਾਠਕ ਨੂੰ ਗਦਗਦ ਕਰ ਸਕਣ। ਨਾਵਲਕਾਰ ਦਾ ਉਦੇਸ਼ ਓਦੋਂ ਪੂਰਾ ਹੁੰਦਾ ਹੈ ਜਦੋਂ ਉਹ ਪਾਠਕਾਂ ਨੂੰ ਆਪਣੇ ਪਾਤਰਾਂ ਦੀ ਸਚਾਈ ਬਾਰੇ ਜਾਣਕਾਰੀ ਦਿੰਦਾ ਹੈ। ਕਿਉਂਕਿ ਹਰ ਲੇਖਕ ਕੋਈ ਨਾ ਕੋਈ ਅਦਭੁਤ ਸੱਚ ਹੁੰਦਾ ਹੈ। ਜਿਸ ਨੂੰ ਉਹ ਆਪਣੇ ਪਾਠਕਾਂ ਨਾਲ ਸਾਂਝਾ ਕਰਦਾ ਹੈ। ਨਾਵਲਕਾਰ ਨੇ ਬੀਤੇ ਸਮੇਂ ਦੀਆਂ ਘਟਨਾਵਾਂ ਨੂੰ ਨਾਟਕੀ ਢੰਗ ਨਾਲ

ਪੇਸ਼ ਕਰ ਕੇ ਅਦਭੁਤ ਅਤੇ ਪਰਾਸਰੀਰਕ ਵੇਰਵਿਆਂ ਦਾ ਪ੍ਰਯੋਗ ਕਰ ਕੇ ਪਾਠਕ ਨੂੰ ਅਚੰਭਿਤ ਕਰਨ ਦੀ ਕੋਸ਼ਿਸ਼ ਕਰਨੀ ਹੁੰਦੀ ਹੈ।

ਪ੍ਰੰਤੂ ਨਾਵਲਕਾਰ ਦੀ ਇੱਕ ਵੱਡੀ ਸਮੱਸਿਆ ਹੁੰਦੀ ਹੈ ਕਿ ਉਹ ਇਹਨਾਂ ਵੇਰਵਿਆਂ ਨੂੰ ਇਸੇ ਤਰ੍ਹਾਂ ਹੀ ਪੇਸ਼ ਨਹੀਂ ਕਰਦਾ ਸਗੋਂ ਉਨ੍ਹਾਂ ਨੂੰ ਜੀਵਨ ਦੇ ਯਥਾਰਥ ਦੀ ਪੇਸ਼ਕਾਰੀ ਦਾ ਭਰਮ ਵੀ ਪੈਦਾ ਕਰਨਾ ਪੈਂਦਾ ਹੈ ਇਸ ਲਈ ਉਹ ਆਪਣੇ ਪਾਤਰਾਂ ਅਤੇ ਘਟਨਾਵਾਂ ਨੂੰ ਸੰਭਵ ਬਣਾ ਕਿ ਪੇਸ਼ ਕਰਦਾ ਹੈ।

ਮੋਪਾਸਾ ਇਸ ਵਿਧੀ ਨੂੰ 'ਸਧਾਰਨ ਯਥਾਰਥ ਦਾ ਅਹਿਸਾਸ' (Feeling of simple reality) ਦਾ ਨਾਂ ਦਿੰਦਾ ਹੈ ਪ੍ਰੰਤੂ ਨਾਵਲ ਦੇ ਇਹ ਉਦੇਸ਼ ਸ਼ੁਰੂਆਤੀ ਦੌਰ ਵਿਚ ਰਹੇ ਹਨ ਪ੍ਰੰਤੂ ਸਤਾਰ੍ਹਵੀਂ ਸਦੀ ਵਿਚ ਉਦਯੋਗਿਕ ਕ੍ਰਾਂਤੀ ਆਉਣ ਨਾਲ ਪੂੰਜੀਵਾਦ ਦੀ ਸ਼ੁਰੂਆਤ ਹੋਈ। ਧਨ ਦੀ ਲਾਲਸਾ ਵਿਚ ਮਨੁੱਖ ਨੇ ਮਨੁੱਖ ਦਾ ਸ਼ੋਸ਼ਣ ਸ਼ੁਰੂ ਕੀਤਾ। ਇਸਤਰੀਆਂ ਅਤੇ ਬੱਚੇ ਵੀ ਇਸ ਪ੍ਰਥਾ ਤੋਂ ਬਚ ਨਾ ਸਕੇ। ਮਜ਼ਦੂਰਾਂ ਤੋਂ ਲੰਮੇ ਸਮੇਂ ਲਈ ਕੰਮ ਲੈਣਾ ਸ਼ੁਰੂ ਕੀਤਾ ਗਿਆ ਅਤੇ ਉਨ੍ਹਾਂ ਦੇ ਆਰਾਮ ਅਤੇ ਨੀਂਦ ਵਿਚ ਵੀ ਕਟੌਤੀ ਹੋਈ। ਇਹਨਾਂ ਹਾਲਤਾਂ ਵਿਚ ਮਨੁੱਖ 'ਤੇ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਤੌਰ 'ਤੇ ਬੋਝ ਵਧਣ ਲੱਗਾ। ਕੋਮਲ ਭਾਵੀ ਲੇਖਕਾਂ ਨੇ ਨਾਇਕਾਂ ਅਤੇ ਪਰਾਸਰੀਰਕ ਕਹਾਣੀਆਂ ਨੂੰ ਛੱਡ ਕਿ ਪੂੰਜੀਵਾਦੀ ਵਰਤਾਰੇ ਦੇ ਮਨੁੱਖ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਬਾਖ਼ੂਬੀ ਚਿਤਰਿਆ।

ਬ੍ਰਹਮਜਗਦੀਸ਼ ਦੇ ਅਨੁਸਾਰ, "ਅਠਾਰ੍ਹਵੀਂ ਸਦੀ ਦੇ ਲੇਖਕਾਂ ਨੇ ਸਰਵ ਸਾਂਝੀ ਪਰੰਪਰਾ ਦੀ ਬਜਾਏ ਨਿੱਜੀ ਅਨੁਭਵ ਦੇ ਅਭਿਵਿਅੰਜਨ ਉੱਪਰ ਜ਼ੋਰ ਦਿੱਤਾ। ਇਹ ਨਾਵਲਕਾਰ ਚਰਿੱਤਰ ਚਿਤਰਨ ਲਈ ਵਿਅਕਤੀਗਤ ਚੇਤਨਾ ਅਤੇ ਸ਼ਨਾਖ਼ਤ ਨਾਲ ਸਬੰਧਿਤ ਵਿਧੀਆਂ ਦਾ ਪ੍ਰਯੋਗ ਕਰਦੇ ਹਨ।
ਇਸ ਪ੍ਰਕਾਰ ਨਾਵਲਕਾਰ ਆਪਣੇ ਨਾਵਲ ਦੇ ਸਥਾਨ ਨੂੰ ਬੜੀ ਸਾਵਧਾਨੀ ਨਾਲ ਬਿਆਨ ਦਾ ਹੈ ਹਰ ਚੀਜ਼ ਵੱਲ ਪੂਰਾ ਧਿਆਨ ਕੇਂਦਰਿਤ ਕਰਦਾ ਹੈ ਅਤੇ ਨਾਵਲ ਦੀਆ ਘਟਨਾਵਾਂ ਨੂੰ ਬਿਆਨ ਦੇ ਸਮੇਂ ਉਹ ਇਤਿਹਾਸ ਦੇ ਇੱਕ ਵਿਸ਼ੇਸ਼ ਕਾਲ ਦੀ ਚੋਣ ਕਰਦਾ ਹੈ।

ਹਰ ਬਿਰਤਾਂਤ ਵਿਧੀ ਜਿਸ ਦਾ ਕੋਈ ਨਾਵਲਕਾਰ ਪ੍ਰਯੋਗ ਕਰਦਾ ਹੈ ਦੇ ਪਿੱਛੇ ਨਾਵਲਕਾਰ ਦੀ ਇਹੀ ਰੁਚੀ ਕੰਮ ਕਰਦੀ ਹੈ ਕਿ ਉਸ ਦਾ ਬਿਰਤਾਂਤ ਪ੍ਰਮਾਣਿਕ ਅਤੇ ਵਾਸਤਵਿਕ ਪ੍ਰਤੀਤ ਹੋਵੇ ਅਤੇ ਉਹ ਵਿਅਕਤੀ ਦੀ ਚੇਤਨਾ ਦਾ ਸੁਚੱਜਾ ਵਿਸ਼ਲੇਸ਼ਣ ਪੇਸ਼ ਕਰ ਸਕੇ।

## 2. ਕਥਾ ਵਸਤੂ :

ਨਾਵਲ ਦਾ ਸਭ ਤੋਂ ਮਹੱਤਵਪੂਰਨ ਤੱਤ ਹੈ ਕਥਾ ਜਾਂ ਕਹਾਣੀ। ਜੀਵਨ ਦੀ ਕਹਾਣੀ ਨੂੰ ਇੱਕ ਕਲਾਤਮਿਕ ਢੰਗ ਨਾਲ ਪੇਸ਼ ਕਰਨ ਨੂੰ ਨਾਵਲ ਰਚਨਾ ਕਹਿੰਦੇ ਹਨ। ਈ. ਐੱਮ. ਫਾਰਸਟਰ ਨੇ ਵੀ ਕਹਾਣੀ ਤੱਤ ਨੂੰ ਨਾਵਲ ਦਾ ਸਭ ਤੋਂ ਜ਼ਰੂਰੀ ਅੰਗ ਮੰਨਿਆ ਹੈ। ਉਸ ਅਨੁਸਾਰ ਜੇਕਰ ਅਸੀਂ ਤਿੰਨ ਵਿਭਿੰਨ ਪ੍ਰਕਾਰ ਦੇ ਵਿਅਕਤੀਆਂ ਨੂੰ ਨਾਵਲ ਦੇ ਸਰੂਪ ਬਾਰੇ ਪੁੱਛੀਏ ਤਾਂ ਭਾਵੇਂ ਉਨ੍ਹਾਂ ਦਾ ਜਵਾਬ ਤਾਂ ਇੱਕ ਹੀ ਹੋਵੇਗਾ ਪਰ ਉਨ੍ਹਾਂ ਦੀ ਟੋਨ ਵੱਖ-ਵੱਖ ਹੋਵੇਗੀ। ਪਹਿਲਾ ਵਿਅਕਤੀ ਕਹੇਗਾ ਕਿ ਮੈਨੂੰ ਠੀਕ-ਠਾਕ ਤਾਂ ਕੁੱਝ ਪਤਾ ਨਹੀਂ ਪਰ ਮੇਰਾ ਖ਼ਿਆਲ ਹੈ ਕਿ ਨਾਵਲ ਇੱਕ ਪ੍ਰਕਾਰ ਦੀ ਕਹਾਣੀ ਦਾ ਨਾਮ ਹੁੰਦਾ ਹੈ। ਦੂਜਾ ਵਿਅਕਤੀ ਇੱਕ ਦਮ ਉੱਤਰ ਦੇਵੇਗਾ ਕਿ ਨਾਵਲ ਕਹਾਣੀ ਸੁਣਾਉਂਦਾ ਹੈ ਜੇ ਕਿਸੇ ਨਾਵਲ ਵਿਚ ਕਹਾਣੀ ਹੀ ਨਾ ਹੋਵੇ ਤਾਂ ਮੇਰੇ ਲਈ ਉਸ ਦੇ ਕੋਈ ਅਰਥ ਨਹੀਂ। ਮੈਨੂੰ ਕਹਾਣੀ ਚੰਗੀ ਲਗਦੀ ਹੈ । ਤੀਜਾ ਵਿਅਕਤੀ ਕੁੱਝ ਉਦਾਸੀ ਦੇ ਲਹਿਜ਼ੇ ਵਿਚ ਕਹੇਗਾ, "ਹਾਂ ਬਈ ਹਾਂ ! ਨਾਵਲ ਕਹਾਣੀ ਸੁਣਾਉਂਦਾ ਹੈ।

ਈ. ਐਮ. ਫਾਰਸਟਰ ਲਿਖਦਾ ਹੈ ਕਿ ਮੈਂ ਇਹਨਾਂ ਤਿੰਨਾਂ ਵਿਚੋਂ ਪਹਿਲੇ ਵਿਅਕਤੀ ਦੀ ਪ੍ਰਸੰਸਾ ਕਰਦਾ ਹਾਂ। ਦੂਜੇ ਨੂੰ ਨਾ ਪਸੰਦ ਕਰਦਾ ਹਾਂ ਅਤੇ ਡਰਦਾ ਹਾਂ। ਤੀਜਾ ਵਿਅਕਤੀ ਮੈਂ ਖ਼ੁਦ ਹਾਂ।

ਨਾਵਲ ਇੱਕ ਅਜਿਹਾ ਰੂਪਾਕਾਰ ਹੈ ਜਿਸ ਦਾ ਮੂਲ ਤੱਤ ਕਹਾਣੀ ਹੈ। ਇਸ ਕਹਾਣੀ ਤੱਤ ਤੋਂ ਬਿਨਾਂ ਨਾਵਲ ਦੀ ਹੋਂਦ ਸੰਭਵ ਹੀ ਨਹੀਂ। ਕਹਾਣੀ ਆਦਿ ਕਾਲ ਤੋਂ ਮਨੁੱਖ ਦੀ ਸਖੀ ਰਹੀ ਹੈ। ਮਨੁੱਖ ਨੇ ਕਹਾਣੀਆਂ ਦਾ ਸਹਾਰਾ ਵੱਖੋ-ਵੱਖ ਕਾਰਜਾਂ ਲਈ ਲਿਆ ਹੈ, ਜਿਸ ਵਿਚ ਮਨੋਰੰਜਨ ਤੋਂ ਇਲਾਵਾ ਸਭਿਆਚਾਰ ਦੇ ਸੰਚਾਰ ਅਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਜਾਗਦੇ ਰਹਿਣ ਲਈ ਵੀ ਕਹਾਣੀਆਂ ਸੁਣਾ ਕਿ ਉਤਸੁਕਤਾ ਬਣਾਈ ਰੱਖਣ ਲਈ ਕੀਤੀ।

"ਕਹਾਣੀ ਵਾਂਗ ਗੋਂਦ ਵੀ ਘਟਨਾਵਾਂ ਦਾ ਇੱਕ ਬਿਰਤਾਂਤ ਹੀ ਹੁੰਦਾ ਹੈ ਪਰ ਇਸ ਵਿਚ ਕਾਰਨ ਉੱਪਰ ਬਲ ਦਿੱਤਾ ਜਾਂਦਾ ਹੈ। ਕਹਾਣੀ ਦੀਆਂ ਘਟਨਾਵਾਂ ਨੂੰ ਜਦੋਂ ਕਾਲ ਕਰਮ ਵਿਚ ਬੰਨ੍ਹਣ ਦੀ ਬਜਾਏ ਕਾਰਨ ਕਾਰਜ ਦੇ ਕ੍ਰਮ ਵਿਚ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਪਲਾਟ ਉਤਪੰਨ ਹੋ ਜਾਂਦਾ ਹੈ।''

ਕਥਾ ਕਹਾਣੀ ਲੇਖਕ ਦੀ ਮਰਜ਼ੀ ਅਨੁਸਾਰ ਨਹੀਂ ਚਲਦੀ ਪ੍ਰੰਤੂ ਕਥਾਨਕ ਲੇਖਕ ਦੀ ਸਿਰਜਨਾਤਮਕ ਪ੍ਰਤਿਭਾ ਦੇ ਅਨੁਸਾਰ ਚਲਦਾ ਹੈ। ਨਾਵਲ ਦੀ ਕਹਾਣੀ ਨੂੰ ਕਿਥੋਂ ਸ਼ੁਰੂ ਕਰਨਾ ਹੈ, ਵੱਖ-ਵੱਖ ਘਟਨਾਵਾਂ ਨੂੰ ਕਿਸ ਤਰਤੀਬ ਵਿਚ ਪੇਸ਼ ਕਰਨਾ ਹੈ, ਕਹਾਣੀ ਦੀ ਸਮਾਪਤੀ ਕਿਸ ਪੜਾਊ ਉੱਪਰ ਕਰਨੀ ਹੈ-ਅਜਿਹੇ ਨਿਰਨੇ ਲੇਖਕ ਨੂੰ ਖ਼ੁਦ ਕਰਨੇ ਪੈਂਦੇ ਹਨ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਨਾਵਲ ਸਿਰਫ਼ ਕਹਾਣੀ ਨਹੀਂ ਹੁੰਦਾ। ਸਗੋਂ ਇਹ ਤਾਂ ਕਥਾ ਵਸਤੂ ਜਾਂ ਕਹਾਣੀ ਨੂੰ ਤਰਤੀਬ ਵਿਚ ਬੰਨ੍ਹ ਕਿ ਪੇਸ਼ ਕਰਨਾ ਹੈ। ਕਥਾ ਵਸਤੂ ਨੂੰ ਦੂਜੇ ਨੰਬਰ ਤੇ ਰੱਖਿਆ ਜਾਂਦਾ ਹੈ ਕਿਉਂਕਿ ਪਾਤਰਾਂ ਦੀਆਂ ਗਤੀਵਿਧੀਆਂ ਨਾਲ ਘਟਨਾਵਾਂ ਵਾਪਰਦੀਆਂ ਹਨ ਅਤੇ ਫਿਰ ਕਹਾਣੀ ਬਣਦੀ ਹੈ। ਨਾਵਲ ਦੀਆਂ ਘਟਨਾਵਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ।

1. ਮਨੁੱਖੀ

2. ਕੁਦਰਤੀ

ਮਨੁੱਖੀ ਘਟਨਾਵਾਂ ਵਿਚ ਮਨੁੱਖ ਦੇ ਵਿਚਾਰਾਂ, ਭਾਵਾਂ ਅਤੇ ਮਜਬੂਰੀਆਂ ਵਾਪਰਦੀਆਂ ਹਨ। ਇਹ ਮਨੁੱਖ ਦੇ ਚਰਿੱਤਰ ਦਾ ਹਿੱਸਾ ਬਣਦੀਆਂ ਹਨ ਅਤੇ ਆਚਰਨ ਦੇ ਅਨੁਕੂਲ ਹੁੰਦੀਆਂ ਹਨ। ਨਿਰਾਰਥਕ, ਅਸੁਭਾਵਿਕ, ਫ਼ਾਲਤੂ ਅਤੇ ਬੇਲੋੜੀਆਂ ਘਟਨਾਵਾਂ ਭਾਵੇਂ ਕਿੰਨੀਆਂ ਵੀ ਰੋਚਕ ਹੋਣ ਨਾਵਲ ਵਿਚ ਨਹੀਂ ਹੋਣੀਆਂ ਚਾਹੀਦੀਆਂ ਹਨ। ਕੁਦਰਤੀ ਘਟਨਾਵਾਂ ਜਿਵੇਂ ਮੀਂਹ, ਹਨੇਰੀ, ਭੂਚਾਲ, ਤੁਫ਼ਾਨ, ਹੜ੍ਹ ਆਦਿ ਹੁੰਦੀਆਂ ਹਨ ਜੋ ਮਨੁੱਖ ਨੂੰ ਪੁੱਛ ਕੇ ਨਹੀਂ ਆਉਂਦੀਆਂ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਨਾਵਲ ਦੇ ਪਾਤਰਾਂ ਤੇ ਇਹਨਾਂ ਘਟਨਾਵਾਂ ਦਾ ਕੀ ਅਸਰ ਪੈਂਦਾ ਹੈ ਅਤੇ ਜੋ ਅਸਰ ਪੈਂਦਾ ਹੈ ਕੀ ਉਹ ਠੀਕ ਹੈ? ਆਧੁਨਿਕ ਗਲਪ ਵਿਚ ਕੁਦਰਤੀ ਘਟਨਾਵਾਂ ਅਤੇ ਚਮਤਕਾਰਾਂ ਦੀ ਮਹੱਤਤਾ ਘੱਟ ਰਹੀ ਹੈ।

ਅਰਸਤੂ ਨੇ ਆਪਣੇ ਕਾਵਿ ਸ਼ਾਸਤਰ ਵਿਚ ਪਲਾਟ ਨੂੰ 'ਤ੍ਰਾਸਦੀ ਦੀ ਆਤਮਾ' ਮੰਨਿਆ ਹੈ। ਉਹ ਪਲਾਟ ਨੂੰ ਘਟਨਾਵਾਂ ਦੀ ਕਲਾਤਮਕ ਵਿਉਂਤਬੰਦੀ ਕਹਿੰਦਾ ਹੈ।

"ਕਹਾਣੀ ਦੀ ਵਸਤੂ ਜਾਂ ਪਲਾਟ ਇਸ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਸਰੀਰ ਹੱਡੀਆਂ ਦਾ ਢਾਂਚਾ ਹੋਵੇ। ਟੰਗਾਂ ਤੇ ਬਹਾਵਾਂ ਦੀਆਂ ਹੱਡੀਆਂ ਕਿਰਿਆਸ਼ੀਲ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਪਾਤਰ ਵੀ ਕਹਿ ਸਕਦੇ ਹਾਂ। ਸਿਰ ਦੀ

ਖੋਪਰੀ ਵਿਚਾਰਾਂ ਦੀ ਥਾਂ ਹੈ। ਦਿਲ ਵਿਚੋਂ ਅੰਗਾਂ ਵੱਲ ਚੱਕਰ ਪਾ ਰਿਹਾ ਖ਼ੂਨ ਰਸ ਦਾ ਪ੍ਰਤੀਕ ਹੈ। ਇਸ ਦ੍ਰਿਸ਼ਟਾਂਤ ਨਾਲ਼ ਵਸਤੂ ਦੇ ਪਾਤਰਾਂ ਦਾ ਸਬੰਧ ਸਪਸ਼ਟ ਹੋ ਜਾਂਦਾ ਹੈ।''

ਅਰਸਤੂ ਦੇ ਅਨੁਸਾਰ ਵਸਤੂ ਦੋ ਪ੍ਰਕਾਰ ਦੀ ਹੋ ਸਕਦੀ ਹੈ-

**1. ਸਰਲ : ਜਿਸ ਕਹਾਣੀ ਵਿਚ ਕਿਰਿਆ ਇੱਕੋ, ਨਿਰੰਤਰ ਅਤੇ ਸੰਪੂਰਨ ਹੋਵੇ।**

2. ਗੁੰਝਲਦਾਰ: (ਜਦੋਂ ਕਿਸੇ ਨਾਇਕ/ਪਾਤਰ ਬਾਰੇ ਪਾਠਕ ਦੀ ਸੋਚ ਦੇ ਉਲਟ ਘਟਨਾਵਾਂ ਵਾਪਰਦੀਆਂ ਹਨ) ਅਰਸਤੂ ਇਕਹਰੇ ਪਲਾਟ ਨਾਲੋਂ ਗੁੰਝਲਦਾਰ ਪਲਾਟ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ। ਨਾਵਲ ਵਿਚ ਮੁੱਖ ਤੌਰ ਤੇ ਇੱਕ ਕਹਾਣੀ ਹੁੰਦੀ ਹੈ ਅਤੇ ਕੁੱਝ ਸਹਾਇਕ। ਇਸੇ ਤਰ੍ਹਾਂ ਪਲਾਟ ਦੇ ਵੀ ਦੋ ਭਾਗ ਹੀ ਹੁੰਦੇ ਹਨ। ਇੱਕ ਮੂਲ ਕਥਾ ਨਾਲ ਸਬੰਧਿਤ ਅਤੇ ਦੂਸਰਾ ਸਹਾਇਕ ਕਥਾਵਾਂ ਨੂੰ ਉਸਾਰਨ ਲਈ।

ਪ੍ਰੋ. ਪਿਆਰਾ ਸਿੰਘ ਦੇ ਅਨੁਸਾਰ, "ਨਾਵਲਕਾਰ ਦੀ ਸਫਲਤਾ ਦਾ ਸਿਹਰਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਆਪਣੀ ਨਾਵਲੀ ਰਚਨਾ ਵਿਚ ਵੱਖ-ਵੱਖ ਘਟਨਾਵਾਂ ਨੂੰ ਪਲਾਟ ਦਾ ਰੂਪ ਦਿੱਤਾ ਹੈ। ਇਸ ਵਿਧੀ ਨੂੰ ਹੀ ਨਾਵਲ ਦੀ ਬੁਣਤਰ ਆਖਿਆ ਜਾਂਦਾ ਹੈ।''[26]

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਫਲ ਪਲਾਟ ਵਿਚ ਮੌਲਿਕਤਾ, ਰੋਚਿਕਤਾ ਅਤੇ ਸੁਭਾਵਿਕਤਾ ਦੇ ਗੁਣ ਜ਼ਰੂਰੀ ਹਨ।

## 3. ਪਾਤਰ ਤੇ ਪਾਤਰ ਉਸਾਰੀ

ਪਾਤਰ ਨਾਵਲ ਦਾ ਇੱਕ ਮਹੱਤਵਪੂਰਨ ਤੱਤ ਹੈ, ਕਿਉਂਕਿ ਨਾਵਲਕਾਰ ਸਾਰੀ ਕਥਾ ਕਿਸੇ ਪਾਤਰ ਦੇ ਦੁਆਲੇ ਹੀ ਖੜ੍ਹੀ ਕਰਦਾ ਹੈ। ਇਸੇ ਲਈ ਸ਼ਾਇਦ ਪਾਤਰ ਨੂੰ ਨਾਵਲ ਦਾ ਸਭ ਤੋਂ ਜ਼ਰੂਰੀ ਤੱਤ ਮੰਨਿਆ ਜਾਂਦਾ ਹੈ। ਨਾਵਲ ਵਿਚ ਇੱਕ ਮੁੱਖ ਪਾਤਰ ਹੁੰਦਾ ਹੈ ਬਾਕੀ ਉਸ ਦੇ ਦੁਆਲੇ ਇਸ ਤਰ੍ਹਾਂ ਘੁੰਮਦੇ ਹਨ ਜਿਵੇਂ ਸੂਰਜ ਦੇ ਦੁਆਲੇ ਗ੍ਰਹਿ। ਡਾ:ਰੌਸ਼ਨ ਲਾਲ ਅਹੂਜਾ ਦੇ ਅਨੁਸਾਰ, "ਮੁੱਖ ਪਾਤਰ ਨਾਵਲ ਦਾ ਕੇਂਦਰ ਬਣਦਾ ਹੈ ਅਤੇ ਰੋਚਕਤਾ ਦਾ ਫੋਕਸ।'' ਨਾਇਕ ਜਾਂ ਮੁੱਖ ਪਾਤਰ ਦਾ ਵਿਰੋਧੀ ਪ੍ਰਤੀਨਾਇਕ ਬਣਦਾ ਹੈ। ਇਹ ਨਾਇਕ ਦੇ ਜੀਵਨ ਨੂੰ ਅਸਫਲ ਬਣਾ ਦੇਣ ਦੀ ਸ਼ਕਤੀ ਰੱਖਦਾ ਹੈ।

---

[26] ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ ਪੰਨਾ- 45

ਪੱਛਮੀ ਸਾਹਿਤ ਵਿਚ ਪਾਤਰ ਉਸਾਰੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਫਰਾਂਸਿਸ ਬੇਕਨ ਨੇ ’**Advan**

**cement of learning’**(1605) ਵਿਚ ਕਿਹਾ ਹੈ ਕਿ "ਮਨੁੱਖ ਪੂਰੇ ਬ੍ਰਹਿਮੰਡ ਦਾ ਇੱਕ ਲਘੂ ਰੂਪ ਜਾਂ ਮਾਡਲ ਹੈ ।''

ਇਸ ਲਈ ਨਾਵਲ ਵਿਚ ਆਮ ਤੌਰ ਤੇ ਦੋ ਧੜੇ ਬਣ ਜਾਂਦੇ ਹਨ। ਇੱਕ ਨਾਇਕ ਦੇ ਪੱਖ ਵਿਚ ਅਤੇ ਦੂਸਰਾ ਉਸ ਦੇ ਵਿਰੁੱਧ ਵਿਚ।

ਇਸ ਤਰ੍ਹਾਂ ਪਾਤਰ ਆਮ ਜ਼ਿੰਦਗੀ ਵਿਚ ਵਾਪਰਦੀਆਂ ਘਟਨਾਵਾਂ ਵਰਗੀਆਂ ਘਟਨਾਵਾਂ ਨੂੰ ਜਨਮ ਦਿੰਦੇ ਹਨ ਅਤੇ ਆਪ ਵੀ ਆਮ ਜ਼ਿੰਦਗੀ ਵਿਚ ਆਮ ਮਿਲਦੇ ਇਨਸਾਨਾਂ ਵਰਗੇ ਹੋਣੇ ਚਾਹੀਦੇ ਹਨ। ਉਨ੍ਹਾਂ ਦੀ ਸੋਚ ਅਤੇ ਪਹਿਰਾਵਾ ਵੀ ਆਮ ਹੋਣਾ ਚਾਹੀਦਾ ਹੈ ਕਿਉਂਕਿ ਲੇਖਕ ਨੇ ਪਾਤਰਾਂ ਦੇ ਨਿੱਜੀ ਵਿਚਾਰਾਂ ਅਤੇ ਗਤੀਵਿਧੀਆਂ ਦਾ ਸਧਾਰਨੀਕਰਨ ਕਰਨਾ ਹੁੰਦਾ ਹੈ।

ਪ੍ਰਸਿੱਧ ਪੱਛਮੀ ਆਲੋਚਕ 'ਹਡਸਨ'ਦਾ ਕਹਿਣਾ ਹੈ ਕਿ ਪਾਤਰ ਉਸਾਰੀ ਮਨੋਵਿਗਿਆਨਕ ਪੱਖ ਤੋਂ ਹੋਣੀ ਚਾਹੀਦੀ ਹੈ। ਪਾਤਰ ਉਸਾਰੀ ਲਈ ਦੋ ਵਿਰੋਧੀ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ:-

1 ਪ੍ਰਤੱਖ ਪੱਧਰ ਦੀ

2 ਅਪ੍ਰਤੱਖ ਪੱਧਰ ਦੀ

ਪ੍ਰਤੱਖ ਪੱਧਰ 'ਤੇ ਨਾਵਲਕਾਰ ਪਾਤਰਾਂ ਦੇ ਚਿੱਤਰ ਪੇਸ਼ ਕਰਦਾ ਹੈ ਤੇ ਇਹ ਚਿੱਤਰ ਮੋਟੇ ਤੌਰ ਤੇ ਪਾਤਰਾਂ ਦੀਆਂ ਭਾਵਨਾਵਾਂ ਅਤੇ ਵਰਤੋਂ ਵਰਤਾਰੇ ਨੂੰ ਪੇਸ਼ ਕਰਦੇ ਹਨ। ਅਪ੍ਰਤੱਖ ਵਿਧੀ ਵਿਚ ਨਾਵਲਕਾਰ ਆਪਣੀਆਂ ਨਾਵਲਕਾਰ ਆਪਣੀਆਂ ਟਿੱਪਣੀਆਂ ਜਾਂ ਦੂਸਰੇ ਪਾਤਰਾਂ ਦੀ ਕਿਸੇ ਇੱਕ ਪਾਤਰ ਬਾਰੇ ਰਾਇ ਤੋਂ ਪਾਤਰ ਉਸਾਰੀ ਕਰਦਾ ਹੈ।

ਪਾਤਰ ਦੋ ਕਿਸਮ ਦੇ ਹੁੰਦੇ ਹਨ :-

**1. ਚਪਟੇ ਪਾਤਰ**

2. ਗੋਲ ਜਾਂ ਬਹੁਪੱਖੀ ਪਾਤਰ

ਚਪਟੇ ਪਾਤਰ ਇੱਕੋ ਝਲਕ ਵਿਚ ਹੀ ਪ੍ਰਤੱਖ ਜਾ ਸਪਸ਼ਟ ਹੋ ਜਾਂਦੇ ਹਨ। ਬੱਚੇ, ਬੁੱਢੇ ਅਤੇ ਮੰਦਬੁੱਧੀ ਪਾਤਰ ਇਸੇ ਸ਼੍ਰੇਣੀ ਵਿਚ ਰੱਖ ਕੇ ਘੜੇ ਜਾਂਦੇ ਹਨ। ਇਹਨਾਂ ਪਾਤਰਾਂ 'ਤੇ ਸਥਿਤੀ ਜਾਂ ਵੱਡੇ ਪਾਤਰਾਂ ਦੇ ਬਦਲਣ ਦਾ ਕੋਈ ਅਸਰ ਨਹੀਂ ਹੁੰਦਾ।

ਬਹੁਪੱਖੀ ਜਾਂ ਗੋਲ ਪਾਤਰ ਗੋਲ ਜਾਂ ਚੌਰਸ ਵਸਤੂ ਵਾਂਗ ਇੱਕੋ ਝਲਕ ਵਿਚ ਸਾਰੇ ਦਿਖਾਈ ਨਹੀਂ ਦਿੰਦੇ। ਉਨ੍ਹਾਂ ਦੇ ਸੁਭਾਅ ਅਤੇ ਲੱਛਣਾਂ ਦੀਆਂ ਪਰਤਾਂ ਅੰਤ ਤੱਕ ਖੁੱਲ੍ਹਦੀਆਂ ਰਹਿੰਦੀਆਂ ਹਨ। ਮੁੱਖ ਪਾਤਰ ਖ਼ਾਸ ਕਰ ਨਾਇਕ, ਨਾਇਕਾ, ਪ੍ਰਤੀਨਾਇਕ ਅਤੇ ਪ੍ਰਤੀਨਾਇਕਾਂ ਇਸ ਸ਼੍ਰੇਣੀ ਵਿਚ ਆਉਂਦੇ ਹਨ। ਜਿਸ ਪਾਤਰ ਦੇ ਨਿਰਮਾਣ ਵਿਚ ਜ਼ਿਆਦਾ ਸਮਾਂ ਲੱਗੇ ਉਸ ਦਾ ਵਿਕਾਸ ਹੋਣਾ ਕੁਦਰਤੀ ਹੈ। ਘੱਟ ਬੁੱਧੀ, ਬੱਚੇ ਅਤੇ ਬੁੱਢੇ ਪਾਤਰ ਇੱਕ ਦੋ ਗੁਣਾਂ ਤੱਕ ਸੀਮਤ ਹੋ ਕੇ ਰਹਿ ਜਾਂਦੇ ਹਨ। ਜਦੋਂ ਕੇ ਵੱਧ ਬੁੱਧੀ ਵਾਲੇ ਪਾਤਰ ਦੇ ਗੁਣ ਸਮੇਂ ਨਾਲ , ਸਥਿਤੀ ਤੇ ਸੰਘਰਸ਼ ਦੇ ਬਦਲਣ ਜਾ ਉਲਝਣ ਨਾਲ, ਬਿਮਾਰੀ ਅਤੇ ਸੰਕਟ ਆਦਿ ਨਾਲ ਨਿੱਖਰਦੇ ਹਨ। ਇਹਨਾਂ ਨੂੰ ਗੋਲ ਪਾਤਰ ਕਿਹਾ ਜਾਂਦਾ ਹੈ। ਚਪਟੇ ਪਾਤਰ ਖੁੱਲ੍ਹਦੇ ਹਨ ਜਦੋਂ ਕੇ ਗੋਲ ਪਾਤਰ ਵਿਕਸਿਤ ਹੁੰਦੇ ਹਨ।

ਲੇਖਕ ਨੂੰ ਪਾਤਰ ਉਸਾਰੀ ਸਮੇਂ ਸਾਵਧਾਨੀ ਤੋਂ ਕੰਮ ਲੈਣਾ ਪੈਂਦਾ ਹੈ ਕਿਉਂਕਿ ਪਾਤਰਾਂ ਵਿਚਲੀ ਭਾਵਨਾਤਮਕ ਸੁਹਿਰਦਤਾ ਹੀ ਨਾਵਲ ਦੀ ਸਫਲਤਾ ਹੈ। ਇਸ ਨਾਲ ਹੀ ਪਾਤਰਾਂ ਵਿਚ ਮਾਨਵਵਾਦੀ ਵਿਚਾਰਾਂ ਦਾ ਸੰਚਾਰ ਹੁੰਦਾ ਹੈ। "ਪਾਤਰ ਜਾਂ ਪਾਤਰ ਉਸਾਰੀ ਉਹੀ ਸਫਲ ਮੰਨੀ ਜਾ ਸਕਦੀ ਹੈ ਜਿਸ ਨੂੰ ਪੜ੍ਹਨ ਸਮੇਂ ਪਾਠਕ ਇਹ ਮਹਿਸੂਸ ਕਰਨ ਕੇ ਇਨ੍ਹਾਂ ਪਾਤਰਾਂ ਦਾ ਦੁੱਖ-ਸੁੱਖ, ਇਹਨਾਂ ਦੇ ਹਾਵ ਭਾਵ ਅਸਲ ਵਿਚ ਉਸ ਦੇ ਆਪਣੇ ਹੀ ਹਨ। ਇਹਨਾਂ ਦੀਆਂ ਸਥਿਤੀਆਂ ਵੀ ਉਸ ਦੀਆਂ ਆਪਣੀਆਂ ਹਨ। ''ਪਾਤਰਾਂ ਦਾ ਵਿਹਾਰ ਵੀ ਕੁਦਰਤੀ ਜਿਹਾ ਹੋਣਾ ਚਾਹੀਦਾ ਹੈ। ਅੱਜ ਕੱਲ੍ਹ ਬੌਧਿਕ ਪਾਤਰਾਂ ਨੂੰ ਵਧੇਰੇ ਪਸੰਦ ਕੀਤਾ ਜਾਂਦਾ ਹੈ। ਪਾਤਰ ਦਾ ਸੁਭਾਅ ਅਤੇ ਪ੍ਰਵਿਰਤੀਆਂ ਦੇ ਅਨੁਸਾਰ ਹੀ ਉਸ ਦਾ ਕਾਰਜ ਆਦਿ ਹੋਣਾ ਚਾਹੀਦਾ ਹੈ।

ਪਾਤਰਾਂ ਨੇ ਕਹਾਣੀ ਜਾਂ ਪਲਾਟ ਨੂੰ ਗਤੀ ਅਤੇ ਰੋਚਿਕਤਾ ਪ੍ਰਦਾਨ ਕਰਨੀ ਹੁੰਦੀ ਹੈ। ਇਸ ਲਈ ਪਾਤਰ ਉਸਾਰੀ ਇਸ ਢੰਗ ਨਾਲ ਹੋਣੀ ਚਾਹੀਦੀ ਹੈ ਕਿ ਪਾਠਕ ਉਕਤਾ ਵੇ ਨਾ ਅਤੇ ਪਲਾਟ ਦਾ ਵਿਕਾਸ ਵੀ ਨਿਰੰਤਰ ਹੁੰਦਾ ਰਹੇ। ਪਾਤਰ ਕਈ ਪ੍ਰਕਾਰ ਦੇ ਹੋ ਸਕਦੇ ਹਨ ਜਿਵੇਂ:-ਮਰਦ, ਔਰਤ, ਬੌਧਿਕ, ਸਮਾਜਿਕ, ਧਾਰਮਿਕ, ਯਥਾਰਥਕ, ਇਤਿਹਾਸਕ, ਮਨੋਵਿਗਿਆਨਕ ਅਤੇ ਉਪਦੇਸ਼ਾਤਮਿਕ ਪਾਤਰ ਆਦਿ। ਪਾਤਰ ਚਿਤਰਨ ਕਰਦੇ ਸਮੇਂ ਕੁੱਝ ਆਮ ਸਿਧਾਂਤਾਂ ਨੂੰ ਮੱਦੇ ਨਜ਼ਰ ਰੱਖਣਾ ਪੈਂਦਾ ਹੈ। ਜੋ ਕਿ ਇਸ ਪ੍ਰਕਾਰ ਹਨ:

1. ਪਾਤਰ ਆਪਣੀ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੇ ਹੋਣ।

2. ਪਾਤਰ ਸੁਭਾਵਿਕ ਦਿੱਖ ਵਾਲੇ ਹੋਣੇ ਚਾਹੀਦੇ ਹਨ।

3. ਕੋਈ ਵੀ ਮਨੁੱਖ ਗ਼ਲਤੀਆਂ ਤੋਂ ਪਰ੍ਹੇ ਨਹੀਂ ਹੁੰਦਾ ਇਸ ਲਈ ਪਾਤਰ ਵੀ ਨੇਕੀ ਅਤੇ ਬਦੀ ਦਾ ਮਿਸ਼ਰਨ ਹੋਣੇ ਚਾਹੀਦੇ ਹਨ।

4. ਉਸ ਦੀ ਸ਼ਖ਼ਸੀਅਤ ਤੋਂ ਪਾਤਰਾਂ ਦੀ ਨੇਕੀ, ਬਦੀ, ਆਸ਼ਾ ਜਾਂ ਨਿਰਾਸ਼ਾ ਬਾਰੇ ਕੋਈ ਸੰਦੇਸ਼ ਮਿਲੇ।

5. ਉਹ ਨਾਵਲ ਦਾ ਇੱਕ ਮਹੱਤਵਪੂਰਨ ਅੰਗ ਹੋਵੇ।

6. ਨਾਵਲ ਦੇ ਪ੍ਰਸੰਗ ਦੇ ਅਨੁਸਾਰ ਹੋਣ।

### 4. **ਵਾਰਤਾਲਾਪ**

ਨਾਵਲ ਵਿਚ ਵਾਰਤਾਲਾਪ ਦਾ ਵਿਸ਼ੇਸ਼ ਮਹੱਤਵ ਹੈ ਭਾਵੇਂ ਨਾਟਕ ਵਾਂਗ ਕੇਂਦਰੀ ਮਹਾਨਤਾ ਪ੍ਰਾਪਤ ਨਹੀਂ ਹੁੰਦੀ ਫਿਰ ਵੀ ਵਾਰਤਾਲਾਪ ਨਾਵਲ ਘਟਨਾਵਾਂ ਨੂੰ ਆਪਸ ਵਿਚ ਜੋੜਦੇ ਅਤੇ ਕਹਾਣੀ ਨੂੰ ਰੋਚਿਕਤਾ ਅਤੇ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ। ਵਾਰਤਾਲਾਪਾਂ ਰਾਹੀਂ ਹੀ ਲੇਖਕ ਪਾਤਰਾਂ ਦੀ ਉਸਾਰੀ ਕਰਦਾ ਹੈ ਅਤੇ ਉਤਨਾ ਦੇ ਗੁਣ ਔਗੁਣਾਂ ਬਾਰੇ ਦੱਸਦਾ ਹੈ। ਪਰੰਤੂ ਵਾਰਤਾਲਾਪ ਸਿਰਜਣਾ ਕੋਈ ਖੱਬੇ ਹੱਥ ਦੀ ਖੇਡ ਨਹੀਂ ਕਿਉਂਕਿ ਲੇਖਕ ਨੂੰ ਹਰ ਪਾਤਰ ਦੇ ਮਾਨਸਿਕ ਅਤੇ ਸਮਾਜਿਕ ਪੱਧਰ ਅਨੁਸਾਰ ਵਾਰਤਾਲਾਪਾਂ ਦੀ ਸਿਰਜਣਾ ਕਰਨੀ ਪੈਂਦੀ ਹੈ। ਮਨੋਵਿਗਿਆਨਿਕ ਪ੍ਰਵ੍ਰਿਤੀ ਦੇ ਨਾਵਲਕਾਰ ਨੂੰ ਆਪਣੇ ਪਾਤਰਾਂ ਦੇ ਵਿਚਾਰਾਂ ਅਤੇ ਭਾਵਾਂ ਦੀ ਅੰਦਰੂਨੀ ਕਸ਼ਮਕਸ਼ ਵੱਲ ਵਧੇਰੇ ਧਿਆਨ ਦੇਣਾ ਪੈਂਦਾ ਹੈ। ਵਾਰਤਾਲਾਪ ਸਿਰਜਣਾ ਲਈ ਨਾਵਲਕਾਰ ਨੂੰ ਇੱਕ ਨਾਟਕਕਾਰ ਵਾਂਗ ਯਥਾਰਥ ਐਥੇ ਕਲਪਨਾ ਦਾ ਸਹਾਰਾ ਲੈਣਾ ਪੈਂਦਾ ਹੈ। ਆਲੋਚਕਾਂ ਦੇ ਅਨੁਸਾਰ ਨਾਵਲ ਰਚਨਾ ਵਿਚ ਸੰਵਾਦ ਬੜਾ ਸੁਭਾਵਿਕ ਹੋਣਾ ਚਾਹੀਦਾ ਹੈ, ਵਾਰਤਾਲਾਪ ਵਾਤਾਵਰਨ ਅਤੇ ਸਥਿਤੀਆਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਨਾਵਲ ਅਤੇ ਇਸ ਦੇ ਕਥਾਨਕ ਦੀ ਸਜੀਵਤਾ ਸਮੇਂ, ਸਥਾਨ ਅਤੇ ਸਥਿਤੀਆਂ ਮੁਤਾਬਿਕ ਢੁਕਵੇਂ ਵਾਰਤਾਲਾਪਾਂ ਦੀ ਵਰਤੋਂ ਤੇ ਨਿਰਭਰ ਕਰਦੀ ਹੈ। ਅਢੁਕਵਾਂ ਵਾਰਤਾਲਾਪ ਨਾਵਲੀ ਪ੍ਰਭਾਵ ਨੂੰ ਖੰਡਤ ਕਰ ਦਿੰਦੇ ਹਨ।

ਵਾਰਤਾਲਾਪ ਦੁਆਰਾ ਨਾਵਲਕਾਰ ਨੇ ਸਿਰਫ਼ ਪਾਤਰ ਉਸਾਰੀ ਹੀ ਨਹੀਂ ਕਰਨੀ ਹੁੰਦੀ ਸਗੋਂ ਪਲਾਟ ਅਤੇ ਕਥਾ ਨੂੰ ਵੀ ਅੱਗੇ ਤੋਰ ਕੇ ਗਤੀਸ਼ੀਲ ਕਰਨਾ ਹੁੰਦਾ ਹੈ। ਇਸ ਲਈ ਵਾਰਤਾਲਾਪ ਬੜੇ ਪੀਡੇ ਅਤੇ ਗੁੰਦਵੇਂ ਤਰੀਕੇ ਨਾਲ ਪੇਸ਼ ਕਰਨੇ ਪੈਂਦੇ ਹਨ ਤਾਂ ਕਿ ਪਲਾਟ ਦੀ ਗਤੀ ਆਪਣੀ ਰਫ਼ਤਾਰ ਨਾਲ ਅੱਗੇ ਵਧਦੀ ਰਹੇ। ਸ਼ੁਰੂਆਤੀ ਦੌਰ ਵਿਚ ਨਾਵਲਕਾਰ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਵਾਰਤਾਲਾਪ ਦੀ ਉਸਾਰੀ ਨਹੀਂ ਕਰਦੇ ਸਨ। ਉਹ ਸਿਰਫ਼ ਪਲਾਟ ਦੇ ਵਿਕਾਸ ਨੂੰ ਹੀ ਸੁਚੇਤ ਰੂਪ ਵਿਚ ਸਾਹਮਣੇ ਰੱਖਦੇ ਸਨ ਇਸ ਲਈ ਸੰਵਾਦ ਖ਼ੁਸ਼ਕ ਅਤੇ ਯੋਜਨਾ ਤਮਕ ਨਹੀਂ ਹੁੰਦੇ ਸਨ। ਪਰੰਤੂ ਅੱਜ ਵਾਰਤਾਲਾਪ ਦਾ ਮੂਲ ਉਦੇਸ਼ ਸੂਖਮਤਾ ਦੇ ਭਾਵ ਨੂੰ ਸਾਕਾਰ ਕਰਨਾ ਹੈ ਭਾਵੇਂ ਇਹ ਪਾਤਰ ਦੇ ਮਨ ਦੀ ਹੋਵੇ ਜਾਂ ਸਥਿਤੀ, ਘਟਨਾ ਅਤੇ ਵਾਤਾਵਰਨ ਦੀ ਹੋਵੇ। ਇਸ ਲਈ ਅਜੋਕੇ ਸਮੇਂ ਵਿਚ ਵਾਰਤਾਲਾਪ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਹੀ ਰਚੇ ਜਾਂਦੇ ਹਨ ਅਤੇ ਇਹ ਜ਼ਰੂਰੀ ਵੀ ਹੈ। ਸੋ ਵਾਰਤਾਲਾਪ ਦੀ ਉਸਾਰੀ ਇੱਕ ਔਖਾ ਕੰਮ ਹੈ ਅੰਗਰੇਜ਼ੀ ਵਿਦਵਾਨ ਫਲਾਬੇਅਰ ਅਤੇ ਹੈਨਰੀ ਜ਼ੇਮਜ਼ ਨੇ ਵਾਰਤਾਲਾਪ ਸਿਰਜਣ ਵਿਚ ਕਠਿਨਾਈ ਮਹਿਸੂਸ ਕੀਤੀ ਹੈ। ਵਾਰਤਾਲਾਪ ਸਿਰਜਣਾ ਵਿਚ ਡਿਕਨਜ਼ ਨੂੰ ਪਰਿਪੱਕ ਅਤੇ ਸ਼੍ਰੋਮਣੀ ਨਾਵਲਕਾਰ ਮੰਨਿਆਂ ਜਾਂਦਾ ਹੈ। ਜ਼ੇਮਜ਼ ਜਾਇਸ ਨੂੰ ਛੱਡ ਕਿ ਹੋਰ ਕੋਈ ਨਾਵਲਕਾਰ ਸ਼ਾਇਦ ਹੀ ਉਸ ਦਾ ਮੁਕਾਬਲਾ ਕਰ ਸਕਿਆ ਹੋਵੇ। ਡਿਕਨਜ਼ ਦੇ ਪਾਤਰ ਵਾਰਤਾਲਾਪ ਦੁਆਰਾ ਹੀ ਨਿੱਖਰਦੇ ਹਨ ਪਰੰਤੂ ਜ਼ੇਮਜ਼ ਅਤੇ ਫਲਾਬੇਅਰ ਨੇ ਵਾਰਤਾਲਾਪ ਦਾ ਪ੍ਰਯੋਗ ਸ਼ੁੱਧ ਕਲਾਕਾਰਾਂ ਵਾਂਗ ਕੀਤਾ ਹੈ। ਉਹ ਵਾਰਤਾਲਾਪ ਦੁਆਰਾ ਪਾਤਰ ਦੀ ਮਾਨਸਿਕ ਕਸ਼ਮਕਸ਼ ਅਤੇ ਉਦੇਸ਼ਾਂ ਨੂੰ ਰੂਪਮਾਨ ਕਰਦੇ ਹਨ। ਪੰਜਾਬੀ ਨਾਵਲਕਾਰਾਂ ਵਿਚੋਂ ਨਾਨਕ ਸਿੰਘ ਸੰਵਾਦ ਉਸਾਰੀ ਵਿਚ ਬਹੁਤ ਮਾਹਿਰ ਹੈ। ਜਸਵੰਤ ਸਿੰਘ ਕੰਵਲ ਨੂੰ ਵੀ ਇਸ ਮਾਮਲੇ ਵਿਚ ਬਹੁਤ ਪ੍ਰਵੀਨ ਮੰਨਿਆ ਜਾਂਦਾ ਹੈ ਪਰੰਤੂ ਉਸ ਦੇ ਨਾਵਲਾਂ ਵਿਚ ਕਈ ਵਾਰ ਵਾਰਤਾਲਾਪ ਦੇ ਦ੍ਰਿਸ਼ ਦੌਰਾਨ ਕਹਾਣੀ ਥਮ ਜਾਂਦੀ ਹੈ। ਸੰਤ ਸਿੰਘ ਸੇਖੋਂ ਵੀ ਆਪਣੇ ਨਾਵਲਾਂ ਵਿਚ ਵਾਰਤਾਲਾਪ ਸਿਰਜਣਾ ਸਮੇਂ ਸਿਧਾਂਤਿਕ ਚਰਚਾ ਵਿਚ ਪੈ ਜਾਂਦਾ ਹੈ ਜਿਸ ਨਾਲ ਨਾਵਲ ਦੀ ਸਹਿਜਤਾ ਭੰਗ ਹੋਣ ਲੱਗਦੀ ਹੈ।

ਵਾਰਤਾਲਾਪ ਦਾ ਮਹੱਤਵ ਬਹੁਪੱਖੀ ਹੁੰਦਾ ਹੈ। ਇਸ ਦੀ ਸਹਾਇਤਾ ਨਾਲ ਪਾਤਰਾਂ ਦੇ ਲੁਕਵੇਂ ਗੁਣਾਂ ਦੀ ਜਾਣਕਾਰੀ ਅਤੇ ਛੁਪੇ ਮਨੋਰਥਾਂ ਬਾਰੇ ਵੀ ਪਾਠਕ ਨੂੰ ਪਤਾ ਲੱਗਦਾ ਹੈ। ਵਾਰਤਾਲਾਪ ਕਈ ਵਾਰ ਕਹਾਣੀ ਦੀ ਰਫ਼ਤਾਰ ਰੋਕ ਕੇ ਪਾਠਕ ਨੂੰ ਸਾਹ ਵੀ ਦਿਵਾਉਂਦੇ ਹਨ। ਨਾਵਲ ਦੇ ਪ੍ਰਸੰਗ ਵਿਚ ਵਾਰਤਾਲਾਪ ਦੀ ਉਹੀ ਮਹੱਤਤਾ ਹੈ ਜੋ ਭਾਰਤੀ ਫ਼ਿਲਮਾਂ ਵਿਚ ਸੰਗੀਤ ਦੀ। ਗੀਤਾਂ ਵਾਂਗ ਹੀ ਵਾਰਤਾਲਾਪ ਕੁੱਝ ਸਥਿਤੀਆਂ ਨੂੰ ਡੂੰਘਾ, ਭਾਵਪੂਰਨ

ਅਤੇ ਕਾਵਿਕ ਬਣਾ ਦਿੰਦੇ ਹਨ। ਵਾਰਤਾਲਾਪ ਦੀ ਭੂਮਿਕਾ ਬਿਰਤਾਂਤ ਦੀ ਨੀਰਸਤਾ ਨੂੰ ਤੋੜ ਕੇ ਨਾਵਲ ਬਿਰਤਾਂਤ ਵਿਚ ਵਿਵਿਧਤਾ ਅਤੇ ਵਨ ਸੁਵੰਨਤਾ ਪੈਦਾ ਕਰਨ ਨਾਲ ਜੁੜੀ ਹੋਈ ਹੈ।

## 5. ਵਾਤਾਵਰਨ

ਮਨੁੱਖ ਦੇ ਵਿਕਾਸ ਵਿਚ ਭੂਗੋਲਿਕ, ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਅਕੀਦੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮਨੁੱਖ ਜੋ ਵੀ ਹੈ ਉਹ ਸਿਰਫ਼ ਮਨੁੱਖ ਨਿਰੋਲ ਰੂਪ ਵਿਚ ਖ਼ੁਦ ਹੀ ਨਹੀਂ ਹੁੰਦਾ ਸਗੋਂ ਉਹ ਉਪਰੋਕਤ ਸਾਰੇ ਖੇਤਰਾਂ ਦਾ ਪ੍ਰਭਾਵ ਕਬੂਲਦਾ ਹੋਇਆ ਆਪਣੀ ਸ਼ਖ਼ਸੀਅਤ ਘੜਦਾ ਹੈ। ਇਸ ਲਈ ਵਾਤਾਵਰਨ, ਦੇਸ਼ ਕਾਲ ਜਾਂ ਸਥਾਨਕ ਰੰਗਣ ਦਾ ਕਿਸੇ ਵੀ ਸਾਹਿਤਕ ਰਚਨਾ ਵਿਚ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੁੰਦਾ ਹੈ। ਇੱਕ ਸਫਲ ਲੇਖਕ ਉਹ ਹੀ ਮੰਨਿਆ ਜਾਂਦਾ ਹੈ ਜੋ ਸਮੇਂ ਸਥਾਨ ਅਤੇ ਸਥਿਤੀਆਂ ਮੁਤਾਬਿਕ ਵਾਤਾਵਰਨ ਅਤੇ ਪਾਤਰਾਂ ਦੀ ਵੇਸ- ਭੂਸ਼ਾ ਘੜ ਸਕੇ ਇਸ ਲਈ ਲੇਖਕ ਨੂੰ ਉਪਰੋਕਤ ਸਾਰੇ ਖੇਤਰਾਂ ਦੀ ਡੂੰਘੀ ਸਮਝ ਹੋਣੀ ਚਾਹੀਦੀ ਹੈ ਜਾਣਕਾਰੀ ਦੀ ਘਾਟ ਕਾਰਨ ਕੀਤੀ ਗਈ ਛੋਟੀ ਜਿਹੀ ਗ਼ਲਤੀ ਵੀ ਪਾਠਕਾਂ ਵਿਚ ਮਜ਼ਾਕ ਦਾ ਕਾਰਨ ਬਣ ਸਕਦੀ ਹੈ। ਉਦਾਹਰਨ ਵਜੋਂ ਮੁਗ਼ਲ ਕਾਲ ਨਾਲ ਸਬੰਧਿਤ ਸਾਹਿਤਕ ਰਚਨਾ ਕਰਨ ਲਈ ਰਚਨਹਾਰ ਨੂੰ ਉਸ ਸਮੇਂ ਦੀ ਬੋਲੀ, ਪਹਿਰਾਵਾ ਅਤੇ ਧਾਰਮਿਕ ਰੀਤੀ ਰਿਵਾਜ਼ਾਂ ਦੀ ਸਮਝ ਹੋਣੀ ਚਾਹੀਦੀ ਹੈ। ਉਸ ਸਮੇਂ ਦੇ ਕਿਸੇ ਪਾਤਰ ਨੂੰ ਲੇਖਕ ਜੇ ਕੋਟ-ਪੈਂਟ ਪਵਾ ਕੇ ਟਾਈ ਲਵਾ ਦੇਵੇ ਤਾਂ ਲੇਖਕ ਸਮਾਜ ਵਿਚ ਹਾਸੇ-ਮਜ਼ਾਕ ਦਾ ਪਾਤਰ ਬਣ ਕੇ ਰਹਿ ਜਾਵੇਗਾ। ਸਫਲ ਅਤੇ ਸੁਚੱਜਾ ਵਾਤਾਵਰਨ ਉਸਾਰਨ ਲਈ ਲੇਖਕ ਨੂੰ ਘਟਨਾ ਦੇ ਸਥਾਨ , ਸਮਾਂ ਅਤੇ ਸਮਕਾਲੀ ਪ੍ਰਸਥਿਤੀਆਂ ਦਾ ਸੰਪੂਰਨ ਗਿਆਨ ਹੋਵੇ ਖ਼ਾਸ ਤੌਰ ਤੇ ਇਤਿਹਾਸਕ ਨਾਵਲਾਂ ਦੀ ਸਿਰਜਣਾ ਵਿਚ ਤਾਂ ਇਸ ਦਾ ਮਹੱਤਵ ਹੋਰ ਵੀ ਜ਼ਿਆਦਾ ਵਧ ਜਾਂਦਾ ਹੈ।

ਨਾਵਲ ਵਿਚ ਪ੍ਰਿਸ਼ਟ ਭੂਮੀ ਦਾ ਬਹੁਤ ਮਹੱਤਵ ਹੈ ਪਰੰਤੂ ਨਾਵਲਕਾਰ ਪੂਰਨ ਰੂਪ ਵਿਚ ਇਸ ਦੀ ਨਕਲ ਨਹੀਂ ਕਰਦਾ ਸਗੋਂ ਇਸ ਦੀ ਪੁਨਰ ਸਿਰਜਣਾ ਆਪਣੀਆਂ ਕਲਾਤਮਕ ਛੋਹਾਂ ਨਾਲ ਕਰਦਾ ਹੈ। ਪੰਜਾਬੀ ਨਾਵਲਕਾਰ ਵਾਤਾਵਰਨ ਦੇ ਮਹੱਤਵ ਬਾਰੇ ਕਾਫ਼ੀ ਚੇਤਨ ਹਨ। ਨਾਨਕ ਸਿੰਘ ਦੇ ਨਾਵਲਾਂ ਵਿਚ ਸਥਾਨਕ ਰੰਗਣ ਦੀ ਪੇਸ਼ਕਾਰੀ ਪੂਰੀ ਨਿਪੁੰਨਤਾ ਨਾਲ ਚਿਤਰੀ ਮਿਲਦੀ ਹੈ। ਪੰਜਾਬੀ ਨਾਵਲਕਾਰਾਂ ਵਿਚ ਪ੍ਰਕ੍ਰਿਤੀ ਚਿਤਰਨ ਦੀ

ਪ੍ਰਵਿਰਤੀ ਕਾਫ਼ੀ ਪ੍ਰਚਲਿਤ ਰਹੀ ਹੈ ਪਰੰਤੂ ਚੈਖਵ ਨੇ ਗਲਪ ਕਾਰਾਂ ਨੂੰ ਪ੍ਰਕ੍ਰਿਤੀ ਦੇ ਵੇਰਵੇ ਘੱਟ ਤੋਂ ਘੱਟ ਪੇਸ਼ ਕਰਨ ਦੀ ਸਲਾਹ ਦਿੱਤੀ ਹੈ।

## 6. ਭਾਸ਼ਾ ਅਤੇ ਸ਼ੈਲੀ

ਸ਼ੈਲੀ ਹੀ ਮਨੁੱਖ ਹੈ। ਸ਼ੈਲੀ ਹਰ ਲੇਖਕ ਦੀ ਵੱਖਰੀ ਅਤੇ ਮੌਲਿਕ ਹੁੰਦੀ ਹੈ ਸਾਹਿਤਕ ਰਚਨਾ ਦਾ ਹਰ ਤੱਤ ਸ਼ੈਲੀ ਦੁਆਰਾ ਹੀ ਪ੍ਰਦਰਸ਼ਿਤ ਹੁੰਦਾ ਹੈ। ਲੇਖਕ ਦੀ ਸਫਲਤਾ ਜਾਂ ਅਸਫਲਤਾ ਉਸ ਦੀ ਸ਼ੈਲੀ ਅਤੇ ਸ਼ਬਦਾਵਲੀ ਤੇ ਨਿਰਭਰ ਕਰਦੀ ਹੈ। ਮੱਧਕਾਲ ਵਿਚ ਹੀਰ ਦਾ ਕਿੱਸਾ ਕਈ ਲੇਖਕਾਂ ਨੇ ਲਿਖਿਆ ਪਰੰਤੂ ਵਾਰਸ ਦੀ ਵਿਲੱਖਣ ਸ਼ੈਲੀ ਸਦਕਾ ਹੀ ਜਨ ਪ੍ਰਵਾਨ ਹੋਇਆ। ਸ਼ੈਲੀ ਸਾਰੇ ਤੱਤਾਂ ਨੂੰ ਸੁਭਾਵਿਕ ਰੂਪ ਵਿਚ ਜੋੜ ਕੇ ਨਵਾਂ ਰਸ ਪੈਦਾ ਕਰਨ ਦਾ ਹੀ ਨਾਂ ਹੈ। ਨਾਵਲ ਕਈ ਸ਼ੈਲੀਆਂ ਵਿਚ ਲਿਖਿਆ ਜਾਂਦਾ ਹੈ ਜਿਵੇਂ ਆਤਮ ਕਥਾ ਸ਼ੈਲੀ, ਡਾਇਰੀ ਸ਼ੈਲੀ, ਕਥਾ ਸ਼ੈਲੀ ਅਤੇ ਪੱਤਰ ਸ਼ੈਲੀ ਆਦਿ। ਨਾਵਲਕਾਰ ਵੱਖਰੀਆਂ-ਵੱਖਰੀਆਂ ਜੁਗਤਾਂ ਦੀ ਵਰਤੋਂ ਕਰਦੇ ਹੋਏ ਕਹਾਣੀ ਨੂੰ ਆਦਿ, ਮੱਧ ਜਾਂ ਅੰਤ ਤੋਂ ਸ਼ੁਰੂ ਕਰਦੇ ਹਨ। ਸ਼ੈਲੀ ਤੋਂ ਨਾਵਲਕਾਰ ਦੀ ਸ਼ਖ਼ਸੀਅਤ ਵੀ ਪਛਾਣੀ ਜਾਂਦੀ ਹੈ। ਪਰੰਤੂ ਚੰਗਾ ਲੇਖਕ ਨਾਵਲ ਕਥਾ ਵਿਚੋਂ ਨਾ ਤਾਂ ਸਪਸ਼ਟ ਰੂਪ ਵਿਚ ਪਾਠਕ ਦੇ ਸਾਹਮਣੇ ਆਉਂਦਾ ਹੈ ਅਤੇ ਨਾ ਹੀ ਅਲੋਪ ਹੁੰਦਾ ਹੈ। ਪ੍ਰੋ. ਪਿਆਰਾ ਸਿੰਘ ਦੇ ਅਨੁਸਾਰ, "ਸੁਚੱਜਾ ਸ਼ੈਲੀਕਾਰ, ਬ੍ਰਹਿਮੰਡ ਵਿਚ ਵਿਆਪਕ ਪ੍ਰਭੂ ਵਾਂਗ ਹੈ, ਜਿਹੜਾ ਹਰ ਸਮੇਂ, ਹਰ ਥਾਂ ਆਪਣੀ ਰਚਨਾ ਵਿਚ ਮੌਜੂਦ ਰਹਿੰਦਾ ਹੈ ਪਰ ਨਜ਼ਰ ਨਹੀਂ ਆਉਂਦਾ।''

ਉੱਪਰ ਦੱਸੇ ਅਨੁਸਾਰ ਨਾਵਲ ਸ਼ੈਲੀਆਂ ਕਈ ਪ੍ਰਕਾਰ ਦੀਆਂ ਪ੍ਰਚਲਿਤ ਹਨ ਹਰ ਲੇਖਕ ਨੇ ਆਪਣੀ ਸੌਖ ਅਤੇ ਪਹੁੰਚ ਅਨੁਸਾਰ ਸ਼ੈਲੀ ਦੀ ਵਰਤੋਂ ਕਰਨੀ ਹੁੰਦੀ ਹੈ। ਡਾ:ਪ੍ਰਤਾਪ ਨਰਾਇਣ ਟੰਡਨ ਨੇ ਨਾਵਲ ਸ਼ੈਲੀਆਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਕੀਤਾ ਹੈ:-

1 ਵਰਨਾਤਮਿਕ ਸ਼ੈਲੀ

2 ਆਤਮ-ਕਲਾਤਮਕ ਸ਼ੈਲੀ

3 ਪੱਤਰ ਸ਼ੈਲੀ

4 ਡਾਇਰੀ ਸ਼ੈਲੀ

5 ਸੰਵਾਦ ਸ਼ੈਲੀ

6 ਨਾਟਕੀ ਸ਼ੈਲੀ

7 ਕਾਵਿਕ ਸ਼ੈਲੀ

8 ਲੋਕ ਕਥਾਤਮਕ ਸ਼ੈਲੀ

9 ਆਂਚਲਿਕ ਸ਼ੈਲੀ

10 ਮਨੋਵਿਸ਼ਲੇਸ਼ਣਾਤਮਕ ਸ਼ੈਲੀ

ਸ਼ੈਲੀ ਵਿਚ ਲੇਖਕ ਦਾ ਨਿੱਜ ਤੱਤ ਹੋਣਾ ਵੀ ਜ਼ਰੂਰੀ ਹੈ ਕਿਉਂਕਿ ਇਸ ਤੋਂ ਹੀ ਲੇਖਕ ਪਛਾਣਿਆ ਜਾਂਦਾ ਹੈ। ਨਾਵਲਕਾਰ ਆਪਣੇ ਸਹਿਜ ਗਿਆਨ ਦੁਆਰਾ ਰਚਨਾ ਨੂੰ ਸੁਭਾਵਿਕਤਾ ਦਾ ਅੰਸ਼ ਪ੍ਰਦਾਨ ਕਰਦਾ ਹੋਇਆ ਨਿੱਜੀ ਸ਼ੈਲੀ ਦਾ ਰੰਗ ਵੀ ਦਿਖਾ ਜਾਂਦਾ ਹੈ । ਟਾਲਸਟਾਇ, ਗੋਰਕੀ ਅਤੇ ਡਿਕਨਜ਼ ਵਰਗੇ ਨਾਵਲਕਾਰਾਂ ਦੀ ਸ਼ੈਲੀ ਵਿਲੱਖਣ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਸ਼ਖ਼ਸੀਅਤਾਂ ਦਾ ਅਟੁੱਟ ਅੰਗ ਵੀ ਹਨ ।

ਇੱਕ ਨਿਪੁੰਨ ਸ਼ੈਲੀਕਾਰ ਹੀ ਸਫਲ ਨਾਵਲ ਦੀ ਰਚਨਾ ਕਰ ਸਕਦਾ ਹੈ। ਉਂਜ ਤਾਂ ਹਰ ਲੇਖਕ ਦੀ ਸ਼ੈਲੀ ਅਤੇ ਸ਼ਬਦਾਵਲੀ ਅੰਤਰ ਸਬੰਧਿਤ ਹੁੰਦੀਆਂ ਹਨ ਪਰੰਤੂ ਫਿਰ ਵੀ ਇੱਕ ਸਫਲ ਲੇਖਕ ਨੂੰ ਢੁਕਵੀਂ ਅਤੇ ਸਰਲ ਭਾਸ਼ਾ ਦੇ ਪ੍ਰਯੋਗ ਲਈ ਸੁਚੇਤ ਯਤਨ ਕਰਨੇ ਪੈਂਦੇ ਹਨ। ਕਿਉਂਕਿ ਨਾਵਲ ਦੀ ਭਾਸ਼ਾ, ਵਿਸ਼ੇ, ਸਮੇਂ ਅਤੇ ਸਥਾਨ ਦੇ ਅਨੁਕੂਲ ਹੋਣੀ ਚਾਹੀਦੀ ਹੈ ਕਿਉਂਕਿ ਨਾਵਲਕਾਰ ਨੇ ਆਪਣੀ ਗਾਲਪਨਿਕ ਰਚਨਾ ਨੂੰ ਯਥਾਰਥਕ ਹੋਣ ਦਾ ਭੁਲੇਖਾ ਵੀ ਪਾਉਣਾ ਹੁੰਦਾ ਹੈ ਤਾਂ ਹੀ ਪਾਠਕ ਦੀ ਸੁਰਤੀ ਨੂੰ ਟਿਕਾਈ ਰੱਖਣ ਵਿਚ ਕਾਮਯਾਬ ਹੋ ਸਕਦਾ ਹੈ। ਭਾਸ਼ਾ ਸਰਲ, ਸਪਸ਼ਟ ਅਤੇ ਢੁਕਵੀਂ ਹੋਣੀ ਚਾਹੀਦੀ ਹੈ ਤਾਂ ਜੋ ਨਾਵਲਕਾਰ ਦਾ ਸੰਦੇਸ਼ ਸਹਿਜ ਰੂਪ ਵਿਚ ਪਾਠਕਾਂ ਵਿਚ ਪ੍ਰਸਾਰਿਤ ਹੋ ਸਕੇ। ਇੱਕ ਸਫਲ ਨਾਵਲਕਾਰ ਉਹੀ ਹੈ ਜੋ ਵਿਸ਼ੇ ਦੀ ਮੰਗ ਅਤੇ ਪਾਤਰਾਂ ਦੀ ਮਰਜ਼ੀ ਦੀ ਭਾਸ਼ਾ ਉਨ੍ਹਾਂ ਦੇ ਮੂੰਹ ਵਿਚ ਪਾ ਸਕੇ ।

## ਸਿੱਟਾ

ਉਦਯੋਗਿਕ ਕ੍ਰਾਂਤੀ ਅਤੇ ਵਿਗਿਆਨਿਕ ਕਾਢਾਂ ਸਦਕਾ ਆਈਆਂ ਵਿਸਫੋਟਕ ਤਬਦੀਲੀਆਂ ਸਦਕਾ ਸੰਸਾਰ ਭਰ ਵਿਚ ਪਨਪੀਆਂ ਵਿਸ਼ਵੀਕਰਨ, ਉਦਾਰੀਕਰਨ, ਸ਼ਹਿਰੀਕਰਨ ਦੀਆਂ ਵਿਵਸਥਾਵਾਂ ਨੇ ਮਨੁੱਖ ਨੂੰ

ਲੋਭੀ, ਦੰਭੀ, ਮਕਾਰੀ ਅਤੇ ਹੰਕਾਰੀ ਬਣਾ ਕੇ ਰੱਖ ਦਿੱਤਾ ਹੈ। ਆਧੁਨਿਕਤਾ ਅਤੇ ਫਿਰ ਉੱਤਰ ਆਧੁਨਿਕਤਾ ਲਹਿਰ ਪ੍ਰਭਾਵ ਅਧੀਨ ਕੰਪਿਊਟਰ ਯੁੱਗ ਵਿਚ ਮਨੁੱਖ ਮਸ਼ੀਨਾਂ ਨਾਲ ਮਸ਼ੀਨ ਹੋ ਗਿਆ ਹੈ। ਸਚਾਈ, ਨੈਤਿਕਤਾ ਅਤੇ ਸਹਿਣਸ਼ੀਲਤਾ ਆਦਿ ਕਦਰਾਂ ਕੀਮਤਾਂ ਬੀਤੇ ਸਮੇਂ ਦੀ ਗੱਲ ਹੋ ਗਈਆਂ ਹਨ। ਰਾਜਨੀਤੀ ਦੇ ਅਲੰਬਰਦਾਰ ਨਿੱਜੀ ਹਿਤਾਂ ਨੂੰ ਲੋਕ ਹਿਤਾਂ ਤੋਂ ਉੱਪਰ ਰੱਖਣ ਲੱਗੇ ਅਤੇ ਧਰਮ ਦੇ ਠੇਕੇਦਾਰ ਨਿੱਜੀ ਕਮਜ਼ੋਰੀਆਂ ਕਰ ਕੇ ਕਿਸੇ ਦੀ ਬਾਂਹ ਫੜਨ ਦੇ ਸਮਰੱਥ ਨਹੀਂ। ਇਸ ਅਫ਼ਰਾ ਤਫ਼ਰੀ ਦੇ ਜ਼ਮਾਨੇ ਵਿਚ ਮਨੁੱਖ ਆਪਣੇ ਆਪ ਨੂੰ ਗੁਆਚਿਆ ਮਹਿਸੂਸ ਕਰਦਾ ਹੈ ।

## ਪੰਜਾਬੀ ਨਾਵਲ ਦਾ ਇਤਿਹਾਸਕ ਸਫ਼ਰ

ਪਹਿਲੀ ਪੜਾਅ ਦੇ ਨਾਵਲਕਾਰ

### ਭਾਈ ਵੀਰ ਸਿੰਘ:-

ਪੰਜਾਬੀ ਗਲਪ ਸਾਹਿਤ ਵਿਚ ਸਭ ਤੋਂ ਪਹਿਲਾ ਭਾਈ ਵੀਰ ਸਿੰਘ ਨੇ ਨਾਵਲ ਲਿਖੇ। ਮੌਲਿਕ ਪੰਜਾਬੀ ਨਾਵਲ ਭਾਈ ਵੀਰ ਸਿੰਘ ਦੇ ਸਿੱਖ ਧਰਮ ਕੇਂਦਰਿਤ ਨਾਵਲ 'ਸੁੰਦਰੀ' ਦੇ ਪ੍ਰਕਾਸ਼ਿਤ ਹੋਣ ਨਾਲ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਧਾਰਮਿਕ ਪ੍ਰਚਾਰ ਲਈ ਨਾਵਲ ਲਿਖੇ। 18ਵੀਂ ਸਦੀ ਦੇ ਇਤਿਹਾਸ ਨੂੰ ਵਿਸ਼ਾ-ਵਸਤੂ ਬਣਾ ਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪਹਿਲੇ ਨਾਵਲ 'ਸੁੰਦਰੀ', 'ਸਤਵੰਤ ਕੌਰ' ਤੇ 'ਬਿਜੈ ਸਿੰਘ' ਲਿਖੇ। ਉਨ੍ਹਾਂ ਦਾ ਇਹ ਨਾਵਲ ਲਿਖਣ ਦਾ ਮਕਸਦ ਸਿੱਖ ਧਰਮ ਵਿਚ ਆ ਰਹੇ ਪਤਨ ਨੂੰ ਰੋਕਣਾ ਸੀ। 'ਸੁੰਦਰੀ' ਨਾਵਲ ਵਿਚ ਮੁਗ਼ਲ ਰਾਜ ਸਮੇਂ ਦਾ ਸਿੱਖੀ ਜੀਵਨ ਉਲੀਕਿਆ ਗਿਆ ਹੈ। ਇਹ ਨਾਵਲ ਇੱਕ ਇਤਿਹਾਸਕ ਘਟਨਾ ਦੁਆਲੇ ਘੁੰਮਦਾ ਹੈ। ਇੱਕ ਹਿੰਦੂ ਲੜਕੀ ਸੁਰਸਵਰਤੀ ਨੂੰ ਸਿੱਖ ਜਥਾ ਮੁਗ਼ਲਾਂ ਕੋਲੋਂ ਛੁਡਾ ਲਿਆਉਂਦਾ ਹੈ ਤੇ ਉਹ ਅੰਮ੍ਰਿਤ ਛੱਕ ਸੁਸਰਵਤੀ ਤੋਂ ਸੁੰਦਰ ਕੌਰ (ਸੁੰਦਰੀ) ਬਣ ਜਾਂਦੀ ਹੈ। 'ਸੁਭਾਗ ਜੀ ਸੁਧਾਰ ਹੱਥੀ' 'ਬਾਬਾ ਨੌਧ ਸਿੰਘ' ਨਾਵਲ ਇੱਕ ਇਤਿਹਾਸਕ ਨਾਵਲ ਹੈ ।

### ਮੋਹਨ ਸਿੰਘ ਵੈਦ:-

ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ ਦਾ ਸਮਕਾਲੀ ਨਾਵਲਕਾਰ ਹੈ। ਉਸ ਦੀ ਨਾਵਲ ਕਲਾ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੈ ਪਰ ਉਹ ਲੌਕਿਕ ਜੀਵਨ ਦੇ ਵਧੇਰੇ ਨੇੜੇ ਹੈ ਅਤੇ ਉਸ ਨੇ ਪੰਜਾਬੀ ਸਾਹਿਤ ਨੂੰ

ਮੌਲਿਕ, ਅਨੁਵਾਦ ਅਤੇ ਬਹੁਗਿਣਤੀ ਨਾਵਲ ਦਿੱਤੇ ਹਨ। ਉਸ ਨੇ 'ਸੁਖਦੇਵ ਕੌਰ' ਅਤੇ 'ਸੁਘੜ ਨੂੰਹ ਤੇ ਲੜਾਕੀ ਸੱਸ', 'ਇੱਕ ਸਿੱਖ ਘਰਾਣਾ', 'ਕਪਟੀ ਮਿੱਤਰ', 'ਸੁਸ਼ੀਲ-ਵਿਧਵਾ', 'ਦੰਪਤੀ ਪਿਆਰ', 'ਸ੍ਰੇਸ਼ਟ ਕੁਲਾਂ ਦੀ ਚਾਲ, 'ਸੁਭਾਗ ਕੌਰ', 'ਕੁੰਭ ਦਾ ਮੇਲਾ', 'ਵਕੀਲ ਦੀ ਕਿਸਮਤ', 'ਛੋਟੀ ਨੂੰਹ' ਆਦਿ ਨਾਵਲ ਲਿਖੇ। ਉਸ ਨੇ ਪੰਜਾਬੀ ਨਾਵਲ ਨੂੰ ਇਤਿਹਾਸਕ ਘੇਰੇ ਵਿਚੋਂ ਕੱਢ ਕੇ ਕੁੱਝ ਯਥਾਰਥ ਛੋਹ ਦਿਵਾਈ ਜੋ ਉਸ ਦੀ ਇਸ ਪੱਖੋਂ ਵਰਣਨ ਯੋਗ ਦੇਣ ਹੈ।

ਉਸ ਨੇ ਆਪਣੇ ਨਾਵਲਾਂ ਵਿਚ ਘਰੋਗੀ ਜੀਵਨ ਦੇ ਨਾਲ ਆਰਥਿਕ ਪੱਖ ਨੂੰ ਵੀ ਲਿਆ ਹੈ। ਉਸ ਦੇ ਵਿਚਾਰ ਵਿਚ ਨੌਕਰੀ ਨਾਲੋਂ ਆਪਣਾ ਕਾਰੋਬਾਰ ਕਿਤੇ ਚੰਗਾ ਹੈ। 'ਕਰਮਾਂ ਦਾ ਬੀਰ', 'ਵਿਉਪਾਰ ਦੀ ਬਰਕਤ' ਅਤੇ 'ਕਮਾਈ ਦੀ ਬਰਕਤ' ਆਦਿ ਉਸ ਦਾ ਅਜਿਹੇ ਨਾਵਲ ਹਨ। ਭਾਈ ਮੋਹਨ ਸਿੰਘ ਨੇ ਨਾਵਲਾਂ ਵਿਚ ਉਸ ਸਮੇਂ ਦੇ ਅਨੁਸਾਰ ਕਾਫ਼ੀ ਅਗਾਂਹਵਧੂ ਵਿਸ਼ੇ ਲਏ ਗਏ ਹਨ ਅਤੇ ਇਹਨਾਂ ਦੀ ਪੇਸ਼ਕਾਰੀ ਵੀ ਕਾਫ਼ੀ ਪ੍ਰਭਾਵਸ਼ਾਲੀ ਹੈ।

## ਚਰਨ ਸਿੰਘ ਸ਼ਹੀਦ :-

ਚਰਨ ਸਿੰਘ ਸ਼ਹੀਦ ਨੇ ਪੰਜਾਬੀ ਵਿਚ ਕੁੱਝ ਮੌਲਿਕ ਅਤੇ ਕੁੱਝ ਅਨੁਵਾਦ ਨਾਵਲ ਲਿਖੇ। 'ਕੌਣ ਜਿੱਤਿਆ' ਉਸ ਦਾ ਅਨੁਵਾਦ ਜਸੂਸੀ ਨਾਵਲ ਹੈ। ਚਰਨ ਸਿੰਘ ਸ਼ਹੀਦ ਨੇ ਭਾਈ ਵੀਰ ਸਿੰਘ ਦੇ ਪ੍ਰਭਾਵ ਅਧੀਨ ਤਿੰਨ ਇਤਿਹਾਸਕ ਨਾਵਲ 'ਦਲੇਰ ਕੌਰ', 'ਰਣਜੀਤ ਕੌਰ' ਅਤੇ 'ਚੰਚਲ ਮੂਰਤੀ' ਲਿਖ ਕੇ ਪ੍ਰਕਾਸ਼ਿਤ ਕਰਾਏ। ਉਸ ਦੇ ਨਾਵਲ ਵਿਚ ਦਲੇਰ ਕੌਰ ਅਤੇ ਰਣਜੀਤ ਕੌਰ ਆਦਰਸ਼ ਪਾਤਰ ਹਨ ਜੋ ਸਿੱਖ ਧਰਮ ਦੀ ਆਨ, ਸ਼ਾਨ ਅਤੇ ਬਾਨ ਬਰਕਰਾਰ ਰੱਖਣ ਲਈ ਆਪਣੇ ਆਪ ਨੂੰ ਹਰ ਮੁਸੀਬਤ ਵਿਚ ਪਾਉਣ ਲਈ ਤਿਆਰ ਹਨ ਪਰ ਸਿੱਖ ਧਰਮ ਦੀ ਸੁੱਚਤਾ ਨੂੰ ਠੇਸ ਨਹੀਂ ਲੱਗਣ ਦੇ ਦੀਆਂ। ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿਚ ਭਾਈ ਵੀਰ ਸਿੰਘ ਨਾਲੋਂ ਵਖਰੇਵਾਂ ਇਸ ਗੱਲ ਵਿਚ ਹੈ ਕਿ ਸ਼ਹੀਦ ਨੇ ਮਾਨਵਵਾਦੀ ਅਪੀਲ ਰਾਹੀਂ ਸਿੱਖ ਧਰਮ ਵੱਲ ਪਾਠਕਾਂ ਨੂੰ ਪ੍ਰੇਰਿਆ ਹੈ। ਚਰਨ ਸਿੰਘ ਸ਼ਹੀਦ ਆਪਣੇ ਇਤਿਹਾਸਕ ਨਾਵਲਾਂ ਵਿਚ ਭਾਈ ਵੀਰ ਸਿੰਘ ਨਾਲੋਂ ਵਧੇਰੇ ਯਥਾਰਥਵਾਦੀ ਜਾਪਦਾ ਹੈ।

## ਮਾਸਟਰ ਤਾਰਾ ਸਿੰਘ:-

ਮਾਸਟਰ ਤਾਰਾ ਸਿੰਘ ਦੇ ਲਿਖੇ ਨਾਵਲ 'ਪ੍ਰੇਮ ਲਗਨ' ਤੇ 'ਬਾਬਾ ਤੇਗ਼ਾ ਸਿੰਘ' ਵਰਨਣਯੋਗ ਹਨ। 'ਬਾਬਾ ਤੇਗ਼ਾ ਸਿੰਘ' ਇੱਕ ਇਤਿਹਾਸਕ ਨਾਵਲ ਹੈ। 'ਪ੍ਰੇਮ ਲਗਨ' ਨਾਵਲ ਅਕਾਲੀ ਲਹਿਰ ਦੇ ਪਿਛੋਕੜ ਵਿਚ ਪੇਂਡੂ ਸਿੱਖ ਜੀਵਨ ਦਾ ਚਿੱਤਰ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਮਾਸਟਰ ਤਾਰਾ ਸਿੰਘ ਨੇ ਭਾਈ ਵੀਰ ਸਿੰਘ ਵਾਂਗ ਪੰਜਾਬੀ ਸਿੱਖ ਭਾਈਚਾਰੇ ਦੇ ਗੁਣਾਂ ਨੂੰ ਵਡਿਆਇਆ ਹੀ ਨਹੀਂ ਸਗੋਂ ਇਸ ਦੇ ਗੁਣਾਂ ਔਗੁਣਾਂ ਦੀ ਸਹੀ ਤਸਵੀਰ ਪੇਸ਼ ਕੀਤੀ ਹੈ।

**ਨਾਨਕ ਸਿੰਘ**:-

ਪੰਜਾਬੀ ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਦੇ ਆਗਮਨ ਨਾਲ ਇੱਕ ਨਵਾਂ ਮੋੜ ਆਇਆ ਹੈ। ਪੰਜਾਬੀ ਵਿਚ ਸਭ ਤੋਂ ਵੱਧ ਨਾਵਲ ਨਾਨਕ ਸਿੰਘ ਨੇ ਲਿਖੇ ਹਨ। ਨਾਨਕ ਸਿੰਘ ਨੇ 'ਮਤਰੇਈ ਮਾਂ", 'ਕਾਲ ਚੱਕਰ' ਅਤੇ 'ਮਿੱਠਾ 'ਟੁੱਟੀ ਵੀਣਾ', 'ਅੱਧਖਿੜਿਆ ਫੁੱਲ' ਵਿਚ ਕੀਤੀ। ਇਸ ਤੋਂ ਇਲਾਵਾ ਨਾਨਕ ਸਿੰਘ ਨੇ 'ਜੀਵਨ ਸੰਗਰਾਮ', 'ਸੰਗਮ', 'ਕੱਟੀ ਹੋਈ ਪਤੰਗ', 'ਪਵਿੱਤਰ ਪਾਪੀ', 'ਆਦਮਖ਼ੋਰ', 'ਗ਼ਰੀਬ ਦੀ ਦੁਨੀਆ', 'ਮੰਝਦਾਰ', 'ਗਗਨ ਦਮਾਮਾ ਬਾਜਿਉ', 'ਪਿਆਰ ਦੀ ਦੁਨੀਆ', 'ਪੁਜਾਰੀ', 'ਚਿੱਟਾ ਲਹੂ', 'ਨਾਸੂਰ', 'ਛਲਾਵਾ', 'ਇੱਕ ਮਿਆਨ ਦੋ ਤਲਵਾਰਾਂ', ਆਦਿ ਉਸ ਦੇ ਪ੍ਰਮੁੱਖ ਨਾਵਲ ਲਿਖੇ ਹਨ। ਇਨ੍ਹਾਂ ਸਾਰੇ ਨਾਵਲਾਂ ਦੇ ਵਿਸ਼ੇ ਸਮਕਾਲੀ ਸਮਾਜਿਕ ਜੀਵਨ ਵਿਚੋਂ ਲਏ ਗਏ ਹਨ।

**ਸੰਤ ਸਿੰਘ ਸੇਖੋਂ**:-

ਸੰਤ ਸਿੰਘ ਸੇਖੋਂ ਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁਤ ਯੋਗਦਾਨ ਪਾਇਆ, ਭਾਵੇਂ ਉਹ ਇੱਕ ਕਹਾਣੀਕਾਰ ਦੇ ਤੌਰ ਤੇ ਜਾਣਿਆ ਜਾਂਦਾ ਸੀ ਪਰ ਨਾਵਲ ਦੇ ਖੇਤਰ ਵਿਚ ਵੀ ਉਸ ਦਾ ਨਾਮ ਬੋਲਦਾ ਹੈ। ਉਸ ਨੇ ਪੰਜਾਬੀ ਵਿਚ 'ਲਹੂ ਮਿੱਟੀ, ਬਾਬਾ ਆਸਮਾਨ' ਦੇ ਰੂਪ ਵਿਚ ਦੋ ਨਾਵਲ ਹੀ ਲਿਖੇ ਹਨ। ਪਹਿਲੇ ਨਾਵਲ ਵਿਚ ਉਸ ਨੇ ਦਰਸਾਇਆ ਹੈ ਕਿ ਨਿਮਨ-ਕਿਸਾਨੀ ਅਣਥੱਕ ਮਸ਼ੱਕਤ ਕਰਨ ਦੇ ਬਾਵਜੂਦ ਆਰਥਿਕ ਤੋਰ 'ਤੇ ਅਮੀਰ ਅਤੇ ਆਤਮ ਨਿਰਭਰ ਨਹੀਂ ਹੋ ਸਕਦੀ।

**ਸੁਰਿੰਦਰ ਸਿੰਘ ਨਰੂਲਾ**:-

ਸੁਰਿੰਦਰ ਸਿੰਘ ਨਰੂਲਾ ਦੀ ਨਾਵਲ ਕਲਾ ਦਾ ਆਰੰਭ ਉਸ ਦੇ ਨਾਵਲ 'ਪਿਉ ਪੁੱਤਰ' ਨਾਲ ਹੁੰਦਾ ਹੈ। ਇਸ ਤੋਂ ਪਿੱਛੋਂ ਨਰੂਲਾ ਨੇ 'ਰੰਗ ਮਹੱਲ' ਦੀ ਰਚਨਾ ਕੀਤੀ, ਇਸ ਨਾਵਲ ਵਿਚ ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਇੱਕ ਪ੍ਰਮੁੱਖ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਨੇ ਉਸ ਸਮੇਂ ਦੀਆਂ ਰਾਜਸੀ ਘਟਨਾਵਾਂ ਦਾ ਵਰਣਨ ਬੜੀ ਸੂਝ ਨਾਲ ਕੀਤਾ ਹੈ। 'ਦੀਨ ਤੇ ਦੁਨੀਆ' ਅਤੇ 'ਦਿਲ ਦਰਿਆ' ਵਿਚ ਉਸ ਨੇ 1947 ਦੇ ਪਸਾਰਾ ਦੀ ਪੇਸ਼ਕਾਰੀ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ 'ਜਗਰਾਤਾ', 'ਨੀਲੀ ਬਾਰ', 'ਲੋਕ ਦੁਸ਼ਮਣ' ਆਦਿ ਉਸ ਦੇ ਪ੍ਰਸਿੱਧ ਨਾਵਲ ਹਨ।

## ਜਸਵੰਤ ਸਿੰਘ ਕੰਵਲ:-

ਜਸਵੰਤ ਸਿੰਘ ਕੰਵਲ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ ਹੈ। 'ਹਾਣੀ' ਨਾਵਲ ਵਿਚ ਉਸ ਨੇ ਪੇਂਡੂ ਜੀਵਨ ਨਾਲ ਸੰਬੰਧਿਤ ਆਰਥਕ, ਸਮਾਜਕ, ਸਦਾਚਾਰਕ ਤੇ ਧਾਰਮਿਕ ਬਹੁਤ ਸਾਰੇ ਪਹਿਲੂ ਲਏ ਹਨ। ਉਨ੍ਹਾਂ ਦਾ ਨਾਵਲ 'ਪਾਲੀ' ਵੀ ਆਦਰਸ਼ ਪ੍ਰੀਤ ਦਾ ਇੱਕ ਸਰੋਦੀ ਨਾਵਲ ਹੈ। ਜਸਵੰਤ ਸਿੰਘ ਕੰਵਲ ਦਾ ਨਾਵਲ 'ਪੂਰਨਮਾਸ਼ੀ' ਬੇਹੱਦ ਮੁਕੱਬਲ ਹੋਇਆ। ਇਸ ਵਿਚ ਉਸ ਨੇ ਇੱਕ ਪ੍ਰੇਮ ਕਥਾ ਦਾ ਵਰਣਨ ਕੀਤਾ। ਕੰਵਲ ਨੇ ਬਹੁਤੇ ਨਾਵਲਾਂ ਵਾਂਗ ਇਸ ਨਾਵਲ ਵਿਚ ਵੀ ਨਾਇਕ ਅਤੇ ਨਾਇਕਾ ਦੀ ਪ੍ਰੀਤ ਨੇਪਰੇ ਨਹੀਂ ਚੜ੍ਹਦੀ ਪਰੰਤੂ ਮੁੱਖ ਪਾਤਰ ਆਪਣੀ ਪ੍ਰੀਤ ਦੇ ਅਹਿਸਾਸ ਨੂੰ ਬਣਾਈ ਰੱਖਦੇ ਹਨ ਅਤੇ ਵੀਹ ਬਾਈ ਵਰ੍ਹਿਆਂ ਪਿੱਛੋਂ ਜਦੋਂ ਉਨ੍ਹਾਂ ਦੇ ਪੁੱਤਰ ਅਤੇ ਧੀ ਜਵਾਨ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਸੀ ਵਿਚ ਵਿਆਹ ਕੇ ਆਪਣੇ ਭਾਵੁਕ ਖਪੇ ਦੀ ਪੂਰਤੀ ਕਰ ਲੈਂਦੇ ਹਨ। ਇਸ ਤੋਂ ਇਲਾਵਾ ਕੰਵਲ ਨੇ 'ਲਹੂ ਦੀ ਲੋਅ', 'ਹਾਣੀ', 'ਭਵਾਨੀ', 'ਐਨਿਆਂ 'ਚੋਂ ਉੱਠੇ ਸੂਰਮਾ', ਅਤੇ 'ਮਨੁੱਖਤਾ' ਆਦਿ ਉਸ ਦੇ ਪ੍ਰਮੁੱਖ ਨਾਵਲ ਹਨ।

## ਕਰਨਲ ਨਰਿੰਦਰਪਾਲ ਸਿੰਘ:-

ਨਰਿੰਦਰ ਸਿੰਘ ਦੀ ਨਾਵਲ ਰਚਨਾ ਦਾ ਆਕਾਰ ਵੀ ਚੋਖਾ ਹੈ। "ਉਸ ਦਾ ਸਭ ਤੋਂ ਪਹਿਲਾ ਨਾਵਲ 'ਮਲਾਹ' ਛਪਿਆ। ਇਸ ਤੋਂ ਪਿੱਛੋਂ ਉਸ ਨੇ 'ਖੰਨਿਓਂਤਿੱਖੀ ਵਾਲੋਂ ਨਿੱਕੀ', 'ਏਤਿ ਮਾਰਗ ਜਾਣਾ', 'ਸ਼ਕਤੀ', 'ਤ੍ਰੀਆ ਜਾਲ', 'ਇਕ ਰਾਹ ਇੱਕ ਪੜਾ', 'ਅਮਨ ਦੇ ਰਾਹ', 'ਪੁੰਨਿਆ ਕਿ ਮੱਸਿਆ', 'ਟਾਪੂ', 'ਸੈਨਾਪਤੀ', 'ਉਣਤਾਲੀ

ਵਰ੍ਹੇ', 'ਵਿਕੇਂਦਰਤ', 'ਚਾਨਣ ਖੜ੍ਹਾ ਕਿਨਾਰੇ'ਅਤੇ 'ਬਾ ਮੁਲਾਹਜਾ ਹੋਸ਼ਿਆਰ' ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। 'ਬਾ ਮੁਲਾਹਜਾ ਹੋਸ਼ਿਆਰ' ਨੂੰ ਸਾਹਿਤ ਅਕਾਦਮੀ ਵੱਲੋਂ ਇਨਾਮ ਮਿਲ ਚੁੱਕਿਆ ਹੈ। "

## ਅੰਮ੍ਰਿਤਾ ਪ੍ਰੀਤਮ :-

ਪੰਜਾਬੀ ਨਾਵਲ ਦੇ ਖੇਤਰ ਵਿਚ ਅੰਮ੍ਰਿਤਾ ਪ੍ਰੀਤਮ ਇੱਕ ਵਰਨਣਯੋਗ ਨਾਵਲਕਾਰ ਹੈ। ਉਸ ਨੇ ਨਾਵਲਾਂ ਵਿਚ ਵਧੇਰੇ ਇਸਤਰੀਆਂ ਦੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। "ਅੰਮ੍ਰਿਤਾ ਪ੍ਰੀਤਮ ਇਸਤਰੀ ਦੇ ਹਿਰਦੇ ਦੇ ਦਰਦ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕੀ ਹੈ। 'ਜੈ ਸ਼ਿਰੀ' ਅੰਮ੍ਰਿਤਾ ਦਾ ਪਹਿਲਾ ਨਾਵਲ ਹੈ। ਫੇਰ ਉਸ ਨੇ 'ਡਾਕਟਰ ਦੇਵ', 'ਪਿੰਜਰ' ਅਤੇ 'ਆਲ੍ਹਣਾ' ਲਿਖੇ। 'ਪਿੰਜਰ' ਨਾਵਲ ਵੰਡ ਨਾਲ ਸੰਬੰਧਿਤ ਨਾਵਲ ਹੈ। ਇਸ ਤੋਂ ਬਾਅਦ ਉਸ ਨੇ 'ਚੱਕ ਨੰਬਰ ਛੱਤੀ', 'ਧਰਤੀ ਸਾਗਰ ਤੇ ਸਿੱਪੀਆਂ', 'ਜੇਬ ਕਤਰੇ', 'ਪੱਕੀ ਹਵੇਲੀ', 'ਅੱਕ ਦਾ ਬੂਟਾ', 'ਡਾ ਦੇਵ', 'ਆਲ੍ਹਣਾ', 'ਆਸ਼ੂ', 'ਇੱਕ ਸਵਾਲ', 'ਇੱਕ ਸੀ ਅਨੀਤਾ 'ਅਤੇ 'ਦਿੱਲੀ ਦੀਆਂ ਗਲੀਆਂ' ਕੁੱਝ ਉਸ ਦੇ ਵਿਸ਼ੇਸ਼ ਨਾਵਲ ਹਨ। ਵਿਸ਼ੇ ਅਤੇ ਸ਼ੈਲੀ ਦੇ ਪੱਖੋਂ ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਨੂੰ ਦੇਣ ਅੱਖੋਂ ਓਹਲੇ ਨਹੀਂ ਕੀਤੀ ਜਾ ਸਕਦੀ। ਸਾਲ 2000 ਦਾ ਸ਼ਤਾਬਦੀ ਅਵਾਰਡ ਅੰਮ੍ਰਿਤਾ ਨੂੰ ਮਿਲਿਆ ਹੈ। "50

## ਸੁਰਜੀਤ ਸਿੰਘ ਸੇਠੀ:-

ਸੁਰਜੀਤ ਸਿੰਘ ਸੇਠੀ ਨੇ ਪੰਜਾਬੀ ਨਾਵਲ ਵਿਚ ਕਈ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ। ਉਸ ਨੇ ਐਬਸਰਡ ਸ਼ੈਲੀ ਦੀ ਵਰਤੋ ਕੀਤੀ। 'ਰੇਤ ਦਾ ਪਹਾੜ', 'ਇੱਕ ਸ਼ਹਿਰ ਦੀ ਗੱਲ', 'ਕੰਧੀ ਉੱਤੇ ਰੁੱਖੜਾ', 'ਅੱਲਪਥਰ', 'ਇੱਕ ਖ਼ਾਲੀ ਪਿਆਲਾ', 'ਆਬਰਾ ਕਦਾਬਰਾ', 'ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਆਦਿ ਨਾਵਲ ਲਿਖੇ ਹਨ। 'ਰੇਤ ਦਾ ਪਹਾੜ'ਵਿਚ ਪੂੰਜੀਵਾਦੀ ਸਮਾਜ ਨੂੰ ਰੇਤ ਦਾ ਪਹਾੜ ਮੰਨਿਆ ਹੈ ਅਤੇ ਉਸ ਦੇ ਖੋਖਲੇਪਨ ਤੋਂ ਪਰਦਾ ਲਾਹਿਆ ਹੈ। 'ਕੰਧੀ ਉੱਤੇ ਰੁੱਖੜਾ'ਨਾਵਲ ਵਿਚ ਚਾਰ ਪੀੜ੍ਹੀਆਂ ਦਾ ਜੀਵਨ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਦੇ ਪਿਛਲੇ ਦੋ ਨਾਵਲ 'ਇੱਕ ਖ਼ਾਲੀ ਪਿਆਲਾ' ਅਤੇ ਕੱਲ੍ਹ ਵੀ ਸੂਰਜ ਨਹੀਂ ਚੜ੍ਹੇਗਾ', ਮਨੋਵਿਗਿਆਨਕ ਯਥਾਰਥਵਾਦ ਨੂੰ ਪੇਸ਼ ਕਰ ਰਹੇ ਹਨ। ਸੇਠੀ ਨੇ ਆਪਣੇ ਨਾਵਲ 'ਇੱਕ ਖ਼ਾਲੀ ਪਿਆਲਾ' ਵਿਚ ਚੇਤਨਾ ਪ੍ਰਵਾਹ ਸ਼ੈਲੀ ਦਾ ਬੜੀ ਸਫਲਤਾ ਨਾਲ ਨਵਾਂ ਤਜਰਬਾ ਕੀਤਾ ਹੈ। 'ਬਦਨਾਮ ਸੜਕਾਂ' ਸੇਠੀ ਦਾ ਇੱਕ ਹੋਰ ਨਵਾਂ ਨਾਵਲ ਹੈ। ਇਹ ਨਾਵਲ ਉੱਚ ਮੱਧ ਵਰਗ ਦੇ ਲੋਕਾਂ ਦੀ ਮਾਨਸਿਕ ਜਟਿਲਤਾ ਨੂੰ ਚਿਤਰਦਾ ਹੈ।

## ਸੋਹਣ ਸਿੰਘ ਸੀਤਲ:-

ਸੋਹਣ ਸਿੰਘ ਸੀਤਲ ਇੱਕ ਢਾਡੀ, ਇਤਿਹਾਸਕਾਰ ਤੇ ਵਾਰਤਕਕਾਰ ਦੇ ਤੌਰ ਤੋਂ ਵਧੇਰੇ ਪ੍ਰਸਿੱਧ ਹੈ। ਸੁਤੰਤਰਤਾ ਤੋਂ ਪਿੱਛੋਂ ਉਸ ਦਾ ਝੁਕਾਅ ਨਾਵਲਕਾਰੀ ਵੱਲ ਹੋਇਆ। ਉਸ ਨੇ 'ਮੁੱਲ ਦਾ ਮਾਸ', 'ਅੰਨ੍ਹੀ ਸੁੰਦਰਤਾ', 'ਵਿਜੋਗਣ', 'ਪਤਵੰਤੇ-ਕਾਤਿਲ', 'ਦੀਵੇ ਦੀ ਲੋ', 'ਜੰਗ ਜਾਂਅਮਨ', 'ਤੂਤਾਂ ਵਾਲਾ ਖੂਹ', 'ਈਚੋਗਿਲ ਨਹਿਰ ਤਕ', 'ਜੁਗ ਬਦਲ ਗਿਆ', ਆਦਿ ਨਾਵਲ ਲਿਖੇ ਹਨ। ਇਸ ਦੇ ਨਾਵਲ 'ਬੇੜੀ ਤੇ ਬਰੇਤਾ'ਤੇ 'ਮਛਲੀ ਇੱਕ ਦਰਿਆ ਦੀ' ਵਿਚ ਜੱਟਾਂ ਅਤੇ ਗੁੱਜਰਾਂ ਦਾ ਚਿੱਤਰ ਪੇਸ਼ ਕਰ ਕੇ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। 'ਪਰਦੇਸੀ ਰੁੱਖ' ਉਸ ਦਾ ਵੰਡ ਨਾਲ ਸੰਬੰਧਿਤ ਨਾਵਲ ਹੈ। 'ਗੋਰੀ ਨਦੀ ਦਾ ਗੀਤ' ਤੇ ਬਰਾਦਰੀ ਦੀ ਰਾਣੀ' ਅਤੇ 'ਕਾਲੀ ਮਿੱਟੀ'ਆਦਿ ਨਾਵਲ ਪਿੱਛੋਂ ਛਪੇ ਹਨ। ਉਸ ਦੇ ਕਈ ਨਾਵਲ ਬੜੀ ਚਰਚਾ ਦੇ ਕੇਂਦਰ ਬਣੇ ਹਨ।

## ਗੁਰਦਿਆਲ ਸਿੰਘ:-

ਗੁਰਦਿਆਲ ਸਿੰਘ ਦਾ ਪੰਜਾਬੀ ਗਲਪ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਹੈ। ਉਸ ਦੀ ਹਰ ਰਚਨਾ ਪਾਠਕਾਂ ਵਿਚ ਚਰਚਿਤ ਰਹੀ ਹੈ। ਗੁਰਦਿਆਲ ਸਿੰਘ ਦੀਆਂ ਗਲਪ ਰਚਨਾਵਾਂ ਏਨੀਆਂ ਲੋਕ ਪ੍ਰਿਯਾ ਹਨ ਕਿ ਇਹ ਕਦੇ ਅਣਗੌਲਿਆ ਨਹੀਂ ਰਹਿ ਸਕਦੀਆਂ। ਉਸ ਨੇ 'ਮੜ੍ਹੀ ਦਾ ਦੀਵਾ', 'ਅਣਹੋਏ', 'ਕੁਵੇਲਾ', 'ਰੇਤੇ ਦੀ ਇੱਕ ਮੁੱਠੀ', 'ਅੱਧ ਚਾਨਣੀ ਰਾਤ', 'ਅੰਨ੍ਹੇ ਘੋੜੇ ਦਾ ਦਾਨ', 'ਪਹੁ ਫੁਟਾਲੇ ਤੋਂ ਪਹਿਲਾਂ', 'ਪੱਕਾ ਟਿਕਾਣਾ' ਆਦਿ ਨਾਵਲਾਂ ਦੀ ਰਚਨਾ ਕੀਤੀ ਹੈ। 'ਅੱਧ ਚਾਨਣੀ ਰਾਤ' ਨਾਵਲ 'ਤੇ 1975 ਈ. ਵਿਚ ਗੁਰਦਿਆਲ ਸਿੰਘ ਨੂੰ ਭਾਰਤੀ ਸਾਹਿਤ ਅਕਾਡਮੀ ਪੁਰਸਕਾਰ ਵੀ ਮਿਲਿਆ ਹੈ। 'ਅੰਨ੍ਹੇ ਘੋੜੇ ਦਾ ਦਾਨ'ਨਾਵਲ ਵਿਚ ਨਾਵਲਕਾਰ ਨੇ ਪੇਂਡੂ ਲੋਕਾਂ ਦਾ ਸ਼ਹਿਰ ਵਿਚ ਜਾ ਵੱਸਣ ਦੀ ਰੁਚੀ ਦਰਸਾਈ ਹੈ ਤੇ ਰਿਕਸ਼ਾ ਚਾਲਕ ਬਣ ਕੇ ਨਿਰਾਸ਼ ਹੋ ਕੇ ਵਾਪਸ ਪਿੰਡਾਂ ਵਿਚ ਆਉਣ ਦੀ ਵਿਥਿਆ ਸੁਣਾਈ ਹੈ।

## ਕਰਤਾਰ ਸਿੰਘ ਦੁੱਗਲ:-

ਕਰਤਾਰ ਸਿੰਘ ਦੁੱਗਲ ਨੇ ਪੰਜਾਬੀ ਸਾਹਿਤ ਵਿਚ ਕਹਾਣੀਕਾਰ ਦੇ ਤੌਰ 'ਤੇ ਪ੍ਰਵੇਸ਼ ਕੀਤਾ। ਦੁੱਗਲ ਨੂੰ ਨਾਵਲ ਕਾਰ ਦੇ ਤੌਰ 'ਤੇ ਨਾਵਲ ਖੇਤਰ ਵਿਚ ਉਹ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਜੋ ਉਸ ਨੂੰ ਨਿੱਕੀ ਕਹਾਣੀ ਦੇ ਖੇਤਰ ਵਿਚ ਪ੍ਰਾਪਤ ਹੈ। ਦੁੱਗਲ ਨੇ ਹੁਣ ਤੱਕ 'ਆਂਦਰਾਂ', 'ਨਹੁੰ ਤੇ ਮਾਸ', 'ਇੱਕ ਦਿਲ ਵਿਕਾਊ', 'ਦਿਲ

ਦਰਿਆ', 'ਮੇਰਾ ਦਿਲ ਮੋੜ ਦੇ', 'ਤੈਰ ਲੜੀ', 'ਹਾਲ ਮੁਰੀਦਾ ਦਾ', 'ਮਨ ਪਰਦੇਸੀ', 'ਮਾਂ ਪਿਉ ਦੇ ਜਾਏ', 'ਅੰਮੀ ਨੂੰ ਕੀ ਹੋਗਿਆ', 'ਫੁੱਲਾਂ ਦਾ ਸਾਥ', 'ਪੈਣਗੇ ਵੈਣ ਡੂੰਘੇ'ਆਦਿ ਨਾਵਲ ਲਿਖੇ ਹਨ। 'ਆਂਦਰਾਂ' ਨਾਵਲ ਵਿਚ ਦੁੱਗਲ ਨੇ ਜਾਗੀਰਦਾਰ ਤੇ ਮੁਜ਼ਾਰਿਆਂ ਦੇ ਆਪਸੀ ਸੰਘਰਸ਼ ਨੂੰ ਬਿਆਨ ਕਰਦੇ ਹੋਏ ਜਾਗੀਰਦਾਰੀ ਸਮਾਜ ਦੀਆਂ ਛੁਪੀਆਂ ਬੁਰਾਈਆਂ ਤੇ ਭ੍ਰਿਸ਼ਟਾਚਾਰ ਨੂੰ ਨੰਗਿਆਂ ਕੀਤਾ ਹੈ।

## ਸਨਿਰੰਜਨ ਤਸਨੀਮ:-

ਨਿਰੰਜਨ ਤਸਨੀਮ ਆਪਣੇ ਸਮੇਂ ਦਾ ਪ੍ਰਸਿੱਧ ਨਾਵਲ ਕਾਰ ਹੋਇਆ ਹੈ। ਉਸ ਨੇ 'ਤ੍ਰੇੜਾਂ ਤੇ ਰੂਪ' 'ਕਸਕ', 'ਪਰਛਾਵੇਂ', 'ਰੇਤ ਛੱਲ', 'ਅਜਨਬੀ ਲੋਕ', 'ਸਵੇਰ ਹੋਣ ਤੱਕ' ਅਤੇ 'ਗੁਆਚੇ ਅਰਥ' ਆਦਿ ਨਾਵਲ ਲਿਖੇ ਹਨ। 'ਗੁਆਚੇ ਅਰਥ' ਨਾਵਲ ਲਈ ਨਿਰੰਜਨ ਤਸਨੀਮ ਨੂੰ ਸਾਹਿਤ ਅਕਾਦਮੀ ਐਵਾਰਡ ਵੀ ਮਿਲਿਆ।

## ਡਾ. ਦਲੀਪ ਕੌਰ ਟਿਵਾਣਾ:-

ਡਾ. ਦਲੀਪ ਕੌਰ ਟਿਵਾਣਾ ਨੇ ਰਚਨਾਤਮਿਕ ਜੀਵਨ ਦੀ ਸ਼ੁਰੂਆਤ ਇੱਕ ਕਹਾਣੀਕਾਰ ਦੇ ਰੂਪ ਵਿਚ ਕੀਤੀ ਸੀ। ਉਸ ਦੇ ਪਹਿਲੇ ਨਾਵਲ 'ਅਗਨੀ ਪਰੀਖਿਆ' ਪ੍ਰਕਾਸ਼ਿਤ ਹੋਣ ਤੋ ਪਹਿਲਾਂ ਉਸ ਨੇ ਛੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਸਨ। ਪਰ ਉਹ ਆਪਣੇ ਪਹਿਲੇ ਹੀ ਨਾਵਲ ਨਾਲ ਸਾਹਿਤਕ ਹਲਕਿਆਂ ਵਿਚ ਏਨੀ ਪ੍ਰਸਿੱਧ ਹੋ ਗਈ ਬਾਅਦ ਵਿਚ ਕਹਾਣੀ ਲਿਖਣ ਬਾਰੇ ਕਦੇ ਸੋਚਿਆ ਵੀ ਨਾ। ਟਿਵਾਣਾ ਨੇ 'ਏਹੁਹਮਾਰਾ, ਜੀਵਣਾ, ਅਤੇ ਤੀਲ੍ਹੀ ਦਾ ਨਿਸ਼ਾਨ' ਮਹੱਤਵਪੂਰਨ ਰਚਨਾਵਾਂ ਹਨ। 'ਏਹੁ ਹਮਾਰਾ ਜੀਵਣਾ' ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਸਫਲ ਨਾਵਲ ਹੈ। ਉਸ ਦੇ ਨਵੇਂ ਨਾਵਲ 'ਕੰਸੋ', 'ਸੋਹਜ ਤੇ ਸਮੁੰਦਰ', 'ਹਸਤਾਖ਼ਰ', 'ਪੈੜ-ਚਾਲ', 'ਰਿਣ ਪਿਤਰਾਂ ਦਾ', 'ਲੰਘ ਗਏ ਦਰਿਆ', 'ਜਿੰਮੀ ਪੁਛੈ ਅਸਮਾਨ' ਅਤੇ 'ਕਥਾ ਕਹੋ ਉਰਵਸ਼ੀ' ਆਦਿ ਉਸ ਦੇ ਪ੍ਰਸਿੱਧ ਨਾਵਲ ਹਨ। ਦਲੀਪ ਕੌਰ ਟਿਵਾਣਾ ਨੂੰ ਉਸ ਦੀ ਵੱਡੇ ਆਕਾਰ ਗੱਦ ਰਚਨਾ 'ਕਥਾ ਕਹੋ ਊਰਵਸ਼ੀ' ਉੱਤੇ ਬਿਰਲਾ ਫ਼ਾਉਂਡੇਸ਼ਨ ਦੇ ਸਰਸਵਤੀ ਸਨਮਾਨ ਨਾਲ ਪੁਰਸਕਾਰਿਆ ਹੈ।

**ਅਜੀਤ ਕੌਰ**:-

ਅਜੀਤ ਕੌਰ ਦਾ ਸੁਤੰਤਰਤਾ ਉਪਰੰਤ ਰਚੇ ਪੰਜਾਬੀ ਗਲਪ ਸਾਹਿਤ ਅੱਡਰਾ ਮੁਕਾਮ ਹੈ। ਉਸ ਦੀਆਂ ਗਲਪ ਰਚਨਾਵਾਂ ਸ਼ਹਿਰੀ ਜੀਵਨ ਦੀਆਂ ਝਲਕਾਂ ਪੇਸ਼ ਕਰਦੀਆਂ ਹਨ। ਉਸ ਦੀਆਂ ਬਹੁਤੀਆਂ ਗਲਪ ਰਚਨਾਵਾਂ ਉਸ ਦੇ ਆਪਣੇ ਹੰਢਾਏ ਸੱਚ ਦੀ ਭਾਵਨਾਤਮਕ ਪ੍ਰਸਤੁਤੀ ਹਨ। 'ਪੋਸਟ ਮਾਰਟਮ' ਅਤੇ 'ਧੁੱਪ ਵਾਲਾ ਸ਼ਹਿਰ' ਆਦਿ ਦੇ ਨਾਮ ਵਿਸ਼ੇਸ਼ ਪੰਜਾਬੀ ਨਾਵਲ ਖੇਤਰ ਵਿਚ ਲਏ ਜਾ ਸਕਦੇ ਹਨ ਇਹਨਾਂ ਵਿਚ ਉਸ ਨੇ ਨਵੀਆਂ ਕੀਮਤਾਂ ਨੂੰ ਪਰਿਵਰਤਨਸ਼ੀਲ ਮਨੁੱਖੀ ਸੁਭਾਅ ਦੇ ਪ੍ਰਸੰਗ ਵਿਚ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਇਲਾਵਾ 'ਫ਼ਾਲਤੂ ਔਰਤ', 'ਕੁਟੀਆ ਲਕੀਰਾਂ', 'ਟੁੱਟੇ ਤਿਕੋਣ' ਆਦਿ ਉਸ ਦੇ ਹੋਰ ਨਾਵਲ ਹਨ।

**ਸੁਰਿੰਦਰ ਜੌਹਰ**:-

ਸੁਰਿੰਦਰ ਜੌਹਰ ਆਪਣੇ ਸਮੇਂ ਦਾ ਮਹੱਤਵਪੂਰਨ ਨਾਵਲ ਕਾਰ ਹੈ। ਜੌਹਰ ਨੇ 'ਰਾਹਾਂ ਦੀ ਧੂੜ', 'ਧੁੱਪ ਦਾ ਸਫ਼ਰ', 'ਸੁੱਕੇ ਪੱਤੇ', 'ਧੁਆਂਖੇ ਰਾਹ', 'ਟੁੱਟੀਆਂ ਤੰਦਾਂ', 'ਮੋਈ ਰੁੱਤ' ਆਦਿ ਨਾਵਲਾਂ ਨਾਲ ਪੰਜਾਬੀ ਨਾਵਲ ਜਗਤ ਵਿਚ ਅਹਿਮ ਯੋਗਦਾਨ ਦੇ ਚੁੱਕਾ ਹੈ। ਉਸ ਨੇ ਉੱਪਰਲੀ ਮੱਧ ਸ਼੍ਰੇਣੀ ਦੇ ਜੀਵਨ ਨੂੰ ਚਿਤਰਿਆ ਹੈ। ਇਸ ਦੇ ਪਹਿਲੇ ਨਾਵਲਾਂ ਵਿਚ ਕਹਾਣੀ ਪ੍ਰਧਾਨ ਹੈ ਉਸ ਦੇ ਨਵੇਂ ਨਾਵਲ 'ਮੋਈ ਰੁੱਤ' ਵਿਚ ਵਸਤੂ ਦੇ ਨਾਲ-ਨਾਲ ਆਕਾਰ ਵੀ ਬਦਲਿਆ ਹੈ।

**ਮਨਜੀਤ ਰਾਣਾ** :-

ਮਨਜੀਤ ਰਾਣਾ ਉਨ੍ਹਾਂ ਭਾਰਤੀ ਲੇਖਕਾਂ ਵਿਚੋਂ ਹੈ ਜੋ ਵਿਦੇਸ਼ ਵਿਚ ਰਹਿ ਕੇ ਪੰਜਾਬੀ ਸਾਹਿਤ ਦੀ ਸਿਰਜਣਾ ਕਰ ਰਹੇ ਹਨ। 'ਧਰਤੀ ਦੇ ਵਾਰਸ', 'ਅੰਗਰੇਜ਼ ਕੁੜੀਆਂ' ਅਤੇ 'ਦਿਲ ਤੇ ਦੁਨੀਆ' ਮਨਜੀਤ ਰਾਣਾ ਨੇ ਸਫਲ ਨਾਵਲ ਲਿਖੇ ਹਨ। ਅੰਗਰੇਜ਼ ਕੁੜੀਆਂ ਨਾਵਲ ਵਿਚ ਅਸ਼ਲੀਲ ਦ੍ਰਿਸ਼ ਹੋਣ ਕਰ ਕੇ ਚੰਗਾ ਪ੍ਰਭਾਵ ਨਹੀਂ ਪਿਆ। ਧਰਤੀ ਦੇ ਵਾਰਸ ਅਤੇ ਦਿਲ ਤੇ ਦੁਨੀਆ ਨਾਵਲ ਵੀ ਭਾਵਨਾਤਮਕ ਪੱਧਰ ਦੇ ਹਨ। ਮਨਜੀਤ ਰਾਣਾ ਦੀ ਵਿਸ਼ੇਸ਼ਤਾ ਇਸ ਗੱਲ ਤੇ ਹੈ ਕਿ ਉਸ ਨੇ ਆਪਣੇ ਨਾਵਲਾਂ ਵਿਚ ਮਨੁੱਖੀ ਜੀਵਨ ਦੇ ਹਨ੍ਹੇਰੇ ਪੱਖਾਂ ਉੱਤੇ ਰੌਸ਼ਨੀ ਪਾਈ ਹੈ।

**ਸੁਰਜੀਤ ਹਾਂਸ:-**

ਸੁਰਜੀਤ ਹਾਂਸ ਦੇ ਹੁਣ ਤੁਕ ਦੋ ਨਾਵਲ ਹੀ ਪ੍ਰਕਾਸ਼ਿਤ ਹੋਏ ਹਨ 'ਮਿੱਟੀ ਦੀ ਢੇਰੀ'ਅਤੇ 'ਪੁਸ਼ਤਾ'। ਇਹ ਪੰਜਾਬੀ ਨਾਵਲ ਵਿਚ ਵੱਖਰੀ ਸ਼ੈਲੀ ਨੂੰ ਪੇਸ਼ ਕਰਨ ਵਾਲੇ ਨਾਵਲ ਹਨ। ਸੁਰਜੀਤ ਹਾਸ ਦਾ ਨਾਵਲ 'ਮਿੱਟੀ ਦੀ ਢੇਰੀਸ 'ਸੰਸਕ੍ਰਿਤਕ ਕੀਮਤਾਂ ਨੂੰ ਪ੍ਰਸਤੁਤ ਕਰਨ ਵਾਲਾ ਨਾਵਲ ਹੈ। ਇਸ ਵਿਚ ਇੱਕ ਡਾਕਟਰ ਦੇ ਜੀਵਨ ਦੀ ਵਿਥਿਆ ਹੈ ਜੋ ਕਿਸ਼ੋਰ ਅਵਸਥਾ ਦੀ ਲੜਕੀ ਨਾਲ ਜਿਨਸੀ ਸੰਬੰਧ ਸਥਾਪਤ ਕਰਦਾ ਹੈ ਤੇ ਸਮਾਜ ਵਿਚ ਆਪਣੇ ਬਣੇ ਬਣਾਏ ਨਾਮ ਨੂੰ ਮਿੱਟੀ ਵਿਚ ਮਿਲਾ ਲੈਂਦਾ ਹੈ।

## ਜਗਜੀਤ ਬਰਾੜ:-

ਜਗਜੀਤ ਬਰਾੜ ਦਾ ਨਾਵਲ 'ਧੁੱਪ ਦਰਿਆ ਦੀ ਦੋਸਤੀ' ਨਿੱਕੇ ਆਕਾਰ ਦਾ ਆਧੁਨਿਕ ਚੇਤਨਤਾ ਦਾ ਪ੍ਰਤੀਕ ਨਾਵਲ ਹੈ। ਇਸ ਵਿਚ ਹਸਪਤਾਲ ਵਿਚ ਦਾਖਲ ਹੋਏ ਮਰੀਜ਼ ਦੇ ਨਰਸ ਨਾਲ ਪ੍ਰੇਮ ਸੰਬੰਧਾਂ ਨਾਲ ਸੰਬੰਧਿਤ ਕਹਾਣੀ ਹੈ। ਇਸ ਨਾਵਲ ਵਿਚ ਮਰੀਜ਼ ਦਾ ਪਤਾ ਲੈਣ ਆਏ ਉਸ ਦੇ ਦੋਸਤ ਦਾ ਨਰਸ ਵੱਲ ਖਿੱਚਿਆ ਜਾਣਾ ਮਰੀਜ਼ 'ਤੇ ਮਾਨਸਿਕ ਅਸਰ ਕਰਦਾ ਹੈ।

## ਮਹਿੰਦਰ ਸਿੰਘ ਸਰਨਾ:-

ਸਰਨਾ ਭਾਵੇਂ ਕਹਾਣੀਕਾਰ ਪਹਿਲਾਂ ਹੈ ਤੇ ਨਾਵਲਕਾਰ ਪਿੱਛੋਂ ਪਰ ਉਸ ਦੇ ਨਾਵਲ 'ਪੀੜਾਂ ਮੱਲੇ ਰਾਹ' ਅਤੇ 'ਕਾਂਗਾਂ ਦੇ ਕੰਡੇ' ਲਿਖੇ ਹਨ। ਮਨੋਵਿਗਿਆਨਕ ਪਾਤਰ ਚਿੱਤਰ ਅਤੇ ਵਿਅੰਗਾਤਾਮਕ ਸ਼ੈਲੀ ਇਹਨਾਂ ਨਾਵਲ ਦੇ ਵਿਸ਼ੇਸ਼ ਗੁਣ ਹਨ। ਇਹਨਾਂ ਨਾਵਲਾਂ ਵਿਚ ਸਰਨਾ ਨੇ ਅਜੋਕੀ ਮੱਧ ਸ਼੍ਰੇਣੀ ਦਾ ਜੀਵਨ ਯਥਾਰਥ ਪੇਸ਼ ਕੀਤਾ ਹੈ। ਇਸ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਦੀਆਂ ਮਾਨਸਿਕ ਸਥਿਤੀਆਂ ਕਲਾਤਮਕ ਢੰਗ ਨਾਲ ਦਰਸਾਈਆਂ ਗਈਆਂ ਹਨ।

## ਹਰਨਾਮ ਦਾਸ ਸਹਿਰਾਈ:-

ਹਰਨਾਮ ਦਾਸ ਨੇ ਪੰਜਾਬੀ ਸਾਹਿਤ ਨੂੰ ਸਮਾਜਕ ਤੇ ਇਤਿਹਾਸਕ ਦੋ ਪ੍ਰਕਾਰ ਦੇ ਨਾਵਲ ਦਿੱਤੇ ਹਨ 'ਲੋਹਗੜ੍ਹ' ਅਤੇ 'ਅਨੂਪ ਕੌਰ' ਉਸ ਦੇ ਇਤਿਹਾਸਕ ਨਾਵਲ ਹਨ। 'ਸਫ਼ੈਦ ਪੋਸ਼' ਨਾਵਲ ਵਿਚ ਉਸ ਨੇ ਸਮਾਜ ਵਿਚ ਵੱਧ ਰਹੇ ਭ੍ਰਿਸ਼ਟਾਚਾਰ ਤੇ ਕਾਮਵਾਸ਼ਨਾ ਨੂੰ ਪੇਸ਼ ਕੀਤਾ ਹੈ। ਉਸ ਦੇ ਹੋਰ ਨਾਵਲ ਹਨ 'ਸਤਰੰਗ', 'ਡਾਂਚੀ', 'ਅੱਧੀ ਰਾਤ', 'ਗਲੀ ਮਹੱਲੇ ਦੇ ਲੋਕ' ਆਦਿ।

## ਕਰਮਜੀਤ ਕੁੱਸਾ:

ਨਵੀਂ ਪੀੜ੍ਹੀ ਦੇ ਨਾਵਲਕਾਰਾਂ ਵਿਚ ਕਰਮਜੀਤ ਕੁੱਸਾ ਨੂੰ ਸਭ ਤੋਂ ਵੱਧ ਮਾਨਤਾ ਪ੍ਰਾਪਤ ਹੋਈ ਹੈ। 'ਬੁਕਰੇ ਵਾਲੇ ਲੁਟੇਰੇ', 'ਰਾਤ ਦੇ ਰਾਹੀਂ', 'ਰੋਹੀ ਬੀਆਬਾਨ', 'ਅੱਗ ਦਾ ਗੀਤ'ਅਤੇ 'ਜ਼ਖਮੀ ਦਰਿਆ' ਉਸ ਦੇ ਕੁੱਝ ਪ੍ਰਸਿੱਧ ਨਾਵਲ ਹਨ। 'ਬੁਕਰੇ ਵਾਲੇ ਲੁਟੇਰੇ' ਉਸ ਦੇ ਅਭਿਆਸੀ ਦੌਰ ਦੀ ਰਚਨਾ ਸੀ, ਇਸ ਕਾਰਨ ਇਸ ਵਿਚ ਰੋਮਾਨੀਅਤ ਦਾ ਰੰਗ ਵਧੇਰੇ ਪ੍ਰਬਲ ਹੈ ਪਰੰਤੂ ਪਿਛਲੇ ਨਾਵਲਾਂ ਵਿਚ ਉਸ ਨੇ ਨਿਮਨ ਕਿਸਾਨੀ ਸਮਾਜ ਦੇ ਉਲਾਰਾਂ-ਵਿਕਾਰਾਂ ਦੀ ਬੜੀ ਵਿਸ਼ਵਾਸ ਯੋਗ ਤਸਵੀਰ ਪੇਸ਼ ਕੀਤੀ ਹੈ। ਕੁੱਸੇ ਦੇ ਅਗਲੇ ਨਾਵਲ 'ਰਾਤ ਦੇ ਰਾਹੀਂ' ਵਿਚ ਛੋਟੀ ਕਿਸਾਨੀ ਤੋਂ ਉਤਪੰਨ ਹੋਏ ਔਰਤ ਮਰਦ ਦੇ ਜਿਨਸੀ ਸੰਬੰਧਾਂ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕੀਤਾ ਹੈ। ਕਰਮਜੀਤ ਕੁੱਸਾ ਨੇ 'ਜ਼ਖਮੀ ਦਰਿਆ' ਵਿਚ ਪੰਜਾਬ ਸੰਕਟ ਨੂੰ ਵਸਤੂ ਸਮਗਰੀ ਦੇ ਰੂਪ ਵਿਚ ਅਪਣਾਇਆ ਹੈ ਇਹ ਇਸ ਵਿਸ਼ੇ ਬਾਰੇ ਲਿਖੀ ਇੱਕ ਮਹੱਤਵਪੂਰਨ ਰਚਨਾ ਹੈ।

## ਜਸਵੰਤ ਸਿੰਘ ਵਿਰਦੀ:-

ਜਸਵੰਤ ਸਿੰਘ ਨੇ ਆਪਣੇ ਨਾਵਲਾਂ ਵਿਚ ਸ਼ਹਿਰੀ ਜ਼ਿੰਦਗੀ ਦੇ ਤਣਾਵਾਂ, ਅੰਤਰ ਵਿਰੋਧਾਂ ਅਤੇ ਸਭਾਵਾਂ ਨੂੰ ਕਲਾਤਮਕ ਵਿਉਂਤ ਬੰਦੀ ਦੁਆਰਾ ਪੇਸ਼ ਕੀਤਾ ਹੈ। ਉਸ ਦੇ ਪ੍ਰਸਿੱਧ ਨਾਵਲ 'ਵਿਖਰੇ- ਵਿਖਰੇ', 'ਆਪਣੇ-ਆਪਣੇ ਸੁਖ', 'ਕੰਡਿਆਂ ਤੇ ਤੁਰਨਾ', 'ਅੱਧੀ ਰਾਤ', 'ਤਰਕਾਲਾਂ', 'ਅੰਦਰਲੇ ਦਰਵਾਜ਼ੇ' ਆਦਿ ਵਰਨਣਯੋਗ ਨਾਵਲ ਹਨ। ਉਸ ਦੇ ਨਾਵਲਾਂ ਵਿਚ ਇੱਕ ਗੱਲ ਬੜੀ ਉੱਭਰ ਕੇ ਸਾਹਮਣੇ ਆਉਂਦੀ ਜੈ ਕਿ ਭਾਰਤ ਦੇ ਹਰ ਖੇਤਰ ਵਿਚ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਅਤੇ ਲਗਭਗ ਉਸ ਦੇ ਹਰ ਨਾਵਲ ਵਿਚ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੇ ਵਿਸ਼ਿਆਂ ਨੂੰ ਹੀ ਚੁਣਿਆ ਗਿਆ ਹੈ।

## ਰਾਮ ਸਰੂਪ ਅਣਖੀ:-

"ਰਾਮ ਸਰੂਪ ਅਣਖੀ ਇੱਕ ਕਹਾਣੀਕਾਰ ਹੈ ਪਰ ਉਸ ਨੇ "ਕੋਠੇ ਖੜਕ ਸਿੰਘ"ਨਾਵਲ ਲਿਖ ਕੇ ਪੰਜਾਬੀ ਨਾਵਲ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਉਸ ਨੇ ਪੇਂਡੂ ਕਿਰਸਾਨ ਦੇ ਜੀਵਨ ਨੂੰ ਪੇਸ਼ ਕੀਤਾ ਹੈ। 'ਸੁਲਗਦੀ ਰਾਤ', 'ਕੱਖ ਕਾਨਿਆਂ ਦੇ ਪੁਲ', 'ਪ੍ਰਤਾਪੀ' ਉਸ ਦੀਆਂ ਹੋਰ ਨਾਵਲ ਰਚਨਾਵਾਂ ਹਨ। "51 ਇਸ ਤੋਂ

ਇਲਾਵਾ ਉਸ ਨੇ 'ਜ਼ਖਮੀ ਅਤੀਤ', 'ਢਿੱਡ ਦੀ ਆਂਦਰ', 'ਜਿਨ ਸਿਰ ਸੋਹਿਣ ਪੱਟੀਆਂ', 'ਘੋੜਾ ਬਾਦਸ਼ਾਹ' ਅਤੇ 'ਤਿੰਨਾਂ ਬੂਹਿਆਂ ਵਾਲਾ ਘਰ' ਆਦਿ ਉਤਮ ਨਾਵਲ ਹਨ।

**ਸਾਰਾਂਸ਼:-**

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਇਕ ਅਜਿਹੀ ਰਚਨਾ ਹੈ ਜਿਸ ਵਿਚ ਪੂਰੇ ਜੀਵਨ ਦੀ ਪੇਸ਼ਕਾਰੀ ਹੁੰਦੀ ਹੈ। ਨਾਵਲ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿਚ ਘਟਨਾਵਾਂ ਨੂੰ ਲੰਮੇ ਕਾਲ ਖੰਡ ਵਿਚ ਬਿਆਨ ਕੀਤਾ ਹੁੰਦਾ ਹੈ। ਨਾਵਲ ਵਿਚ ਅਜਿਹੀਆਂ ਘਟਨਾਵਾਂ ਦਾ ਬਿਆਨ ਹੁੰਦਾ ਹੈ ਜੋ ਸੱਚ ਵਾਂਗ ਦਿਖਾਈ ਦਿੰਦੀਆ ਹਨ। ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਨ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਨਾਵਲ ਦੇ ਨਿਕਾਸ ਵਿਕਾਸ ਵਿਚ ਅਨੇਕਾਂ ਨਾਵਲਕਾਰਾਂ ਨੇ ਯੋਗਦਾਨ ਦਿੱਤਾ ਇਹਨਾਂ ਵਿਚ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੰਤ ਸਿੰਘ ਸੇਖੋਂ, ਦਲੀਪ ਕੌਰ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਅਨੇਕਾਂਅਜਿਹੇ ਨਾਵਲ ਕਾਰ ਜਿਹਨਾਂ ਨੇ ਨਾਵਲ ਦੇ ਖੇਤਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ।

# ਅਧਿਆਇ ਦੂਜਾ

## ਦਵਿੰਦਰ ਸੰਧੂ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ

ਦਵਿੰਦਰ ਸੰਧੂ ਦਾ ਜਨਮ 7 ਮਈ 1973 ਈ: ਵਿਚ ਪਿੰਡ ਖੇਮਾ ਖੇੜਾ ਮਲੋਟ, ਜ਼ਿਲ੍ਹਾ ਮੁਕਤਸਰ ਵਿਖੇ ਹੋਇਆ ਪਿਤਾ ਜੀ ਦਾ ਨਾਮ ਸ੍ਰੀ ਕਸ਼ਮੀਰ ਸਿੰਘ ਸੰਧੂ ਅਤੇ ਮਾਤਾ ਸਰਦਾਰਨੀ ਗੁਰਬਚਨ ਕੌਰ ਦੇ ਘਰ ਹੋਇਆ ਹੈ। ਸਧਾਰਨ ਕਿਸਾਨ ਪਰਿਵਾਰ ਵਿਚ ਹੈ ਦਵਿੰਦਰ ਸੰਧੂ ਦੀਆਂ ਚਾਰ ਭੈਣਾਂ ਅਤੇ ਤਿੰਨ ਭਰਾ ਹਨ ਦਵਿੰਦਰ ਸੰਧੂ 13 ਕਿੱਲੇ ਜ਼ਮੀਨ ਵਿਚੋਂ ਡੇਢ ਕਿੱਲੇ ਵਿਚ ਮਾਲਟਿਆਂ, ਮੁਸੰਮੀਆ ਤੇ ਸੰਤਰਿਆਂ ਦਾ ਬਾਗ਼ ਲੱਗਾ ਉਨ੍ਹਾਂ ਨੇ ਆਪਣੇ ਖੇਤ ਵਿਚ ਟਾਹਲੀਆਂ ਅਤੇ ਨਰਮੇ ਲੱਗਿਆਂ ਦਵਿੰਦਰ ਸੰਧੂ ਨੂੰ ਸਬਜ਼ੀਆਂ ਦੇ ਬੂਟਿਆਂ ਵੀ ਲਗਾਉਣ ਦਾ ਵੀ ਬਹੁਤ ਸ਼ੌਕ ਹੈ। ਉਤਨਾ ਨੇ ਆਪਣੇ ਖੇਤ ਦੇ ਵਿੱਚ ਭਿੰਨ-ਭਿੰਨ ਸਬਜੀਆਂ ਜਿਵੇਂ ਟਿੰਡੇ, ਭਿੰਡੀ, ਥੋਮ , ਗੰਢੇ, ਬਤਾਊ , ਮਿਰਚਾਂ ਦੇ ਬੂਟਿਆਂ ਆਦਿ ਲੱਗਿਆ ਉਹ ਨਾਂ ਨੂੰ ਜਾਨਵਰ ਅਤੇ ਪੰਛੀ ਨਾਲ ਵੀ ਬਹੁਤ ਪਿਆਰ ਕਰਦਾ ਹਨ। ਦਵਿੰਦਰ ਸੰਧੂ ਕੁਦਰਤ ਨਾਲ ਅੱਥਰਾ ਪਿਆਰ ਹੈ। ਖਾਲ ਦੇ ਪਾਣੀ ਵਿਚ ਛਾਂਲਾਮਾਰ –ਮਾਰ ਡੁੱਬਣਾ-ਤਰਨਾ ਤਿੱਤਰਾਂ, ਤੋਤਿਆਂ ਘੁੱਗੀਆਂ, ਚਿੜੀਆਂ, ਲਾਲੀਆਂ ਦੀਆਂ ਸੁਰੀਲੀਆਂ ਬੋਲੀਆਂ, ਛੱਪੜ ਵਿਚ ਮੱਝਾਂ ਦਾ ਨਹਾਉਣ ਬਹੁਤ ਕੁਦਰਤ ਨਜ਼ਾਰਾ ਵਧੀਆਂ ਲੱਗਦਾ ਹੈ। ਵੱਡੇ ਸਾਰੇ ਵਿਚਾਲੇ ਚੌੜੀ ਬੁਰਜੀ ਵਾਲੇ ਕੱਚੇ ਕੋਠੇ ਵਿਚ ਡਿੱਠੀਆਂ 8-10 ਮੰਜਿਆਂ ਤੇ ਸਿਆਲ ਦੀ ਰਾਤੇ, ਦੀਵੇ ਦੇ ਚਾਨਣੇ ਬੈਠੇ ਸਾਰੇ ਜੀਆਂ, ਨਰਮੇ ਦੇ ਟੀਂਡਿਆਂ ਵਿਚ ਰੂੰ ਕੱਢਦੇ ਲੰਮੀਆਂ ਬਾਤਾਂ ਪਾਉਂਦੇ, ਮੱਧਮ ਚਾਨਣ ਵਿਚ ਸਾਰਿਆਂ ਦੇ ਰਹੱਸਮਈ ਜਿਹੇ ਬਣੇ ਚਿਹਰਿਆਂ ਨੂੰ ਵੇਖਦਿਆਂ ਹੁੰਗਾਰਾ ਭਰਦੇ-ਭਰਦੇ ਬੇਬੇ ਦੇ ਲੋਕ ਦੁਆਲੇ ਜੱਫੀ ਪਾ ਸੌ ਜਾਣਾ।

ਦਵਿੰਦਰ ਸੰਧੂ ਦਾ ਬਚਪਨ ਵਿਚ ਅਪਾਣੇ ਦੋਸਤਾਂ ਨਾਲ ਨਿੰਮਾਂ ਦੀਆਂ ਗਟ੍ਹੋਲੀਆਂ ਤੇ ਟਿੱਬਿਆਂ ਤੋ ਬੇਰੀਆਂ ਦੇ ਬੇਰ ਚੁਗਦੇ ਸਨ। ਤੂਤਾਂ ਦੀਆਂ ਤੂਤੀਆਂ ਜੇਬ੍ਹ ਵਿਚ ਪਾ ਕੇ ਰਸ ਨਾਲ ਜੇਬ੍ਹਾਂ ਲਬੇੜ ਲੈਂਦੇ ਸਨ। ਪਿੜਾਂ ਵਿਚ ਛੋਲਿਆਂ, ਸਰੋਆਂ ਦਾ ਗਾਹ ਪੈ ਜਾਣਾ ਤੇ ਰੇੜੀ ਲੈ ਕੇ ਝੋਲੀ ਭਰ ਕੇ ਸਿੱਧੇ ਹੱਟੀ ਜਾ ਕੇ ਦੇਣੇ ਤੇ ਉਸ ਦੇ ਬਦਲੇ ਹੱਟੀ ਵਾਲੇ ਕੋਲ ਆਪਣੀ ਪਸੰਦ ਫੁੱਲੀਆਂ ਭੁਜੀਆ ਰਲਾ ਕੇ ਲੈਣਾ ਤੇ ਮੁੱਠਾਂ ਭਰ ਭਰ ਕੇ ਖਾਣਾ ਰਿਉੜੀਆਂ, ਬਾਲਸ਼ਾਹੀਆਂ, ਗੋਲੀਆਂ ਚੂਪਣੀਆਂ, ਖੋਏ ਦੇ ਗੋਲੇ, ਗੁੜ ਲਿਫ਼ਾਫ਼ੇ ਵਿਚ ਪੁਆਕੇ ਸੋਚਣਾ ਕੋਈ ਹੋਰ ਹੈ

ਮੇਰੇ ਵਰਗਾ ?ਬਚਪਨ ਵਿਚ ਮੀਂਹ ਪੈਣਾ ਵਿਹੜਾ ਤੇ ਗਲੀਆਂ ਵਿਚ ਪਾਣੀ ਨਾਲ ਭਰ ਜਾਣਾ ਖੂਹ –ਕਿਆਰੀਆਂ ਬਣਾ-ਬਣਾ ਕੇ ਖੇਡਣਾ ਚਿੱਕੜ ਵਿਚ ਲੇਟਣਾ, ਸ਼ਾਮੀ ਪਿੱਪਲ ਤੋਂ ਪੱਤੇ ਤੋੜ ਕੇ ਵੱਡੀਆਂ ਭੈਣਾਂ ਨੂੰ ਲਿਆ ਦੇਣੇ ਤੇ ਉਨ੍ਹਾਂ ਨਾਲ ਰਲ ਕੇ ਪੂੜੇ ਖੀਰ ਬਣਾ ਤੇ ਰਲਾ ਰਲਾ ਖਾਣੇ। ਚੇਤਰ ਦੇ ਵਿਚ ਗੁੜ ਦੀਆਂ ਮੱਠੀਆਂ ਰੋਟੀਆਂ ਪਕਾ , ਪੋਹ –ਰਿੱਧੀ ਤੇ ਮਾਘ ਦੀ ਖਿਚੜੀ ਬਣਾ ਕੇ ਖਾਣੀ। ਸ਼ਹਿਰੋਂ ਵਿਚ ਕਣਕ ਅਤੇ ਨਰਮਾ ਵੇਚ ਕੇ ਘਰ ਮੁੜੇ ਵੇਲੇ ਚਾਚੇ ਨੇ ਕੇਲੇ –ਸੇਬ ਲੈ ਕੇ ਖ਼ਰੀਦਣ ਤੇ ਚੱਕ ਮਾਰ ਮਾਰ ਕੇ ਖਾਣੇ, ਅਜਿਹਾ ਸੀ ਉਨ੍ਹਾਂ ਬੇਬੇ, ਪਰਿਵਾਰ, ਘਰ ਤੇ ਉਤਨਾ ਦਾ ਬਚਪਨ, ਬੱਸ ਇਸ ਮਾਹੌਲ ਨੇ ਕੁਦਰਤ ਦਾ ਪੁਜਾਰੀ ਬਣਾ ਦਿੱਤਾ। ਉਨ੍ਹਾਂ ਬਚਪਨ , ਪਿੰਡ ਤੇ ਘਰ ਦਾ ਮਾਹੌਲ ਉਹ ਨਾਂ ਦੀਆਂ ਰਚਨਾਵਾਂ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਦਵਿੰਦਰ ਸੰਧੂ ਜੀ ਪਿਤਾ ਦਾ ਸਾਧੂ ਸੁਭਾਅ ਸਨ। ਭਾਈ ਲਾਲੋ ਵਰਗਾ ਕਿਰਤੀ, ਸਾਰਾ ਦਿਨ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਰੱਬ ਦਾ ਡਰ ਤੇ ਪਿਆਰ ਹਰ ਵੇਲੇ ਚੇਤੇ ਰੱਖਣ ਵਾਲਾ ਸੱਚੀ-ਸੁੱਚੀ ਕਮਾਈ ਕਰ ਕੇ ਵੰਡ ਛੱਕਣਾ ਉਨ੍ਹਾਂ ਦੇ ਪਿਤਾ ਜੀ ਦਾ ਸੁਭਾਅ ਸੀ।

ਸੋ ਦਵਿੰਦਰ ਸੰਧੂ ਇਹ ਗੁਣ ਵਿਰਾਸਤ ਵਿਚ ਮਿਲੇ। ਵੱਡੇ ਭਰਾ ਵਾਹੀ ਕਰਦੇ। ਭੈਣਾਂ ਆਪਣੇ ਘਰ ਚਲੀਆਂ ਗਈਆਂ। ਦਾਦੀ ਹਰਨਾਮ ਕੌਰ ਫਿਰੋਜਪੁਰ ਦੇ ਇੱਕ ਵੱਡੇ ਖ਼ਾਨੇਦਾਰ 'ਖਾਰੇ ਵਾਲਿਆਂ ਦੀ ਧੀ ਸੀ ਜਿਸ ਦੀ ਸਿਆਣਪ ਅਤੇ ਭਲੇਮਾਣਸ ਸੀ ਉਨ੍ਹਾਂ ਦੀ ਦਾਦੀ ਅੱਜ ਵੀ ਮਿਸਾਲ ਪਿੰਡ ਵਾਲੇ ਦਿੰਦੇ ਨੇ। ਦਾਦਾ ਜੀ ਦੀ ਮੌਤ ਉਹ ਦੀ ਸੁਰਤ ਸੰਭਲਣ ਤੋਂ ਕਿਤੇ ਪਹਿਲਾਂ ਹੀ ਤੁਰ ਗਿਆ। ਦਾਦਾ ਜੀ ਬਹੁਤ ਚੰਗੇ ਮਨੁੱਖ ਸਨ। ਸਾਰਾ ਦਿਨ ਸਿਮਰਨ ਕਰਨ ਵਾਲਾ, ਭੋਲੇ ਤੇ ਗਰੀਬ ਦੀ ਸਹਾਇਤਾ ਕਰਨ ਵਾਲਾ ਪੁਰਸ਼ ਸੀ। ਦਵਿੰਦਰ ਸੂੰਧ ਦੱਸਦੇ ਹਨ ਖੇਤ ਦੇ ਬਾਗ਼ ਦੇ ਕੋਲ ਉੱਚੀ ਟਿੱਬੀ ਤੇ ਬਣਾਈ ਝੁੱਗੀ ਵਿਚ ਬੈਠ ਕੇ ਸਿਮਰਨ ਕਰਦਾ ਅਤੇ ਬਾਗ਼ ਦੀ ਰਖਵਾਲੀ ਵੀ ਕਰਦੇ ਸਨ। ਦਵਿੰਦਰ ਸੰਧੂ ਕਹਿੰਦੇ ਹਨ ਉਸ ਸਮੇਂ ਮੈਂ ਦੂਜੀ ਵਿਚ ਪੜਦਾ ਸੀ ਜਦੋਂ ਉਨ੍ਹਾਂ ਦੀ ਦਾਦੀ ਨਰਕ –ਸਵਰਗ ਦੀਆਂ ਬਾਤਾਂ ਸੁਣਦੇ ਸਨ ਕਿ ਚੰਗੇ ਕੰਮ ਕਰਨ ਵਾਲੇ ਸਵਰਗ ਨੂੰ ਜਾਂਦੇ ਹਨ ਅਤੇ ਮਾੜਾ ਕਰਮ ਕਰਨ ਵਾਲੇ ਨਰਕ ਭੋਗ ਦੇ ਹਨ। ਬੱਸ ਇਸ ਬਾਤ ਨੇ ਹੀ ਦਵਿੰਦਰ ਸੰਧੂ ਮਾਸੂਮ ਮਨ ਵਿਚ ਡਰ ਬਿਠਾ ਦਿੱਤਾ ਕਿ ਨਰਕਾਂ ਦੇ ਤਸੀਹਿਆਂ ਤੋਂ ਬਚਣ ਲਈ ਮਾੜੇ ਕੰਮਾਂ ਤੋ ਬਚਣਾ ਹੈ। ਦਾਦੀ ਤੁਰ ਜਾਣ ਮਗਰੋਂ ਵਾਗਡੋਰ ਪਿਤਾ ਨੇ ਸੰਭਾਲ ਲਈ। ਦਵਿੰਦਰ ਸੰਧੂ ਦੇ ਪਿਤਾ ਜੀ ਹਰ ਰੋਜ਼ ਰਾਤ ਸਾਖੀਆਂ ਸੁਣਾਉਣੀਆਂ , ਛੋਟੇ ਸਾਹਿਬਜ਼ਾਦਿਆਂ

ਦੀਆਂ ਸ਼ਹੀਦੀਆਂ, ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ, ਭਗਤ ਪ੍ਰਹਿਲਾਦ ਦੀਆਂ ਸਾਖੀਆਂ, ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਇੰਨੇ ਵੈਰਾਗ ਨਾਲ ਸੁਣਾਉਣੀ ਆਪ ਵੀ ਰੋ ਪੈਣਾ ਤੇ ਦਵਿੰਦਰ ਸੰਧੂ ਵੀ ਨੂੰ ਰੁਆ ਦੇਣਾ। ਏਸੇ ਦੀ ਬਦੌਲਤ ਨਾਲ ਹੀ ਦਵਿੰਦਰ ਸੰਧੂ ਚੌਥੀ ਕਲਾਸ ਤੱਕ ਪਹੁੰਚਦਿਆਂ ਮਨ ਐਸਾ ਗੁਰੂ ਵੱਲ ਤੁਰਿਆਂ ਕਿ ਪਿਤਾ ਜੀ ਦੀ ਕਿਰਪਾ ਨਾਲ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਤੋ ਸਿੱਖਿਆ ਲੈ ਕੇ ਚੌਥੀ ਕਲਾਸ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਹਿਜ ਪਾਠ ਕਰ ਲਿਆ। ਅਤੇ ਨਾਲ-ਨਾਲ ਗੁਰਦੁਆਰਾ ਸਾਹਿਬ ਵਿਚ ਮਿਲਿਆ ਧਾਰਮਿਕ ਸਾਹਿਤ ਪੜ੍ਹਦੇ ਰਿਹਾ। ਉਨ੍ਹਾਂ ਨੂੰ ਪੜ੍ਹਨ ਦਾ ਚਾਉ ਜਾਗਿਆ ਕਿ ਦਵਿੰਦਰ ਸੰਧੂ ਗਲੀ ਵਿਚ ਸਾਈਕਲ ਤੇ ਫਿਰਦੇ ਰੱਦੀ ਖ਼ਰੀਦਣ ਵਾਲਿਆਂ ਨੂੰ ਰੋਕ-ਰੋਕ ਕੇ ਉਨ੍ਹਾਂ ਦੀ ਫਰੋਲ ਕੇ ਰਸਾਲੇ, ਨਾਵਲ, ਅਖ਼ਬਾਰਾਂ ਦੇ ਕਹਾਣੀਆਂ ਵਾਲੇ ਪੰਨੇ ਖ਼ਰੀਦ ਕੇ ਬਦਲੇ ਵਿਚ ਕੋਈ ਹੋਰ ਰੱਦੀ ਜਾਂ ਬੀਬੀ ਤੋਂ ਪੈਸੇ ਦੁਆ ਦਿੰਦੇ ਸਨ।

ਜਦੋਂ ਦਵਿੰਦਰ ਸੰਧੂ ਪੰਜਵੀਂ ਕਲਾਸ ਵਿਚ ਪੜ੍ਹਦਿਆਂ ਖੇਡੇ ਖੇੜੇ ਤੋਂ ਜ਼ਮੀਨ ਵੇਚ ਕੇ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਤਹਿਸੀਲ ਗੁਰੂਹਰ ਸਹਾਏ ਦੇ ਪਿੰਡ ਚੱਕ ਸੈਦੋ ਕੇ ਵਿਚ 16 ਕਿੱਲੇ ਜ਼ਮੀਨ ਖ਼ਰੀਦੀ ਅਤੇ ਪਿੰਡ ਤੋਂ ਚਾਰ ਕਿ. ਮ ਦੂਰ ਖੇਤਾਂ ਵਿਚ ਘਰ ਪਾ ਕੇ ਬੈਠੇ। ਆਸੇ –ਪਾਸੇ ਓਜਾੜ ਬੀਆਬਾਨ , ਨਾਂ ਕੋਈ ਘਰ, ਨਾਂ ਕੋਈ ਆਂਢ-ਗੁਆਂਢ ਸੀ। ਉਨ੍ਹਾਂ ਦਾ ਸਕੂਲ ਵੀ ਕਾਫ਼ੀ ਦੂਰ ਸੀ। ਦਵਿੰਦਰ ਸੰਧੂ ਬੜਾ ਮਿਹਨਤੀ ਇਨਸਾਨ ਹਨ। ਦਵਿੰਦਰ ਸੰਧੂ ਆਪਣੇ ਵੱਡੇ ਭਰਾ ਕੋਲ ਬਹੁਤ ਡਰ ਸਨ ਕਿਉਂਕਿ ਸਖ਼ਤ ਸੁਭਾਅ ਦੇ ਸਨ। ਉਨ੍ਹਾਂ ਦੇ ਹੁਕਮ ਅਨੁਸਾਰ ਚਾਹ ਪਾਣੀ ਪੀ ਕੇ ਦੋ ਘੰਟੇ ਸਕੂਲ ਦਾ ਕੰਮ ਕਰ ਕੇ ਫਿਰ ਡੰਗਰ ਨੂੰ ਚਾਰਓਣ ਲਈ ਲੈ ਕੇ ਜਾਣਾ ਅਤੇ ਸ਼ਾਮੀ ਦਿਨ ਲੱਥੇ ਘਰ ਮੁੜਦੇ ਸਮੇਂ 5-6 ਪੰਡਾਂ ਜਵਾਰ ਦੇ ਪੱਠੇ ਟੋਕੇ ਹੱਥੀ ਗੇੜ ਕੇ ਕੁਤਰ ਲਿਆਉਣੀਆਂ ਤੇ ਰਾਤ ਤੱਕ ਬੇਹੱਦ ਥੱਕ ਜਾਂਦਾ ਤਾਂ ਤਾਰਿਆਂ ਛਾਵੇਂ ਗੂੜ੍ਹੀ ਨੀਂਦ ਮਿੰਟੋ ਮਿੰਟੀਆਂ ਸੋ ਜਾਂਦੇ। ਜਦੋਂ ਉਨ੍ਹਾਂ ਦਾ ਸਕੂਲ ਦਾ ਕੰਮ ਰਹਿ ਜਾਂਦਾ ਤੇ ਲਾਲਟੈਨ ਦੇ ਚਾਨਣ ਹੇਠਾਂ ਕੰਮ ਕਰਦੇ ਸਨ ਕਿਉਂਕਿ ਉਸ ਸਮੇਂ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ। ਜਦੋਂ ਦਵਿੰਦਰ ਸੰਧੂ ਛੇਵੀਂ ਕਲਾਸ ਵਿਚ ਪੜ੍ਹਦਿਆਂ ਸਨ ਕਾਪੀ ਦੇ ਖ਼ਾਲੀ ਵਰਕਿਆਂ ਨੂੰ ਕੱਟ ਕੇ ਇੱਕ ਡਾਇਰੀ ਜਿਹੀ ਬਣਾਈ ਤੇ ਸੂਈ ਨਾਲ ਸਿਊ ਕੇ ਉਸ ਤੇ ਆਪਣੀ ਪੁਰਾਣੀਆਂ ਯਾਦਾਂ ਉੱਕਰ ਦਿੱਤੀਆਂ ਤੇ ਉਸ ਦਾ ਨਾਮ ਰੱਖਿਆਂ ' ਮੇਰੀਆਂ ਅਭੁੱਲ ਯਾਦਾਂ '। ਉਨ੍ਹਾਂ ਨੂੰ ਉਦੋਂ ਵੀ ਲਿਖਣ ਦੀ ਸੂਝ ਸੀ। ' ਮੇਰੀਆਂ ਅਭੁੱਲ ਯਾਦਾਂ ' ਉਨ੍ਹਾਂ ਦਾ ਪਹਿਲਾਂ ਸਾਹਿਤਕ ਕ੍ਰਿਤ ਸੀ।

ਦਵਿੰਦਰ ਸੰਧੂ ਜਦੋਂ ਛੇਵੀਂ ਕਲਾਸ ਵਿਚ ਪੜ੍ਹਦੇ ਸਨ ਉਨ੍ਹਾਂ ਨੇ ਆਪਣੇ ਸਕੂਲ ਦੀ ਲਾਇਬਰੇਰੀ ਦੀਆਂ ਸਾਰੀਆਂ ਕਿਤਾਬਾਂ ਇੱਕ ਸਾਲ ਵਿਚ ਪੜ੍ਹ ਲਈ ਸਨ ਸਕੂਲ ਦੀ ਮੈਡਮ ਦੇਖ ਕੇ ਬਹੁਤ ਹੈਰਾਨ ਹੋ ਗਈ ਸੀ ਕਿ ਵੀਹ ਸਾਲ ਹੋ ਗਏ ਲਾਇਬਰੇਰੀ ਬਾਰੇ ਪਹਿਲਾਂ ਕਿਸੇ ਨੇ ਪੁੱਛਿਆ ਤੱਕ ਨਹੀਂ ਸੀ। ਉਹ ਨੇ ਅੱਠਵੀਂ ਕਲਾਸ ਕਵਿਤਾ ਲਿਖੀ ਜੋ ਸ੍ਰੀ ਅੰਮ੍ਰਿਤਸਰ ਤੋ ਛਪਦੇ ਮੈਗਜ਼ੀਨ ਸੰਪਰਕ ਵਿਚ ਛਪ ਕੇ ਡਾਕ ਰਾਹੀ ਸਕੂਲ ਪਹੁੰਚੀ ਤਾਂ ਹੈੱਡਮਾਸਟਰ ਵੇਖ ਕੇ ਹੈਰਾਨ ਹੋ ਗਿਆ ਤੇ ਬੁਲਾਕੇ ਕਈ ਵਾਰੀ ਉਨ੍ਹਾਂ ਨੂੰ ਸ਼ਾਬਾਸ਼ ਦੇ ਕੇ ਆਖਿਆ ਹੁਣ ਪੁੱਤਰ ਤੂੰ ਛਪਣ ਲੱਗ ਗਿਆ ਤੇ ਤੂੰ ਅੱਗੇ ਜਾਂ ਬੜੀ ਤਰੱਕੀ ਕਰੇਗਾ।ਪਿੰਡ ਵਿਚ ਜਿਹਨੂੰ ਵੀ ਪਤਾ ਲੱਗਦਾ ਵਧਾਈਆਂ ਮਿਲੀਆਂ।

ਦਵਿੰਦਰ ਸੰਧੂ ਦਸਵੀਂ ਵਿਚ ਪਹਿਲੇ ਨੰਬਰ ਤੇ ਰਹਿ ਕੇ ਪਾਸ ਹੋਇਆ। ਉਹ ਨਾਂ ਸੋਚਿਆ ਮੈਂ ਐਮ ਏ , ਪੀ. ਐਚ ਡਿਗਰੀ ਕਰੇਗਾ ਪਰ ਵੱਡੀ ਭਰਜਾਈ ਨੇ ਆਖਿਆਂ ਕਿ ਇਹ ਨੂੰ ਵੀ ਪੜ੍ਹਨ ਤੋਂ ਹੱਟਾ ਕੇ ਵਾਹੀ ਵਿਚ ਆਪਣੇ ਨਾਲ ਲਾਉ।ਨੌਕਰੀ ਲੱਗ ਕੇ ਆਪਣੇ ਜਵਾਕ ਹੀ ਪਾਲਣੇ ਨੇ ਸਾਨੂੰ ਕੀ ਦੇਣਾ ਏ। ਤੇ ਭਰਾਵਾਂ ਨੇ ਅੱਗੇ ਪੜ੍ਹਾਉਣ ਤੋਂ ਨਾਂ ਕਰ ਦਿੱਤੀ। ਬੜਾ ਰੋਇਆ ਮਿੰਨਤਾਂ ਕੀਤੀਆਂ , ਰਿਸ਼ਤੇਦਾਰ ਨੇ ਵੀ ਬਹੁਤ ਸਮਝਿਆਂ ਪਰ ਉਹ ਨਾਂ ਮੰਨੇ ਤੇ ਵਾਹੀ ਤੇ ਲੱਗ ਦਿੱਤਾ। ਦਵਿੰਦਰ ਸੰਧੂ ਕੰਮ ਪਹਿਲਾਂ ਵੀ ਕਰਵਾ ਰਹਿ ਸਨ ਸੱਤਵੀਂ ਕਲਾਸ ਵਿਚ ਪੜ੍ਹਦਿਆਂ ਹੀ ਕਣਕ ਨਾਲ ਵਢਾਉਣੀ।15 ਕਿੱਲੇ ਕਣਕ ਹੱਥੀ ਵੱਢਦਿਆਂ 22-23 ਦਿਨ ਲੱਗ ਜਾਣੇ। ਕੜੱਕ ਦੀਆਂ ਧੁੱਪਾਂ, ਮਣ-ਮਣ ਮਿੱਟੀ ਮੂੰਹ ਤੇ ਨਾਸਾਂ ਵਿਚ ਪੈਣੀ, ਸਾਰਾ ਦਿਨ ਬੈਠ ਕੇ ਰਿੜ੍ਹਕੇ-ਰਿੜ੍ਹਕੇ ਅੱਗੇ ਵਧਦਿਆਂ ਕਣਕ ਵੱਢਦਿਆਂ, ਸੂਰਜ ਚੜ੍ਹਨ ਤੋਂ ਪਹਿਲਾ ਲੱਗਣਾ ਤੇ ਤਾਰੇ ਨਿਕਲਿਆਂ ਤੋਂ ਘਰ ਵੜਨਾ।ਐਨਾ ਥੱਕ ਜਾਣਾ ਕਿ ਨਹਾਉਣ ਤੋਂ ਬਾਅਦ ਰੋਟੀ ਖਾਂਦਿਆਂ ਅੱਖਾਂ ਬੰਦ ਹੋਈ ਜਾਣੀਆਂ ਤੇ ਮੰਜੇ ਤੇ ਪੈਂਦਿਆਂ ਸਾਰ ਕੋਈ ਸੁੱਧ-ਬੁੱਧ ਨਾ ਰਹਿਣੀ ਕਿੱਥੇ ਪਏ ਹਾਂ। ਨੌਵੀਂ ਕਲਾਸ ਵਿਚ ਪੜ੍ਹਦਿਆਂ ਸਿਆਲਾਂ ਦੀਆਂ ਠੰਢੀਆਂ –ਠਾਰ ਬਰਫ਼ੀਲੀਆਂ ਰਾਤਾਂ ਵਿਚ ਨਹਿਰ ਦੇ ਠੰਢੇ ਪਾਣੀ ਦੀ ਵਾਰੀ ਲਾਉਣੀ। ਸਾਡੀ ਵਾਰੀ ਰਾਤ 12:40 ਤੇ ਲੱਗਦੀ ਸਾਰੀ ਰਾਤ ਜਾਗਦਿਆਂ ਤੇ ਠੁਰ-ਠੁਰ ਕਰਦਿਆਂ ਲੰਘ ਜਾਣੀ ਤੇ ਸਵੇਰੇ ਥੱਕੇ-ਥਕਾਏ ਫਿਰ ਤੁਰ ਕੇ ਸਕੂਲ ਜਾਣਾ। ਫਿਰ ਤੁਰ ਕੇ ਸਕੂਲ ਜਾਣਾ। ਫਿਰ ਉਹ ਨਾਂ ਨੂੰ ਸ਼ਹਿਰ ਦੇ ਇੱਕ ਬਹੁਤ ਹੀ ਪ੍ਰਸਿੱਧ ਡਾਕਟਰ ਕੋਲ ਕੰਮ ਸਿੱਖਣ ਲਾ ਦਿੱਤਾ। ਉਹਨਾ ਦੀ ਮਰਜ਼ੀ ਦੇ ਖ਼ਿਲਾਫ਼। ਪਰ ਉਹਨਾ ਨੂੰ ਕੰਮ ਇਹ ਕਦੀ ਪਸੰਦ ਨਹੀਂ ਸੀ। ਡਾ. ਅਮਰਜੀਤ ਸਿੰਘ ਟੱਕਰ

ਸ਼ਾਇਰਾਨਾ ਤਬੀਅਤ ਦੇ ਮਾਲਕ ਸਨ।ਉਹ ਨਾਂ ਪੁੱਤਰ ਵਾਂਗ ਸਮਝਦੇ। ਉਨ੍ਹਾਂ ਤੋਂ ਹੀ ਦਵਿੰਦਰ ਸੰਧੂ ਨੂੰ ਗ਼ਜ਼ਲਾਂ ਸੁਣਨ ਦਾ ਸ਼ੌਕ ਪਿਆ।

ਡਾ ਅਮਰਜੀਤ ਸਿੰਘ ਨੇ ਦਵਿੰਦਰ ਸੰਧੂ ਨੂੰ ਜਗਜੀਤ, ਗ਼ੁਲਾਮ ਅਲੀ , ਮਹਿੰਦੀ ਹਸਨ, ਅਸ਼ੋਕ ਖੋਸਲਾਂ, ਮਹਿੰਦੀ ਹਸਨ, ਆਬਿਦਾ ਬੇਗਮ, ਮੁੰਨੀ ਬੇਗਮ, ਰੇਸ਼ਮਾ ਆਦਿ ਦਾ ਬੜਾ ਵੱਡਾ ਖ਼ਜ਼ਾਨਾ ਕੇਸਾਂ ਵਿਚ ਭਰ-ਭਰ ਕੇ ਦਿੱਤਾ ਅਤੇ ਦੀਵਾਲੀ ਵਾਲੇ ਦਿਨ ਉਨ੍ਹਾਂ ਨੂੰ ਟੇਪ ਰਿਕਾਰਡ ਤੋਹਫ਼ਾ ਦਿੱਤਾ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 14-15 ਸਾਲ ਡਾ ਅਮਰਜੀਤ ਕੋਲ ਹੀ ਗਾਲ ਦਿੱਤੇ ਪਰ ਉਹ ਨਾਂ ਨੂੰ ਬਹੁਤ ਸਨਮਾਨ ਮਿਲਾ। ਦਵਿੰਦਰ ਸੰਧੂ ਇਨਡੋਰ ਇੰਚਾਰਜ ਦਾ ਰੁਤਬਾ ਦੇ ਕੇ ਦਫ਼ਤਰ ਤੇ ਦੋ ਸਹਾਇਕ ਦਿੱਤੇ ਗਏ। ਸਾਰਾ ਇਨਡੋਰ ਉਨ੍ਹਾਂ ਦੇਖ ਰੇਖ ਵਿਚ ਹੁੰਦੀ ਸੀ। ਅਫ਼ਸਰਾਂ ਵਾਂਗ ਸਵੇਰੇ ਦੱਸ ਵਜੇ ਜਾ ਕੇ ਸ਼ਾਮੀ ਚਾਰ ਵਜੇ ਘਰ ਨੂੰ ਤੁਰ ਪੈਂਦਾ। ਪੂਰੇ ਇਲਾਕੇ ਵਿਚ ਸੰਧੂ-ਸੰਧੂ ਹੁੰਦਾ ਰਹਿੰਦਾ ਹੈ।ਇੱਥੇ ਹੀ ਉਨ੍ਹਾਂ ਨੂੰ ਸਾਹਿਤ ਦਾ ਸਭਾ ਮੈਂਬਰ ਬਣਿਆ ਗਿਆ।ਉਸ ਸਮੇਂ ਉਨ੍ਹਾਂ ਦੀ ਤਨਖ਼ਾਹ 500 ਤੋ ਸ਼ੁਰੂ ਹੋਈ ਤੇ ਹਰ ਸਾਲ 100 ਰੁਪਏ ਵੱਧ ਗਏ। ਦਵਿੰਦਰ ਸੰਧੂ ਨੇ ਪੰਜਾਬੀ ਫ਼ਿਲਮਾਂ ਵਿਚ ਵੀ ਆਪਣਾ ਰੋਲ ਅਦਾ ਕੀਤਾ ਸੀ। ਉਨ੍ਹਾਂ ਫ਼ਿਲਮਾਂ "ਜੱਟ ਜਿਊਂਣਾ ਮੋੜ"ਵਿਚ ਛੋਟਾ ਜਿਹਾ ਰੋਲ ਅਦਾ ਕੀਤਾ ਸੀ। ਦਵਿੰਦਰ ਸੰਧੂ ਇੱਕ ਹਫ਼ਤਾ ਯੂਨਿਟ ਵਿਚ ਰਹਿ ਕੇ ਸ਼ੂਟਿੰਗ ਦੇਖਦਿਆਂ ਫ਼ਿਲਮੀ ਦੁਨੀਆ ਅਤੇ ਐਕਟਿੰਗ ਬਾਰੇ ਕਾਫ਼ੀ ਕੁੱਝ ਸਿੱਖਿਆਂ। ਇਸ ਦੇ ਨਾਲ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਸਟਾਰਡਮ ਵਾਲੀ ਸ਼ੋਹਰਤ ਮਿਲੀ। ਅਖ਼ਬਾਰਾਂ ਵਿਚ ਉਨ੍ਹਾਂ ਦੇ ਇਨਟਰਵਿਊਜ਼ ਛਪੀਆਂ। ਫਿਰ ਉਨ੍ਹਾਂ ਨੇ 2-3 ਹੋਰ ਫ਼ਿਲਮਾਂ ਵਿਚ ਕੰਮ ਕੀਤਾ।

1995 ਵਿਚ ਪਹਿਲੀ ਕਹਾਣੀ "ਜੱਗ ਬਾਣੀ" ਵਿਚ ਛਪੀ "ਯਾਦ ਆਈ ਸੱਜਣਾ ਦੀ"ਕਮਾਲ ਹੋ ਗਈ। ਪਹਿਲੀ ਰਚਨਾ ਤੇ ਹੀ ਪਾਠਕਾਂ ਪ੍ਰਸ਼ੰਸਕਾਂ ਦੀਆਂ 20-25 ਚਿੱਠੀਆਂ ਮਿਲੀਆਂ ਜਿਸ ਵਿਚ ਉਨ੍ਹਾਂ ਲਿਖਿਆ ਤੁਹਾਡੀ ਕਹਾਣੀ ਧੁਰ ਅੰਦਰ ਤੱਕ ਟੁੰਬ ਗਈ। ਬੜਾ ਹੌਸਲਾ ਵਧਦਾ ਗਿਆ , ਸੰਧੂ ਲਿਖਦਾ ਗਿਆ। 1999 ਵਿਚ ਦੂਜੀ ਕਹਾਣੀ "ਜਿਸ ਪਿਆਰੇ ਸਿਉ ਨੇਹੁ "ਛਪੀ ਧੁੰਮ ਹੀ ਪੈ ਗਈ। 50-60 ਕੁ ਚਿੱਠੀਆਂ ਵਿਚ ਹਰ ਮੁੰਡਾ, ਕੁੜੀ, ਬਜ਼ੁਰਗ ਇਹ ਲਿਖ ਰਿਹਾ ਸੀ ਦਵਿੰਦਰ ਸੰਧੂ ਤੇਰੀ ਕਹਾਣੀ ਪੜ੍ਹ ਕੇ ਤਾਂ ਮੈਂ ਧਾਹਵਾਂ ਮਾਰ ਕੇ ਰੋਇਆ। ਇੱਕ 60 ਸਾਲ ਦਾ ਬਜ਼ੁਰਗ ਨੇ ਲਿਖਿਆਂ "ਮੈਂ ਆਪਣੀ ਮਾਂ ਮਰੀ ਤੋਂ ਵੀ ਨਹੀ ਰੋਇਆ ਪਰ ਮੁੰਡਿਆ ਤੂੰ ਤਾਂ ਮੈਨੂੰ ਵੀ ਧਾਹੀ ਰੁਆ ਦਿੱਤਾ।"ਇਹ ਕਹਾਣੀ ਇੰਗਲੈਂਡ, ਅਮਰੀਕਾ ਆਦਿ ਮੁਲਕਾਂ ਵਿਚ ਵੀ ਛਪੀ। ਇਸ ਕਹਾਣੀ ਤੇ

ਫ਼ਿਲਮਾਂ ਵੀ ਬਣੀ ਗਈ। ਉਨ੍ਹਾਂ ਦੀ ਦੂਜੀ ਕਹਾਣੀ "ਡੋਗਰ "ਤੇ ਵਿਕਟਰ ਜੌਹਨ ਨੇ ਛੋਟੀ ਫ਼ਿਲਮਾਂ ਬਣੀ "ਫੈਮਿਲੀ ਛੜਿਆਂ ਦੀ "ਜੋ ਯੂ ਟਿਊਬ ਤੇ ਪਈ ਹੈ। 2002 ਵਿਚ ਇਹਨਾਂ ਦੀ ਪਹਿਲੀ ਕਿਤਾਬ "ਤੱਤੇ ਟਿੱਬਿਆਂ ਦੇ ਪ੍ਰਾਂਧੀ "ਛਪੀ। ਇਸ ਕਿਤਾਬ ਨੂੰ ਪਾਠਕਾਂ ਨੇ ਮਣਾਂ ਮੂੰਹੀ ਪਿਆਰ ਦਿੱਤਾ। 2010 ਵਿਚ ਇਹਨਾਂ ਨੂੰ ਅੰਮ੍ਰਿਤਸਰ ਵਿਚ ਕਹਾਣੀਕਾਰ ਕੁਲਬੀਰ ਸਿੰਘ ਕਾਂਗ ਐਵਾਰਡ ਪ੍ਰਾਪਤ ਕੀਤਾ। 2008 ਵਿਚ ਪ੍ਰਸਿੱਧ ਗਾਇਕ ਗੁਰਦਾਸ ਮਾਨ ਦੀ ਜੀਵਨੀ ਲਿਖੀ। ਇਸ ਨਾਲ ਦਵਿੰਦਰ ਸੰਧੂ ਨੂੰ ਪੰਜਾਬ ਤੇ ਵਿਦੇਸ਼ਾਂ ਵਿਚ ਅਥਰਾਂ ਪਿਆਰ ਮਿਲੀਆਂ। ਇਹਨਾਂ ਦੀ ਅਗਲੀ ਕਿਤਾਬ "ਭਾਈ ਮਰਨ ਤਾਂ ਜਾਂਦੀਆਂ ਭੱਜ ਬਾਹੀ" 2010 ਵਿਚ ਛਪੀ। ਇਸ ਕਹਾਣੀ ਕਾਵਿ ਸੰਗ੍ਰਹਿ ਵਿਚ ਸੰਧੂ ਜੀ ਨੇ ਆਪਣੇ ਦੀ ਹੁਣ ਤੱਕ ਦੀ ਜ਼ਿੰਦਗੀ ਦੇ "ਹੱਡ ਬੀਤੀਆਂ ਅਤੇ ਜੱਗ ਬੀਤੀਆਂ"ਤੇ ਅਧਾਰਿਤ ਨਮੂਨੇ ਹਨ। ਇਹ ਕਿਤਾਬ ਸਕੂਲਾਂ, ਕਾਲਜਾਂ ਤੋ ਲੈ ਕੇ ਗੁਰਦੁਆਰਿਆਂ ਦੀ ਲਾਇਬ੍ਰੇਰੀਆਂ ਵਿਚ ਵੀ ਸਜੀ। ਲੋਕਾਂ ਨੇ ਅੱਖਾਂ ਭਰ-ਭਰ ਆਖਿਆ , ਦਵਿੰਦਰ ਸੰਧੂ ਯਾਰ ਤੇਰੀ ਇਹ ਕਿਤਾਬ ਹਰ ਘਰ ਵਿਚ ਹੋਵੇ ਤਾਂ ਨਾਂ ਕਦੇ ਭਰਾ ਆਪਸ ਵਿਚ ਲੜਨ ਤੇ ਨਾਂ ਕੋਈ ਮਾੜੇ ਪਾਸੇ ਤੁਰੇ ਕਈ ਹੋਰ ਲੋਕਾਂ ਨੇ ਵੀ ਇਹ ਗੱਲ ਪਰ ਖ਼ਾਸ ਤੌਰ ਤੇ ਬਠਿੰਡਾ ਫ਼ੌਜੀ ਛਾਉਣੀ ਤੋਂ ਮਿਲਣ ਆਏ ਪੰਜ ਫ਼ੌਜੀ ਵੀਰਾਂ ਨੇ ਉਨ੍ਹਾਂ ਨੂੰ ਗਲਵੱਕੜੀ ਵਿਚ ਲੈ ਕੇ ਇਹ ਗੱਲ ਆਖੀ , ਵੀਰ ਜੀ! ਤੁਹਾਡੀ ਇਸ ਕਿਤਾਬ ਨੇ ਤਾਂ ਸਾਡੀਆਂ ਕਿੰਨੀਆਂ ਉਲਝਣਾ ਜਾਂ ਮੁਸ਼ਕਲਾਂ ਹੀ ਹੱਲ ਕਰ ਦਿੱਤੀਆਂ। ਉਨ੍ਹਾਂ ਫ਼ੌਜੀ ਵਿਚੋਂ ਇੱਕ ਫ਼ੌਜੀ ਸੁਖਵਿੰਦਰ ਸਿੰਘ ਗੁਰਦਾਸਪੁਰ ਆਪਣੇ ਭਰਾ ਨਾਲ ਝਗੜਾ ਚੱਲ ਰਿਹਾ ਸੀ। ਉਹ ਅੱਡ ਕਿਤੇ ਰਹਿਣ ਬਾਰੇ ਸੋਚ ਰਿਹਾ ਸੀ ਕਿ ਮੇਰੇ ਹੱਥਾਂ ਵਿਚ ਤੁਹਾਡੀ ਇਹ ਕਿਤਾਬ ਆ ਗਈ। ਬੱਸ ਪਹਿਲਾ ਲੇਖ (ਭਾਈ ਮਰਨ ਤਾਂ ਜਾਂਦੀਆਂ ਬਾਂਹਾਂ ) ਹੀ ਪੜ੍ਹਿਆ ਸੀ ਕੀ ਅੱਖਾਂ ਛਮ-ਛਮ ਵੱਗ ਤੁਰੀਆ ਤੁਸੀਂ ਸੱਚ ਹੀ ਲਿਖਿਆ ਏ ਇੱਕ ਵਾਰ ਵਿਛੋੜੇ ਆਪਣੇ ਫਿਰ ਕਿਸੇ ਜਨਮ ਚ ਮਿਲਣਾ ਕਿ ਨਹੀ। ਮੈਂ ਭਰਾ ਨੂੰ ਜਾ ਕੇ ਮਨਾ ਲਿਆ ਅਤੇ ਅਸੀਂ ਇਕੱਠੇ ਵੱਸਦੇ ਰਹਿ ਗਏ।

ਦਵਿੰਦਰ ਸੰਧੂ ਦੀ ਤੀਜੀ ਕਿਤਾਬ 'ਨੀ ਜਿੰਦ ਮੇਰੀਏ' (ਨਾਵਲ )2012 ਵਿਚ ਛਾਪਿਆ ਜੋ ਉਨ੍ਹਾਂ ਦੀ ਆਤਮ ਕਥਾ ਛੇ ਕੁ ਮਹੀਨਿਆਂ ਦਾ ਸਫ਼ਰ ਹੈ ਇਹ ਨਾਵਲ ਪੜ੍ਹ ਕੇ ਬਹੁਤ ਸਾਰੇ ਜਵਾਨ ਬਜ਼ੁਰਗ ਕੁੜੀਆਂ ਮੁੰਡਿਆਂ ਨੇ ਆਖਿਆ ਇਹ ਤਾਂ ਸਾਨੂੰ ਸਾਡੀ ਆਪਣੀ ਕਹਾਣੀ ਹੀ ਲੱਗੀ। ਲੁਧਿਆਣੇ ਦੇ ਇੱਕ 60 ਕੁ ਸਾਲ ਦੇ ਵਪਾਰੀ ਸ਼੍ਰੀ ਹਰਿਮੰਦਰ ਸਿੰਘ ਕਹਿੰਦੇ ਮੈਂ ਪੰਜਾਬ ਤੋਂ ਗੁਜਰਾਤ ਜਾਂਦਿਆਂ ਰੇਲ ਵਿਚ ਇਹ ਨਾਵਲ ਰਾਤ ਨੂੰ

ਪੜ੍ਹਿਆ ਤਾਂ ਛਮ- ਛਮ ਰੋ ਪਿਆ। ਸਾਹਮਣੀ ਸੀਟ ਤੇ ਬੈਠੇ ਸਾਰੇ ਹੈਰਾਨ ਹੋ ਰਹੇ ਸੀ ਸਰਦਾਰ ਇਸ ਉਮਰ ਵਿਚ ਰੋ ਰਿਹਾ ਹੈ ਅਤੇ ਅਗਲੇ ਦਿਨ ਮੈਥੋਂ ਰਿਹਾ ਨਹੀ ਗਿਆ ਅਤੇ ਦੁਬਾਰਾ ਨਾਵਲ ਪੜ੍ਹਿਆ ਤਾਂ ਫਿਰ ਉਹ ਹਾਲ ਹੋਇਆ ਸੀ। ਇਹ ਦੋ ਵਾਰ ਪੜ੍ਹਨ ਵਾਲੀ ਗੱਲ ਪਟਿਆਲੇ ਤੋਂ ਏ. ਆਈ. ਜੀ. ਰੇਲਵੇ ਪੁਲੀਸ ਸ੍ਰੀ. ਗੁਰਦੀਪ ਸਿੰਘ ਹੋਰਾਂ ਵੀ ਕਹੀ। ਚੌਥੀ ਕਿਤਾਬ ਦੋ ਤਿੰਨ ਮਹੀਨੇ ਪਹਿਲਾ ਛਪੀਏ "ਲਾਹੌਰ-58063"ਜੋ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਹੀ ਤੇ ਅੱਗੇ ਵਾਂਗ ਭਰਪੂਰ ਰਾਇ ਵੀ ਮਿਲ ਰਹੀ ਹੈ। "ਬਿਨ ਤੁਸਾ ਅਸੀ ਸੱਖਣੇ "ਪੜ੍ਹ ਕੇ ਤਾਂ ਕੁਦਰਤ ਨਾਲ ਆਪ ਮੁਹਾਰੇ ਹੀ ਪਿਆਰ ਜਾਗ ਪੈਦਾ ਹੈ ਤੇ ਪੰਛੀਆਂ ਅਤੇ ਰੁੱਖਾਂ ਨਾਲ ਮੋਹ ਹੋ ਜਾਂਦਾ ਹੈ। "ਵਤਨ ਦੇ ਸ਼ਹੀਦ "ਤਾਂ ਪਹਿਲਾਂ ਹੀ ਕਈ ਅਖ਼ਬਾਰਾਂ ਵਿਚ ਛਪੀ ਸੀ ਉਦੋਂ ਫ਼ੌਜੀ ਵੀਰਾਂ ਦੀਆਂ ਮਾਤਾਵਾਂ , ਭੈਣਾਂ ਅਤੇ ਪਤਨੀਆਂ ਦੇ ਭੁੱਬਾਂ ਮਾਰਦੇ ਫ਼ੋਨ ਮਿਲੇ ਸਨ ਕਿ "ਵੇ ਪੁੱਤ ਵੇ ਵੀਰ ਤੇਰੀ ਇਸ ਕਹਾਣੀ ਨੇ ਤਾਂ ਮੇਰੇ ਸ਼ਹੀਦ ਪੁੱਤ ਸ਼ਹੀਦ ਵੀਰ ਨੂੰ ਇੱਕ ਵਾਰ ਫੇਰ ਅੱਖਾਂ ਸਾਹਵੇਂ ਲਿਆ ਖੜ੍ਹਾ ਕੀਤਾ।

"ਤੱਤਿਆਂ ਟਿੱਬਿਆਂ ਪਾਂਧੀ "ਕਹਾਣੀ ਸੰਗ੍ਰਹਿ ਵਿਚ ਕਹਾਣੀ ' ਤੱਤਿਆਂ ਟਿੱਬਿਆਂ ਪਾਂਧੀ ' ਉਨ੍ਹਾਂ ਦਾ ਮੋਹ , ਸਨੇਹ ਜ਼ਿੰਦਗੀ ਦਾ ਤੱਤਿਆਂ ਟਿੱਬਿਆਂ ਵਿਚ ਸਾਉਣ ਮਹੀਨੇ ਦੀਆਂ ਠੰਢੀਆਂ ਫੁਹਾਰਾ ਬਣ- ਬਣ ਮੈਨੂੰ ਝੁਲਸਣ ਤੋ ਬਚਾਉਂਦਾ ਰਿਹਾ ਤੇ ਉਨ੍ਹਾਂ ਨੂੰ ਮੁਸ਼ਕਿਲਾਂ ਵਿਚ ਵੀ ਖਿੜੇ ਮੱਥੇ ਵਿਚਰ ਦਾ ਰਿਹਾ। ਇਨ੍ਹਾਂ ਵਿਚੋਂ ਹੀ ਇੱਕ ਉਨ੍ਹਾਂ ਦੀ ਸਾਥਣ ਵੀ ਸੀ ਜੋ ਪ੍ਰਸ਼ੰਸਕ ਬਣ ਕੇ ਮਿਲੀ ਤੇ ਫਿਰ ਸਦਾ ਲਈ ਉਨ੍ਹਾਂ ਦੇ ਦਿਲ ਦੇ ਵਿਹੜੇ ਵਿਚ ਆ ਸਜੀ। ਜਿਸ ਦਾ ਵਰਣਨ ਨਾਵਲ "ਨੀ ਜਿੰਦ ਮੇਰੀਏ "ਵਿਚ ਕੀਤਾ ਗਿਆ ਹੈ। ਉਸ ਕੁੜੀ ਨੇ ਦਵਿੰਦਰ ਸੰਧੂ ਸਿੰਘ ਨੂੰ ਡਿਗਦੇ – ਡੋਲਦੇ ਨੂੰ ਸੰਭਾਲਿਆਂ ਹੈ। ਉਸ ਕੁੜੀ ਨੇ , ਦਵਿੰਦਰ ਸੰਧੂ ਸਿੰਘ ਭਰਾਵਾਂ , ਭਰਜਾਈ ਵੱਲੋਂ ਦਿੱਤੀਆਂ ਅੰਤਾਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਨੂੰ ਜ਼ਰਦਿਆਂ ਉਨ੍ਹਾਂ ਨੂੰ ਅੱਗੇ ਪੜ੍ਹਨ ਲਈ ਹਰ ਰੋਜ਼ ਪ੍ਰੇਰਿਤ ਕਰਦੀ ਸੀ। ਉਹ ਕਹਿੰਦੇ ਹਨ ਉਸ ਦੇਵੀ ਰੂਹ ਦੇ ਸਦਕਾ ਹੈ ਕਿ ਉਸ ਦੇ ਆਉਣ ਤੱਕ ਮੈਟਿਕ ਕਰ ਲਈ ਸੀ। ਉਹਨਾ ਨੇ +2, ਬੀ. ਏ , ਬੀ. ਐਂਡ. , ਐਮ. ਏ ਪੰਜਾਬੀ ਕੀਤੀ। ਉਨ੍ਹਾਂ ਨੇ ਦੋ ਸਾਲ ਧਰਮ ਅਧਿਐਨ ਕੋਰਸ ਕਰ ਕੇ ਵੀ ਕੀਤਾ। ਉਹ ਨਾਂ ਨੇ ਪੰਜ ਸਾਲ ਗੁਰੂ ਰਾਮਦਾਸ ਬੀ. ਐਂਡ ਕਾਲਜ ਜਲਾਲਾਬਾਦ ਵਿਖੇ ਪੰਜ ਸਾਲ ਅਤੇ ਡੀ. ਏ. ਵੀ ਕਾਲਜ ਵਿਖੇ ਇੱਕ ਸਾਲ ਲੈਕਚਰਰਸ਼ਿਪ ਕੀਤੀ। ਫਿਰ ਦੋ ਸਾਲ ਕੀਤੀ ਸੀਨੀਆ ਸੈਕੰਡਰੀ ਸਕੂਲ ਵਿਚ ਪ੍ਰਿੰਸੀਪਲ ਰਿਹਾ ਅਤੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਕੂਲ ਭਾਈ ਮਹਾਂ ਸਿੰਘ ਖ਼ਾਲਸਾ ਪਬਲਿਕ ਸਕੂਲ

ਵਿਚ ਖੜ੍ਹਾ ਹੀ ਨਹੀ ਰਿਹਾ ਸਗੋਂ ਪ੍ਰਿੰਸੀਪਲ ਨਾਲੋਂ ਵੀ ਜ਼ਿਆਦਾ ਪ੍ਰਬੰਧਕੀ ਢਾਂਚਾ ਵੀ ਸੰਭਾਲ ਰਿਹਾ ਹਨ। ਬੱਚਿਆ ਨੇ ਜਨਮ ਲਿਆ ਤਾਂ ਇੱਕ ਬੱਚਾ ਜਨਮ ਤੋ ਹੁਣ ਤਕ ਮੰਜੇ ਤੇ ਪਿਆ। ਉਹ ਤੁਰਨਾ ਤਾਂ ਦੂਰ ਦੀ ਗੱਲ ਬੈਠ ਵੀ ਨਹੀ ਸਕਦਾ, ਨਾਂ ਹੀ ਆਪਣੇ ਹੱਥਾਂ ਨਾਲ ਖਾ ਪੀ ਸਕਦਾ। ਸਭ ਕੁੱਝ ਉਨ੍ਹਾਂ ਨੂੰ ਆਪ ਹੀ ਸੰਭਾਲਣ ਪੈਦਾ ਸੀ। ਦੋ ਸਾਲ ਬਾਅਦ ਉਨ੍ਹਾਂ ਦੇ ਭਰਾਵਾਂ ਨੇ ਵੱਖ ਕਰ ਦਿੱਤਾ। ਸਭ ਤੋਂ ਵੱਡਾ ਭਰਾ ਜੋ ਪਹਿਲੇ ਹੀ ਵੱਖ ਸੀ ਉਨ੍ਹਾਂ ਦਾ ਹਮਦਰਦ ਸੀ ਉਹ ਰੱਬ ਕੋਲ ਤੁਰ ਗਿਆ। ਤਾਂ ਦਵਿੰਦਰ ਸੰਧੂ ਉਨ੍ਹਾਂ ਦੇ ਗ਼ਮ ਵਿਚ ਰੋ ਰੋ ਕੇ ਸ਼ੁਦਾਈ ਹੋ ਗਏ। ਤੇ 2007 ਵਿਚ ਉਨ੍ਹਾਂ ਦੀ ਭੈਣ ਜੋ ਉਨ੍ਹਾਂ ਦੇ ਲਾਗੇ ਦੇ ਪਿੰਡ ਵਿਆਹੀ ਹੋਈ ਸੀ ਦੋ ਸਾਲ ਕੈਂਸਰ ਨਾਲ ਤੜਪਦੀ ਆਖ਼ਿਰ ਤੁਰ ਗਈ। ਦਵਿੰਦਰ ਸੰਧੂ ਦੱਸਦੇ ਹਨ ਉਸ ਦੀ ਡੋਲੀ ਨਾਲ ਛੋਟਾ ਜਿਹਾ ਗਿਆ ਸਾਂ ਤੇ ਅੱਜ ਜਵਾਨ ਹੋ ਕੇ ਉਸ ਦੀ ਅਰਥੀ ਚੁੱਕਦਿਆਂ ਉਨ੍ਹਾਂ ਦੇ ਅੰਦਰ ਪਾਟ ਰਿਹਾ ਸੀ। ਦੂਜੇ ਥਾਂ ਵਾਲਾ ਭਰਾ ਵੀ ਤੁਰ ਗਿਆ। ਉਹ ਕਹਿੰਦੇ ਹਨ ਜਿਹੋ ਜਿਹਾ ਵੀ ਸੀ ਮੇਰਾ ਭਰਾ ਸੀ ਤੇ ਉਸ ਦੀ ਅਰਥੀ ਚੁੱਕੀ ਤਾਂ ਉਨ੍ਹਾਂ ਲੱਗਿਆ ਅੱਜ ਸੱਚਮੁੱਚ ਮੇਰੀਆਂ ਬਹਾਵਾਂ ਭੱਜ ਗਈਆਂ ਨੇ। ਫਿਰ ਉਨ੍ਹਾਂ ਨੇ ਲੇਖ ਲਿਖਿਆ "ਭਾਈ ਮਰਨ ਤਾਂ ਜਾਂਦਿਆਂ ਬਾਂਹਾਂ"। ਹਾਲੇ ਨੌਂ ਮਹੀਨੇ ਹੀ ਲੰਘੇ ਸੀ ਕਿ ਉਨ੍ਹਾਂ ਦਾ ਰੱਬ ਵਰਗ ਭੋਲਾ ਭਗਤ ਪਿਤਾ ਵੀ ਮਗਰੇ ਤੁਰ ਗਿਆ। ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ ਅਨਪੜ੍ਹ ਹੋ ਕੇ ਵੀ ਉਨ੍ਹਾਂ ਲਈ ਇੱਕ ਯੂਨੀਵਰਸਿਟੀ ਸੀ ਤੇ ਉਹ ਉਨ੍ਹਾਂ ਨੂੰ ਕਿਰਤੀ, ਸਰਬੱਤ ਦੇ ਭਲੇ ਦੀ ਸੋਚ ਲੈ ਕੇ ਸਚਿਆਰਾ ਜੀਵਨ ਜਿਊਣ ਦਾ ਵੱਲ ਦੱਸਣ ਵਾਲਾ ਮੇਰਾ ਰਹਿਬਰ ਤੁਰ ਗਿਆ ਸੀ। ਉਹ ਕਹਿੰਦੇ ਹਨ ਕਿ ਉਨ੍ਹਾਂ ਤੋ ਸਾਰੇ ਵੱਡੇ ਹੀ ਤੁਰ ਗਏ ਉਨ੍ਹਾਂ ਕੱਲੇ ਹੀ ਰਹਿ ਗਿਆ।

## ਸਾਹਿਤਕ ਖੇਤਰ ਵਿੱਚ ਯੋਗਦਾਨ ਤੇ ਪ੍ਰਾਪਤੀਆਂ

1. ਤੱਤੇ ਟਿੱਬਿਆਂ ਦੇ ਪਾਂਧੀ, (ਕਹਾਣੀ ਸੰਗ੍ਰਹਿ), 2002
2. ਭਾਈ ਮਰਨ ਤਾਂ ਜਾਂਦੀਆਂ ਭੱਜ ਬਾਹੀਂ, ( ਵਾਰਤਕ), 2010
3. ਨੀ ਜਿੰਦੇ ਮੇਰੀਏ, ( ਨਾਵਲ), 2012
4. ਲਾਹੌਰ 58063, ( ਕਹਾਣੀ ਸੰਗ੍ਰਹਿ), 2016

ਇਸ ਤਰ੍ਹਾਂ ਉਪਰੋਕਤ ਸਾਰੀਆਂ ਪੁਸਤਕਾਂ ਦਵਿੰਦਰ ਸੰਧੂ ਦੁਆਰਾ ਪੰਜਾਬੀ ਸਾਹਿਤ ਖੇਤਰ ਨੂੰ ਇੱਕ ਬਹੁਤ ਵੱਡੀ ਦੇਣ ਹਨ। ਉਹਨਾਂ ਦੀਆਂ ਇਹਨਾਂ ਲਿਖਤਾਂ ਨਾਲ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਸੇਧ ਮਿਲੀ ਹੈ ਤੇ ਉਹਨਾਂ ਦੀਆਂ ਇਹਨਾਂ ਲਿਖਤਾ ਨੇ ਨਵੇਂ ਉਭਰ ਰਹੇ ਪਾਠਕਾਂ ਤੇ ਲੇਖਕਾਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ।

# ਅਧਿਆਇ ਤੀਜਾ

# ਤ੍ਰਾਸਦੀ ਚਿਤਰਨ ਦਾ ਅਧਿਐਨ ਅਤੇ ਸਰੂਪ

ਤ੍ਰਾਸਦੀ ਜਾਂ ਟ੍ਰੈਜਿਡੀ (tragedia) ਪੁਰਾਤਨ ਯੂਨਾਨੀ ਅਜਿਹੇ ਨਾਟਕਾਂ ਨੂੰ ਕਹਿੰਦੇ ਹਨ ਜਿਨ੍ਹਾਂ ਵਿਚ ਨਾਇਕ ਵਿਰੋਧੀ ਪਰਿਸਥਿਤੀਆਂ ਅਤੇ ਸ਼ਕਤੀਆਂ ਨਾਲ ਸੰਘਰਸ਼ ਕਰਦਾ ਹੋਇਆ ਅਤੇ ਸੰਕਟ ਝੱਲਦਾ ਹੋਇਆ ਅੰਤ ਵਿਚ ਮਰਿਆ ਜਾਂਦਾ ਹੈ।ਇੱਕ ਤ੍ਰਾਸਦੀ ਆਮ ਤੌਰ ਤੇ ਇੱਕ ਅਜਿਹੇ ਵਿਅਕਤੀ ਦੇ ਬਾਰੇ ਹੁੰਦੀ ਹੈ। ਜਿਸ ਵਿਚ ਬਹੁਤ ਸਾਰੇ ਚੰਗੇ ਗੁਣ ਹੁੰਦੇ ਹਨ, ਪਰ ਉਸ ਵਿਚ ਇੱਕ ਮਾੜਾ ਗੁਣ ਹੁੰਦੇ ਹਨ ਜਿਸ ਨੂੰ ਤ੍ਰਾਸਦਿਕ ਕਮੀ ਕਿਹਾ ਜਾਂਦਾ ਹੈ ਇਹ ਕਮੀ ਉਸ ਲਈ ਉਸ ਦੇ ਪਰਿਵਾਰ ਲਈ ਜਾਂ ਦੋਸਤਾਂ ਲਈ ਮੁਸੀਬਤ ਦਾ ਕਾਰਨ ਬਣ ਸਕਦੀ ਹੈ।

ਦੁਖਾਂਤ ਤੇ ਕੈਥਾਰਸਿਸ (Catharsis ) ਕੈਥਾਰਸਿਸ ਅਰਸਤੂ ਦਾ ਪ੍ਰਸਿੱਧ ਸਿਧਾਂਤ ਹੈ। ਦੁਖਾਂਤ ਦੀ ਪਰਿਭਾਸ਼ਾ ਵਿਚ ਅਰਸਤੂ ਇਸ ਦਾ ਧਰਮ ਵੀ ਦਸਦਾ ਹੈ। ਉਹ ਕਹਿੰਦਾ ਹੈ:-

"ਦੁਖਾਂਤ ਇਕ ਅਜਿਹੀ ਕ੍ਰਿਰਿਆਂ ਦਾ ਅਨੁਕਰਣ (ਨਕਲ) ਹੈ ਜੋ ਗੰਭੀਰ ਤੇ ਪੂਰਣ ਹੈ; ਜਿਸ ਦਾ ਕੁਝ ਕੁ ਵਿਸ਼ਾਲਤਾ (ਜੁਸਾ ਵੀ ਹੈ, ਜਿਸ ਦੀ ਭਾਸ਼ਾ ਹਰ ਪ੍ਰਕਾਰ ਦੇ ਕਲਾਤਮਿਕ ਭੂਸ਼ਣਾ ਨਾਲ ਅਲੰਕ੍ਰਿਤ ਹੈ; ਜੋ ਉਸ ਦੇ ਵੱਖ-ਵੱਖ ਭਾਗਾਂ ਵਿਚ ਮਿਲਦੇ ਹਨ, ਜਿਸ ਦਾ ਮਾਧਿਆਮ ਬ੍ਰਿਤਾਂਤਕ ਨਹੀਂ ਸਗੋਂ ਕ੍ਰਿਆਤਮਕ ਤੇ ਨਾਟਕੀ ਹੈ, ਅਤੇ ਜੋ ਕਰੁਣਾ ਤੇ ਭੈ ਰਸਾਂ ਇਨ੍ਹਾਂ ਭਾਵਾਂ ਦਾ ਸੋਧਨ ਕਰਦਾ ਹੈ)।"[1]

ਬੁਚਰ (Butcher) ਦੇ ਅਨੁਵਾਦ ਤੋਂ ਛੁਟ ਹੋਰ ਵੀ ਹਨ, ਜਿਨ੍ਹਾਂ ਵਿਚੋਂ ਲੂਕਸ (Lucas) ਦੇ ਨਾਂ ਉਲਖੇ ਯੋਗ ਹੈ।

"ਦੁਖਾਤ ਇਕ ਕ੍ਰਿਰਿਆਂ ਦਾ ਪ੍ਰਤੀ ਦਰਸ਼ਨ ਹੈ, ਜੋ ਗੰਭੀਰ, ਆਪਣੇ ਵਿਚ ਕਈ ਪ੍ਰਕਾਰ ਤੇ ਕੁਝ ਕੁ ਲੰਮਾ ਹੈ। ਜਿਸ ਦੀ ਅਭੀਵਿਅੰਜਨਾ ਭਿੰਨ 2 ਭਾਗਾਂ ਵਿਚ ਕਈ ਪ੍ਰਕਾਰ ਦੇ ਭੂਸਣਾਂ ਨਾਲ ਅਲੰਕ੍ਰਿਤ ਭਾਸ਼ਾ ਵਿਚ ਹੁੰਦੀ ਹੈ, ਜੋ ਕੇਵਲ ਉਚਾਰਿਆ ਹੀ ਨਹੀਂ ਜਾਂਦਾ ਸਗੋਂ ਰੰਗਮੰਚ ( ਐਕਟ ) ਵੀ ਕੀਤਾ ਜਾਂਦਾ ਹੈ ਅਤੇ ਜੋ ਕਰੁਣਾ ਤੇ ਭੈ

---

[1] ਡਾ. ਰੋਸ਼ਨ ਲਾਲ ਆਹੂਜਾ, ਸਾਹਿਤ ਸ਼ਾਸਤਰ, ਪੰਨਾ-308

ਨੂੰ ਪ੍ਰੋ ਕੇ ਇਨ੍ਹਾਂ ਭਾਵਾਂ ਦਾ ਉਸਾਰੂ ਪੱਖ ਬਾਹਰ ਵਲ ਨਿਕਾਸ ਕਰਦਾ ਹੈ। ਡਾ. ਹਰਿਭਜਨ ਸਿੰਘ ਦੇ ਅਨੁਸਾਰ ਤ੍ਰਾਸਦੀ, ਕਾਮਦੀ, ਮਹਾਂਕਾਵਿ ਦੀਆਂ ਸ਼ਰਤਾਂ ਪਹਿਲੀ ਵਾਰੀ ਅਰਸਤੂ ਨੇ ਹੀ ਨਿਸ਼ਚਿਤ ਕੀਤੀਆਂ।"[2]

ਤ੍ਰਾਸਦੀ ਦੀ ਪਰਿਭਾਸ਼ਾ ਕਰਦੇ ਹੋਏ ਉਸ ਨੇ ਅਨੁਕਰਨ ਦਾ ਜ਼ਿਕਰ ਕੀਤਾ ਹੈ ਅਤੇ ਵਿਰੇਚਨ ਦੀ ਗੱਲ ਵੀ ਛੋਹੀ ਹੈ। ਅਰਸਤੂ ਦੇ ਅਨੁਸਾਰ ਦੁਖਾਂਤ ਦੀ ਕਹਾਣੀ ਵਿਚ ਗੰਭੀਰ ਕਿਰਿਆ ਹੁੰਦੀ ਹੈ। ਇਹ ਕਿਰਿਆ ਕਰੁਣਾ ਤੇ ਰਸ ਪੈਦਾ ਕਰਦੀ ਹੈ ਜਿਸ ਤੋ ਇਸ ਦੇ ਭਾਵਾਂ ਕੈਥਾਰਸਿਸ ਹੁੰਦਾ ਹੈ। ਇਸ ਦੇ ਪ੍ਰਸੰਗ ਵਿਦ ਕੈਥਾਰਸਿਸ ਸ਼ਬਦ ਦੀ ਬਹੁਤ ਵਾਦ ਵਿਵਾਦ ਹੋਇਆ ਹੈ। ਪਰ ਇੱਕ ਗੱਲ ਤੇ ਸਪਸ਼ਟ ਹੁੰਦੀ ਹੈ ਕਰੁਣਾ ਤੇ ਭੈਅ ਦਰਸ਼ਕ ਜਾਂ ਪਾਠਕ ਦੇ ਮਨ ਵਿਚ ਉਜਾਗਰ ਹੁੰਦੇ ਹਨ। ਇਹਨਾਂ ਦਾ ਕੈਥਰਾਸਿਸ ਹੁੰਦਾ ਹੈ। ਭਾਰਤ ਮੁਨੀ ਦੇ ਪ੍ਰਾਚੀਨ ਨਾਟਕ ਸ਼ਾਸਤਰ ਦੇ ਅਨੁਸਾਰ ਜਦ ਕਹਾਣੀ ਵਿਚ ਦਿੱਤੇ ਭਾਵ ਦਰਸ਼ਕ ਦੇ ਮਨ ਵਿਚ ਉਜਾਗਰ ਹੁੰਦੇ ਹਨ ਤਾਂ ਪਰਿਵਰਤਨ ਦੇ ਕਾਰਣ ਇਹਨਾਂ ਨੂੰ ਅੱਸੀ "ਰਸ" ਕਹਿਣ ਲੱਗ ਪੈਂਦੇ ਹਨ ।

"ਪ੍ਰਾਚੀਨ ਤੇ ਮੱਧਕਾਲ ਵਿਚ ਆਮ ਲੋਕਾਂ ਦਾ ਇਹ ਵਿਚਾਰ ਰਿਹਾ ਸੀ ਅੱਜਕੱਲ੍ਹ ਵੀ ਕਈਆਂ ਵਿਦਵਾਨ ਦੀ ਮਤ ਹੈ ਕਿ ਮਨੁੱਖ ਭਾਵੀ ਜਨਮ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਯੂਨਾਨੀ ਦੁਖਾਂਤ 'Oedipus' ਵਿਚ ਨਾਇਕ ਇਡੀਪਸ ਜਨਮ ਤੇ ਸ਼ਰਾਪਿਆ ਹੋਇਆ ਹੈ। ਉਹ ਅਣਜਾਣ ਵਿਚ ਵੀ ਹੀ ਆਪਣੇ ਪਿਤਾ ਦੀ ਮੌਤ ਕਰ ਦੇਵੇਗਾ ਅਤੇ ਉਸ ਅਣਜਾਣ ਵਿਚ ਹੀ ਵਿਧਵਾ ਰਾਣੀ ਨਾਲ ਵਿਆਹ ਕਰ ਲੈਂਦਾ ਇਸ ਤਰ੍ਹਾਂ ਹੀ ਪੂਰਨ ਭਗਤ ਦੇ ਕਿੱਸੇ ਵਿਚ ਨਾਇਕ ਦੇ ਜਨਮ ਤੋਂ ਇਹ ਦੱਸਿਆ ਜਾਂਦਾ ਹੈ। ਕਿ ਉਹ ਆਪਣੇ ਪਿਤਾ ਲਈ ਬਦ ਸ਼ਗਨਾਂ ਵਾਲਾ ਹੋਵੇਗਾ। ਇਸ ਕਾਰਨ ਉਸ ਨੂੰ ਬਾਰ੍ਹਾਂ ਸਾਲ ਭੋਰੇ ਵਿਚ ਘਰ ਤੋਂ ਬਾਹਰ ਰੱਖਿਆ ਜਾਂਦਾ ਹੈ।"[3]

ਆਲੋਚਨਾ ਸਾਹਿਤ ਦੇ ਖੇਤਰ ਵਿਚ ਅਰਸਤੂ ਦੁਆਰਾ ਰਚਿਤ ਕਾਵਿ ਸ਼ਾਸਤਰ ਨਾਮੀ ਪੁਸਤਕ ਪ੍ਰਮਾਣਿਕਤਾ ਦੀਆਂ ਸਿਖ਼ਰਾਂ ਨੂੰ ਛੂੰਹਦਾ ਹੋਇਆ। ਇੱਕ ਅਜਿਹਾ ਆਲੋਚਨਾ ਗ੍ਰੰਥ ਹੈ ਜਿਸ ਨੇ ਇਨ੍ਹਾਂ ਸਮਾਂ ਗੁਜ਼ਰ ਜਾਣ ਤੋ ਬਾਦ ਵੀ ਆਪਣੀ ਪ੍ਰਮਾਣਿਕਤਾ ਨੂੰ ਨਿਰੰਤਰ ਸਥਾਪਿਤ ਕੀਤਾ ਹੋਇਆ ਹੈ। ਅਰਸਤੂ ਨੇ ਇਸ ਪੁਸਤਕ

[2] ਉਹੀ ਪੰਨਾ-308

[3] ਉਹੀ ਪੰਨਾ-320

ਵਿਚ ਮੁੱਖ ਤੌਰ ਤੇ ਨਾਟਕ ਦੇ ਸੰਬੰਧ ਵਿਚ ਵਿਚਾਰ ਕਰਦਿਆਂ ਹੋਇਆ ਤ੍ਰਾਸਦੀ ਤੇ ਇਸ ਦੀਆਂ ਵੱਖ-ਵੱਖ ਦਿਸ਼ਾਵਾਂ ਸੰਬੰਧੀ ਬੜੀ ਭਰਪੂਰ ਚਰਚਾ ਕੀਤੀ ਹੈ। ਇਸ ਗ੍ਰੰਥ ਦੇ ਸਫ਼ਾ 19 ਉੱਤੇ ਅਰਸਤੂ ਲਿਖਦਾ ਹੈ।

"ਅਰਸਤੂ ਦੇ ਸ਼ਬਦਾਂ ਵਿਚ "ਤ੍ਰਾਸਦੀ ਕਿਸੇ ਗੰਭੀਰ , ਮੁਕੰਮਲ ਅਤੇ ਨਿਸ਼ਚਿਤ ਆਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ ਜਿਸ ਦਾ ਮਾਧਿਅਮ ਨਾਟਕ ਦੇ ਭਿੰਨ-ਭਿੰਨ ਰੂਪ ਨਾਲ ਵਰਤੀ ਗਈ ਸਭ ਪ੍ਰਕਾਰ ਦੇ ਕਲਾਤਮਕ ਗਹਿਣਿਆਂ ਨਾਲ ਅਲੰਕ੍ਰਿਤ ਭਾਸ਼ਾ ਹੁੰਦੀ ਹੈ ਜੋ ਬ੍ਰਿਤਾਂਤਕ ਰੂਪ ਵਿਚ ਨਾ ਹੋ ਕੇ ਕਾਰਜ-ਵਪਾਰ ਰੂਪ ਵਿਚ ਹੁੰਦੀ ਹੈ ਅਤੇ ਜਿਸ ਵਿਚ ਕਰੁਣਾ ਅਤੇ ਤ੍ਰਾਸ ਰਾਹੀਂ ਇਹਨਾਂ ਮਨੋ-ਵਿਕਾਰਾਂ ਦਾ ਉਚਿੱਤ ਵਿਵੇਚਨ ਕੀਤਾ ਜਾਂਦਾ ਹੈ ।"[4]

ਇੱਥੇ ਅਰਸਤੂ ਨੇ ਤ੍ਰਾਸਦੀ ਦੀਆਂ ਸਾਰੀਆਂ ਵਿਚੋਂ ਵਿਸ਼ੇਸ਼ਤਾਵਾਂ ਵਿਚੋਂ ਸਭ ਤੋ ਜ਼ਿਆਦਾ ਜ਼ੋਰ ਕਾਰਜ ਤੇ ਪਾਇਆ ਹੈ। ਉਸ ਨੇ ਕਾਰਜ ਸੰਬੰਧੀ ਵਿਸ਼ੇਸ਼ ਰੂਪ ਵਿਚ ਸਭ ਤੋਂ ਪਹਿਲਾ ਵਿਚਾਰ ਕੀਤੀ ਹੈ। ਉਸ ਦਾ ਵਿਚਾਰ ਹੈ ਕਿ ਤ੍ਰਾਸਦੀ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ। ਅਜਿਹਾ ਕਾਰਜ ਜੋ ਗੰਭੀਰ, ਸੰਪੂਰਨ ਤੇ ਮੁਕੰਮਲ ਹੁੰਦਾ ਹੈ ਜਿਸ ਦਾ ਕਿ ਨਿਸ਼ਚਿਤ ਆਕਾਰ ਹੁੰਦੀ ਹੈ। ਉਸ ਨਿਸ਼ਚਿਤ ਦਿਸ਼ਾ ਵੱਲੋਂ ਟੁੱਟਣਾ ਨਾਟਕਕਾਰ ਗਵਾਹਾ ਨਹੀ ਕਰ ਸਕਦਾ ਤੇ ਫੇਰ ਕਾਰਜ ਵੀ ਅਜਿਹਾ ਹੁੰਦਾ ਹੈ ਜਿਸ ਦਾ ਬਿਰਤਾਂਤ ਨਹੀ ਹੁੰਦਾ ਸਗੋਂ ਉਸ ਦਾ ਭਾਸ਼ਾ ਨਾਲ ਪ੍ਰਦਰਸ਼ਨ ਹੁੰਦਾ ਹੈ। ਅਰਸਤੂ ਨੇ ਕਾਰਜ ਦੇ ਸੰਬੰਧ ਵਿਚ ਭਰਪੂਰ ਚਰਚਾ ਕਰਦਿਆਂ ਹੋਇਆ, ਤਿੰਨ ਤਰ੍ਹਾ ਦੇ ਕਾਰਜਾਂ ਵੱਲ ਸੰਕੇਤ ਕੀਤਾ ਹੈ।

1. ਦੰਦ ਕਥਾ ਮੂਲਕ : "ਉਂਞ ਤ੍ਰਾਸਦੀ ਦਾ ਆਧਾਰ ਆਮ ਤੌਰ ਤੇ ਇਹੋ (ਦੰਦ ਕਥਾ ਮੂਲਕ ) ਉਹੋ ਵਿਸ਼ਵਾਸ-ਜੋਗ ਹੈ। ਅਤੇ ਜੋ ਹੋਇਆ ਨਹੀਂ ਉਸਦੀ ਸੰਭਾਵਿਤਾ ਵਿਚ ਅਸੀਂ ਇਕਦਮ ਵਿਸ਼ਵਾਸ ਨਹੀਂ ਕਰਦੇ ।"[5]

2. ਕਲਪਨਾ : "ਜ਼ਰੂਰੀ ਨਹੀਂ ਕਿ ਅਸੀਂ, ਜਿਵੇਂ ਵੀ ਹੋਵੇ, ਪਰੰਪਰਾਗਤ ਦੰਦਕਥਾਵਾਂ ਨੂੰ ਹੀ ਗ੍ਰਹਿਣ ਕਰੀਏ।" ਕੁਝ ਤ੍ਰਾਸਦੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਵਿਚ ਇਕ ਵੀ ਪ੍ਰਸਿੱਧ ਨਾਮ ਨਹੀ ਹੈ, ' ਦੰਦ ਕਥਾ ਮੂਲਕ, ਜਿਵੇਂ

---

[4] ਰਾਜਿੰਦਰ ਸਿੰਘ ਸੇਖੋਂ , ਆਲੋਚਨਾ ਅਤੇ ਪੰਜਾਬੀ ਆਲੋਚਨਾ; ਪੰਨਾ 83

[5] ਹਰਿਭਜਨ , ਕਾਵਿ ਸ਼ਾਸਤਰ ; ਪੰਨਾ 61

ਅਗਥੋਂਨ ਦੀ ਅੰਥੇਉਸ, ਜਿਸ ਵਿਚ ਘਟਨਾਵਾਂ ਅਤੇ ਨਾਮ ਦੋਵੇਂ ਹੀ ਕਾਲਪਨਿਕ ਹੈ। ਫਿਰ ਵੀ ਇਨ੍ਹਾਂ ਕਿਰਤਾਂ ਨਾਲ ਕਿਸੇ ਪ੍ਰਕਾਰ ਘੱਟ ਆਨੰਦ ਨਹੀਂ ਮਿਲਦਾ ।"[6]

3. ਇਤਿਹਾਸ : "ਅਤੇ ਜੇ ਸੰਜੋਗ ਨਾਲ ਉਹ ਕੋਈ ਇਤਿਹਾਸਕ ਵਿਸ਼ਾ ਵੀ ਗ੍ਰਹਿਣ ਕਰ ਲਏ, ਤਾਂ ਵੀ ਉਸਦਾ ਕਵੀ-ਰੂਪ ਬਰਾਬਰ ਬਣਿਆ ਰਹੇਗਾ ਕਿਉਂਕਿ ਅਜਿਹਾ ਕੋਈ ਕਾਰਣ ਨਹੀਂ ਕਿ ਕੁਝ ਘਟਨਾਵਾਂ ਜੋ ਅਸਲ ਵਿਚ ਵਾਪਰੀਆਂ ਹਨ ਸੰਭਵ ਅਤੇ ਸੰਭਾਵਿਤ ਦੇ ਨੇਮ ਅਨੁਕੂਲ ਨਾ ਹੋਣ। ਅਤੇ ਉਨ੍ਹਾਂ ਦੇ ਇਸ ਦੇ ਗੁਣ ਦੇ ਨਾਤੇ ਉਹ ਉਨ੍ਹਾਂ ਦਾ ਕਵੀ ਜਾਂ ਸ੍ਰਿਸ਼ਟਾ ਹੁੰਦਾ ਹੈ ।"[7]

ਇਨ੍ਹਾਂ ਤਿੰਨਾਂ ਤਰ੍ਹਾਂ ਦੇ ਕਾਰਜਾਂ ਵਿਚ ਉਸ ਨੇ ਕਲਪਨਾ ਕਦੀ ਵੀ ਸਾਹਿਤ ਨਹੀ ਬਣ ਸਕਦੀ ਅਤੇ ਨਾ ਹੀ ਨਿਰੋਲ ਇਤਿਹਾਸ ਸੰਪੰਨ ਕਾਰਜ ਸਾਹਿਤ ਦਾ ਰੂਪ ਧਾਰਨ ਕਰ ਸਕਦਾ ਹੈ ਕਿਉਂਕਿ ਇਤਿਹਾਸ ਬੀਤੇ ਨਾਲ ਸੰਬੰਧਿਤ ਹੁੰਦਾ ਹੈ ਅਤੇ ਸਾਹਿਤ ਭੂਤ ਤੇ ਵਰਤਮਾਨ ਦੋਨਾਂ ਕਾਲਾ ਨਾਲ ਜੁੜਿਆ ਹੁੰਦਾ ਹੈ।

ਇਸ ਤਰ੍ਹਾਂ ਅਰਸਤੂ ਨੇ ਦੰਦ ਕਥਾ ਮੂਲਕ ਕਾਰਜ ਉੱਤੇ ਜ਼ੋਰ ਦਿੰਦਿਆਂ ਹੋਇਆ ਇਹ ਦੱਸਿਆ ਹੈ ਕਿ ਅਜਿਹੇ ਕਾਰਜ ਵਿਚ ਕਲਪਨਾ ਤੇ ਸੱਚ ਦੋਹਾਂ ਦਾ ਸੁਮੇਲ ਹੋਇਆ ਹੁੰਦਾ ਹੈ। ਸੱਚ ਆਪਣੇ ਵਿਸ਼ਵਾਸ ਦੇ ਗੁਣ ਕਰ ਕੇ ਤੇ ਕਲਪਨਾ ਆਪਣੀ ਸੁਹਜਾਤਮਕਤਾ ਕਰ ਕੇ ਰਚਨਾ ਦੀ ਸੁੰਦਰਤਾ ਵਿਚ ਵਾਧਾ ਕਰਦੀ ਹੈ।

ਅਰਸਤੂ ਰੂਪ ਦੀ ਦ੍ਰਿਸ਼ਟੀ ਤੋਂ ਦੋ ਤਰ੍ਹਾਂ ਦੇ ਕਾਰਜਾਂ ਦੀ ਵਿਚਾਰ ਕਰਦਾ ਹੈ। ਇੱਕ ਸਰਲ ਤੇ ਦੂਸਰਾਂ ਜਟਿਲ। ਪਰ ਅਜਿਹੇ ਕਾਰਜਾਂ ਦਾ ਨਿਰਨਾ ਕਥਾਨਕ ਉੱਤੇ ਨਿਰਭਰ ਕਰਦਾ ਹੈ। ਸਰਲ ਕਾਰਜ ਕਥਾਨਕ ਸਰਲ ਹੁੰਦਾ ਹੈ ਅਤੇ ਜਟਿਲ ਕਥਾਨਕ ਕਾਰਨ ਕਾਰਜ ਜਟਿਲ ਹੁੰਦਾ ਹੈ। ਸਰਲ ਕਥਾਨਕ ਵਿਚੋਂ ਕਾਰਜ ਇੱਕ ਹੁੰਦਾ ਹੈ। ਬਹੁਤੀਆਂ ਘਟਨਾਵਾਂ ਰਚਨਾ ਵਿਚ ਨਹੀ ਵਪਾਰ ਦੀਆਂ। ਕਥਾਨਕ ਕੇਵਲ ਇੱਕ ਘਟਨਾ ਨਾਲ ਹੀ ਸਿੱਧਾ ਅੱਗੇ ਚਲਦਾ ਹੈ। ਜਟਿਲ ਕਥਾਨਕ ਵਿਚ ਇੱਕ ਤੋ ਜ਼ਿਆਦਾ ਘਟਨਾਵਾਂ ਆਵੱਸ਼ਕ ਹੁੰਦੀਆਂ ਹਨ। ਨਾਟਕ ਦੀ ਤੋਰ ਸਿੱਧੀ ਦੀ ਥਾਂ ਵਲ ਵਲੇਵੇ ਵਾਲੀ ਹੁੰਦੀ ਹੈ। ਅਤੇ ਨਾਲ ਹੀ ਕਈ ਘਟਨਾਵਾਂ ਅਚਾਨਕ ਵਾਪਰ ਜਾਂਦੀਆਂ

[6] ਹਰਿਭਜਨ , ਕਾਵਿ ਸ਼ਾਸਤਰ ; ਪੰਨਾ 61

[7] ਉਹੀ ਪੰਨਾ-61

ਹਨ। ਜਟਿਲ ਕਥਾਨਕ ਵਿਚ ਮੋੜ ਤ੍ਰੋੜ ਆਉਂਦੇ ਰਹਿੰਦੇ ਹਨ ਅਤੇ ਇਸ ਵਿਚ ਆਮ ਤੋਰ ਤੇ ਨਾਇਕ ਦੀ ਕਿਸਮਤ ਪੁੱਠੀ ਪੈ ਜਾਂਦੀ ਹੈ।

ਅਰਸਤੂ ਦਾ ਵਿਚਾਰ ਹੈ ਕਿ ਨਾਟਕ ਦੇ ਕਾਰਜ ਕੇਵਲ ਅਜਿਹੀਆਂ ਨਿਸ਼ਚਿਤ ਸੀਮਾਵਾਂ ਅੰਦਰ ਹੀ ਆਪਣੀ ਗਤੀ ਨੂੰ ਕਾਇਮ ਰੱਖਦਾ ਹੈ। ਜਿਸ ਨਾਲ ਤ੍ਰਾਸਦੀ ਤੇ ਕਰੁਣਾ ਦੀ ਭਾਵਨਾ ਨੂੰ ਨਿਰੰਤਰ ਸਥਾਪਿਤ ਕੀਤੀ ਜਾ ਸਕੇ। ਕੇਵਲ ਅਜਿਹੀਆਂ ਘਟਨਾਵਾਂ ਦੀ ਹੀ ਚੋਣ ਅਤੇ ਜੜਤ ਕੀਤੀ ਜਾਂਦੀ ਹੈ। ਜੋ ਤ੍ਰਾਸਦੀ ਦੇ ਕਰੁਣਾਤਮਕ ਪ੍ਰਭਾਵ ਨੂੰ ਸਥਾਪਿਤ ਕਰਨ ਵਿਚ ਸਹਾਇਕ ਹੋਣ। ਅਰਸਤੂ ਨੇ ਆਪਣੇ ਇਸ ਗ੍ਰੰਥ ਵਿਚ ਸਭ ਤੋਂ ਪਹਿਲਾ ਤ੍ਰਾਸਦੀ ਦੇ ਪ੍ਰਤੀਕੂਲ ਪ੍ਰਭਾਵ ਪੈਦਾ ਕਰਨ ਵਾਲੀਆਂ ਸਥਿਤੀਆਂ ਸੰਬੰਧੀ ਵਿਚਾਰ ਕਰਦੇ ਹੋਏ ਲਿਖਿਆ ਹੈ ਕਿ ਕਿਸੇ ਅਜਿਹੀ ਘਟਨਾ ਨੂੰ ਤ੍ਰਾਸਦੀ ਵਿਚ ਨਾਂ ਲਿਆਂਦਾ ਜਾਵੇ ਜੋ ਕਰੁਣਾਤਮਕ ਪ੍ਰਭਾਵ ਦੇ ਅਧੀਨ ਕਿਸੇ ਹੋਰ ਤਰ੍ਹਾਂ ਦਾ ਪ੍ਰਭਾਵ ਸਥਾਪਿਤ ਕਰ ਸਕਣ ਦੇ ਸਮਰੱਥ ਹੋ।

"ਅਰਸਤੂ ਨੇ ਤ੍ਰਾਸਦੀ ਦੇ ਅਨੁਕੂਲ ਸਥਿਤੀਆਂ ਦਾ ਵੀ ਪ੍ਰਗਟਾਵਾ ਕੀਤਾ ਹੈ ਤੇ ਦੱਸਿਆ ਹੈ ਕਿ ਕੋਈ ਅੱਤ ਦੀ ਚੰਗਿਆਈ ਪਾਤਰ ਕਾਰਨ , ਦੁਚਿੱਤੀ ਵਿਚ ਕੋਈ ਅਜਿਹੀ ਗ਼ਲਤੀ ਕਰ ਬੈਠਦਾ ਹੈ ਜੋ ਉਸ ਨੂੰ ਮੁਸੀਬਤ ਵਿਚ ਪਾ ਦਿੰਦੀ ਹੈ ਜਿਵੇਂ-ਜਿਵੇਂ ਉਹ ਮੁਸੀਬਤ ਤੋਂ ਯਤਨ ਕਰਦਾ ਹੈ, ਤ੍ਰਾਸਦੀ ਘਟਨਾਵਾਂ ਉਸ ਦੀ ਜ਼ਿੰਦਗੀ ਨੂੰ ਹਰ ਕਦਮ ਤ੍ਰਾਸਦਿਕ ਬਣਾਈਆਂ ਜਾਂਦੀਆਂ ਹਨ ਜਿਸ ਲਈ ਉਸ ਦਾ ਜੀਵਨ ਘੋਲ ਤ੍ਰਾਸਦਿਕ ਬਣਾ ਜਾਂਦਾ ਹੈ।" [8]

ਅਰਸਤੂ ਨੇ ਅਜਿਹੀਆਂ ਤ੍ਰਾਸਦਿਕ ਘਟਨਾਵਾਂ ਸੰਬੰਧੀ ਵਿਸਥਾਰ ਦਿੰਦੇ ਹੋਏ ਦੱਸਿਆ ਹੈ ਕਿ ਜਦੋਂ ਕੋਈ ਘਟਨਾ ਅਜਿਹੇ ਲੋਕਾਂ ਵਿਚ ਵਾਪਰਦੀ ਹੈ ਜਿਨ੍ਹਾਂ ਦਾ ਆਪਸ ਵਿਚ ਬੜਾ ਪਿਆਰ ਹੁੰਦਾ ਹੈ ਅਰਥਾਤ "ਜਿਵੇਂ ਭਰਾ ਭਰਾ ਦੀ, ਪੁੱਤਰ ਪਿਤਾ ਦੀ ਜਾਂ ਮਾਂ ਪੁੱਤਰ ਦੀ ਅਤੇ ਪੁੱਤਰ ਮਾਂ ਦੀ ਹੱਤਿਆ ਕਰਨੀ ਚਾਹੇ "ਜਾਂ ਕਰ ਦੇਵੇ ਤਾਂ ਸਥਿਤੀ ਬੜੀ ਤ੍ਰਾਸਦੀ ਬਣ ਜਾਂਦੀ ਹੈ।"[9] ਅਜਿਹੀ ਘਟਨਾ ਜੇ ਦੋ ਦੁਸ਼ਮਣ ਵਿਚਕਾਰ ਹੋਵੇ ਤਾਂ ਉਹ ਤ੍ਰਾਸਦੀ ਦੇ ਅਨੁਕੂਲ ਨਹੀ ਹੁੰਦੀ। ਅਰਸਤੂ ਅਨੁਸਾਰ ਸਭ ਤੋ ਉੱਤਮ ਸਥਿਤੀ ਉਦੋਂ ਹੁੰਦੀ ਹੈ ਜੱਦੋ ਅਣਜਾਣਪੁਣੇ ਵਿਚ ਕੋਈ ਕਾਰਜ ਕੀਤਾ ਹੀ ਜਾਣ ਲੱਗੇ ਤੇ ਉਸ ਸਮੇਂ ਉਸ ਦੀ ਪ੍ਰਤੀਤੀ ਹੋ ਜਾਵੇ ਜਿਹਾ ਕਿ ਇੱਕ ਅਦਾਮੀ ਇੱਕ ਔਰਤ ਨੂੰ

---

[8] ਉਹੀ ਪੰਨਾ-67

[9] ਉਹੀ ਪੰਨਾ-74

ਦੁਸ਼ਮਣ ਨੂੰ ਹਵਾਲੇ ਕਰਨ ਲੱਗਿਆ ਇਹ ਪਛਾਣ ਲਵੇ ਕਿ ਇਹ ਤਾਂ ਉਸ ਦੀ ਸਮੇਂ ਉਸ ਦੀ ਪ੍ਰਤੀਤੀ ਹੋ ਜਾਵੇ ਜਿਹਾ ਕਿ ਇੱਕ ਅਦਾਮੀ ਇਕ ਔਰਤ ਨੂੰ ਦੁਸ਼ਮਣ ਨੂੰ ਹਵਾਲੇ ਕਰਨ ਲੱਗਿਆ ਇਹ ਪਛਾਣ ਲਵੇ ਕਿ ਇਹ ਤਾਂ ਉਸ ਦੀ ਆਪਣਾ ਹੀ ਪੁੱਤਰ ਹੈ। ਅਰਸਤੂ ਅਨੁਸਾਰ ਪਾਠਕਾਂ ਦੀ ਕਰੁਣਾਤਮਕ ਅਵਸਥਾ ਜ਼ਰੂਰੀ ਹੈ। ਉਨ੍ਹਾਂ ਦਾ ਦੁਖਦਾਈ ਅੰਤ ਜ਼ਰੂਰ ਨਹੀ ਕਿਉਂਕਿ ਸੁਖਦਾਈ ਅੰਤ ਤ੍ਰਾਸਦਿਕ ਦੇ ਪ੍ਰਭਾਵ ਨੂੰ ਕੋਈ ਨੁਕਸਾਨ ਨਹੀ ਪਹੁੰਚਗਾ। ਇਹ ਇਸ ਲਈ ਕਿ ਤਰਸ ਤੇ ਕਰੁਣਾ ਦੇ ਭਾਵ ਤਾਂ ਨਾਇਕ ਦੇ ਸਰੀਰ ਵਿਚ ਸਥਾਈ ਹੁੰਦੇ ਹਨ ਜਿਹੜੇ ਕਿ ਅੰਗ ਵਿਪਰੀਤ ਘਟਨਾ ਨਾਲ ਨਸ਼ਟ ਨਹੀ ਹੋ ਸਕਦੇ।

ਕਿਸੇ ਵੀ ਸਾਹਿਤਕ ਕਿਰਤ ਦਾ ਅੰਤ ਜਾਂ ਤਾਂ ਸੁਖਾਂਤਿਕ ਹੋਵੇਗਾ ਜਾਂ ਫਿਰ ਦੁਖਾਂਤਕ। ਨਾਟਕ ਜਾਂ ਕਿਸੇ ਵੀ ਹੋਰ ਸਾਹਿਤਕ ਕਿਰਤ ਵਿਚ ਬ੍ਰਿਤਾਂਤਕ ਪ੍ਰਸਥਿਤੀਆਂ ਇੱਕੋ ਜਿਹੀਆਂ ਨਹੀ ਰਹਿੰਦੀਆਂ। ਪਾਤਰ ਆਪਣੀ ਵਿਰੋਧੀ ਧਿਰ ਜਾਂ ਪ੍ਰਸਥਿਤੀਆਂ ਦੇ ਵੱਸ ਕਾਰਨ ਮੁਸੀਬਤ ਵਿਚ ਫਸ ਜਾਂਦੇ ਹਨ। ਜਿਸ ਦੇ ਸਿੱਟੇ ਵੱਜੋ ਬ੍ਰਿਤਾਂਤਕ ਕਥਾ ਦਾ ਅੰਤ ਜਾਂ ਸੁਖਾਂਤ ਮਈ ਹੁੰਦਾ ਹੈ ਜਾਂ ਫਿਰ ਦੁਖਾਂਤ ਮਈ। ਦੁਖਾਂਤ ਜਾਂ ਸੁਖਾਂਤ ਦਾ ਅਧਾਰ ਕਥਾ ਵਿਚ ਪੇਸ਼ ਪਾਤਰ ਜਾਂ ਪਾਤਰਾਂ ਦਾ ਵਿਰੋਧੀ ਧਿਰ ਜਾਂ ਵਿਰੋਧੀ ਪ੍ਰਸਥਿਤੀਆਂ ਨੂੰ ਜਿੱਤ ਲੈਣਾ ਜਾਂ ਉਨ੍ਹਾਂ ਤੋ ਹਾਰ ਜਾਣਾ ਹੈ। ਜਦੋਂ ਪਾਤਰ ਆਪਣੀਆਂ ਵਿਰੋਧੀ ਪ੍ਰਸਥਿਤੀਆਂ ਜਾਂ ਵਿਰੋਧੀ ਧਿਰ ਤੋਂ ਹਾਰ ਜਾਣਾ ਹੈ। ਜਦੋਂ ਪਾਤਰ ਆਪਣੀਆਂ ਵਿਰੋਧੀ ਪ੍ਰਸਥਿਤੀਆਂ ਜਾਂ ਵਿਰੋਧੀ ਧਿਰ ਤੋਂ ਹਾਰ ਜਾਂਦੇ ਹਨ ਤਾਂ ਉਨ੍ਹਾਂ ਨਾਲ ਦੁਖਾਂਤ ਵਾਪਰਦਾ ਹੈ। ਇਹ ਦੁਖਾਂਤ ਦਰਸ਼ਕ ਜਾਂ ਪਾਠਕ ਨੂੰ ਆਪਣੇ ਨਾਲ ਵਹਿਣ ਵਿਚ ਵਹਾ ਕੇ ਲੈ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਦਰਸ਼ਕ ਦੀਆਂ ਮਨੋ ਭਾਵਨਾਵਾਂ ਦਾ ਵਿਰੇਚਨ ਹੋ ਜਾਂਦਾ ਹੈ। ਭਾਰਤ ਵਿੱਚ ਸੁਖਾਂਤਿਕ ਪਰੰਪਰਾ ਰਹੀ ਹੈ ਅਰਥਾਤ ਹਰੇਕ ਨਾਟਕ ਜਾਂ ਬਿਰਤਾਂਤ ਦਾ ਅੰਤ ਸੁਖਾਂਤ ਮਈ ਹੁੰਦਾ ਸੀ। ਪਰ ਪੱਛਮੀ ਸਾਹਿਤ ਵਿਚ ਸੁਖਾਂਤ ਦੀ ਥਾਂ ਦੁਖਾਂਤਕ ਪਰੰਪਰਾ ਚਲਦੀ ਰਹੀ ਹੈ।ਇਸ ਕਰ ਕੇ ਪੱਛਮੀ ਸਨਾਤਨੀ ਆਲੋਚਨਾ ਵਿਚ ਤ੍ਰਾਸਦੀ ਦਾ ਸੰਕਲਪ ਦਾ ਵਿਆਖਿਆਕਾਰ ਅਰਸਤੂ ਹੈ ਉਸ ਨੇ ਆਪਣੀ ਪੁਸਤਕ ਵਿਚ ਤ੍ਰਾਸਦੀ ਜਾਂ ਤ੍ਰਾਸਦਮਈ ਬਿਰਤਾਂਤ ਦੇ ਵੱਖ- ਵੱਖ ਪੱਖਾਂ ਬਾਰੇ ਵਿਸਤਾਰ ਪੂਰਵਕ ਚਾਨਣਾਂ ਪਾਇਆ ਹੈ।

**ਤ੍ਰਾਸਦੀ ਦਾ ਸੰਕਲਪ**:-

"ਕਿਸੇ ਵੀ ਸਾਹਿਤਕ ਕਿਰਤ ਦਾ ਅੰਤ ਜਾਂ ਤਾਂ ਸੁਖਾਂਤਿਕ ਹੋਵੇਗਾ ਜਾਂ ਫਿਰ ਦੁਖਾਂਤਕ। ਨਾਟਕ ਜਾਂ ਕਿਸੇ ਵੀ ਹੋਰ ਸਾਹਿਤਕ ਕਿਰਤ ਵਿਚ ਬ੍ਰਿਤਾਂਤਕ ਪ੍ਰਸਥਿਤੀਆਂ ਇੱਕੋ ਜਿਹੀਆਂ ਨਹੀ ਰਹਿੰਦੀਆਂ। ਪਾਤਰ ਆਪਣੀ ਵਿਰੋਧੀ ਧਿਰ ਜਾਂ ਪ੍ਰਸਥਿਤੀਆਂ ਦੇ ਵੱਸ ਕਾਰਨ ਮੁਸੀਬਤ ਵਿਚ ਫਸ ਜਾਂਦੇ ਹਨ। ਜਿਸ ਦੇ ਸਿੱਟੇ ਵੱਜੋ ਬ੍ਰਿਤਾਂਤਕ ਕਥਾ ਦਾ ਅੰਤ ਜਾਂ ਸੁਖਾਂਤ ਮਈ ਹੁੰਦਾ ਹੈ ਜਾਂ ਫਿਰ ਦੁਖਾਂਤ ਮਈ। ਦੁਖਾਂਤ ਜਾਂ ਸੁਖਾਂਤ ਦਾ ਅਧਾਰ ਕਥਾ ਵਿਚ ਪੇਸ਼ ਪਾਤਰ ਜਾਂ ਪਾਤਰਾਂ ਦਾ ਵਿਰੋਧੀ ਧਿਰ ਜਾਂ ਵਿਰੋਧੀ ਪ੍ਰਸਥਿਤੀਆਂ ਨੂੰ ਜਿੱਤ ਲੈਣਾ ਜਾਂ ਉਨ੍ਹਾਂ ਤੋ ਹਾਰ ਜਾਣਾ ਹੈ। ਜਦੋਂ ਪਾਤਰ ਆਪਣੀਆਂ ਵਿਰੋਧੀ ਪ੍ਰਸਥਿਤੀਆਂ ਜਾਂ ਵਿਰੋਧੀ ਧਿਰ ਤੋਂ ਹਾਰ ਜਾਣਾ ਹੈ। ਜਦੋਂ ਪਾਤਰ ਆਪਣੀਆਂ ਵਿਰੋਧੀ ਪ੍ਰਸਥਿਤੀਆਂ ਜਾਂ ਵਿਰੋਧੀ ਧਿਰ ਤੋਂ ਹਾਰ ਜਾਂਦੇ ਹਨ ਤਾਂ ਉਨ੍ਹਾਂ ਨਾਲ ਦੁਖਾਂਤ ਵਾਪਰਦਾ ਹੈ। ਇਹ ਦੁਖਾਂਤ ਦਰਸ਼ਕ ਜਾਂ ਪਾਠਕ ਨੂੰ ਆਪਣੇ ਨਾਲ ਵਹਿਣ ਵਿਚ ਵਹਾ ਕੇ ਲੈ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਦਰਸ਼ਕ ਦੀਆਂ ਮਨੋ ਭਾਵਨਾਵਾਂ ਦਾ ਵਿਰੇਚਨ ਹੋ ਜਾਂਦਾ ਹੈ।"[10]

ਭਾਰਤ ਵਿਚ ਸੁਖਾਂਤਿਕ ਪਰੰਪਰਾ ਰਹੀ ਹੈ ਅਰਥਾਤ ਹਰੇਕ ਨਾਟਕ ਜਾਂ ਬਿਰਤਾਂਤ ਦਾ ਅੰਤ ਸੁਖਾਂਤ ਮਈ ਹੁੰਦਾ ਸੀ। ਪਰ ਪੱਛਮੀ ਸਾਹਿਤ ਵਿਚ ਸੁਖਾਂਤ ਦੀ ਥਾਂ ਦੁਖਾਂਤਕ ਪਰੰਪਰਾ ਚਲਦੀ ਰਹੀ ਹੈ।ਇਸ ਕਰਕੇ ਪੱਛਮੀ ਸਨਾਤਨੀ ਆਲੋਚਨਾ ਵਿਚ ਤ੍ਰਾਸਦੀ ਦਾ ਸੰਕਲਪ ਦਾ ਵਿਆਖਿਆਕਾਰ ਅਰਸਤੂ ਹੈ ਉਸ ਨੇ ਆਪਣੀ ਪੁਸਤਕ ਵਿਚ ਤ੍ਰਾਸਦੀ ਜਾਂ ਤ੍ਰਾਸਦਮਈ ਬਿਰਤਾਂਤ ਦੇ ਵੱਖ- ਵੱਖ ਪੱਖਾਂ ਬਾਰੇ ਵਿਸਤਾਰ ਪੂਰਵਕ ਚਾਨਣਾਂ ਪਾਇਆ ਹੈ।

## ਤ੍ਰਾਸਦੀ ਦੀਆਂ ਵਿਸ਼ੇਸ਼ਤਾਵਾਂ:-

1. ਤ੍ਰਾਸਦੀ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ
2. ਇਹ ਕਾਰਜ ਗੰਭੀਰ ਅਤੇ ਮੁਕੰਮਲ ਹੁੰਦਾ ਹੈ (ਇਸ ਦਾ ਆਕਾਰ ਨਿਸ਼ਚਿਤ ਹੁੰਦਾ ਹੈ)
3. ਇਸ ਕਾਰਜ ਦਾ ਬਿਰਤਾਂਤ ਨਹੀ ਹੁੰਦਾ।
4. ਭਾਸ਼ਾ ਲੈਅ ਅਤੇ ਗੀਤਾਂ ਨਾਲ ਸਜੀ ਹੁੰਦੀ ਹੈ।
5. ਤ੍ਰਾਸਦ ਅਤੇ ਕਰੁਣਾ ਰਾਹੀ ਮਨੋ ਵਿਕਾਰਾਂ ਦਾ ਵਿਰੇਚਨ ਤ੍ਰਾਸਦੀ ਦਾ ਉਦੇਸ਼ ਹੁੰਦਾ ਹੈ।

---

[10] ਉਹੀ ਪੰਨਾ-85

6. ਤ੍ਰਾਸਦੀ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ

7. ਇਹ ਕਾਰਜ ਗੰਭੀਰ ਅਤੇ ਮੁਕੰਮਲ ਹੁੰਦਾ ਹੈ (ਇਸ ਦਾ ਆਕਾਰ ਨਿਸ਼ਚਿਤ ਹੁੰਦਾ ਹੈ)

8. ਇਸ ਕਾਰਜ ਦਾ ਬਿਰਤਾਂਤ ਨਹੀ ਹੁੰਦਾ।

9. ਭਾਸ਼ਾ ਲੈਅ ਅਤੇ ਗੀਤਾਂ ਨਾਲ ਸਜੀ ਹੁੰਦੀ ਹੈ।

10. ਤ੍ਰਾਸਦ ਅਤੇ ਕਰੁਣਾ ਰਾਹੀ ਮਨੋ ਵਿਕਾਰਾਂ ਦਾ ਵਿਰੇਚਨ ਤ੍ਰਾਸਦੀ ਦਾ ਉਦੇਸ਼ ਹੁੰਦਾ ਹੈ।

ਅਰਸਤੂ ਨੇ ਤ੍ਰਾਸਦੀ ਦੇ ਕਥਾਨਕ ਦੀ ਲੰਬਾਈ ਸੰਬੰਧੀ ਵਿਚਾਰ ਕਰਦੇ ਦੱਸਿਆ ਹੈ ਕਿ ਇਹ ਇਤਨਾ ਲੰਬਾ ਹੋਣਾ ਚਾਹੀਦਾ ਹੈ ਕਿ ਸਮੁੱਚੇ ਰੂਪ ਵਿਚ ਪਾਠਕ ਜਾਂ ਦਰਸ਼ਕ ਦੇ ਤਨ ਵਿਚ ਸਮੋ ਸਕੇ ਅਤੇ ਇਸਦੇ ਨਾਲ ਹੀ ਇਹ ਇਤਨਾ ਵੀ ਸੂਖਮ ਨਹੀ ਹੋਣਾ ਚਾਹੀਦਾ ਕਿ ਦਰਸ਼ਕ ਦੇ ਮਨ ਵਿਚ ਇਸ ਦਾ ਕੋਈ ਬਿੰਬ ਵੀ ਨਾ ਬਣ ਸਕੇ। ਕਥਾਨਕ ਦਾ ਵਿਸਥਾਰ ਇਹਨਾਂ ਕੁ ਚਾਹੀਦਾ ਹੈ ਜਿਸ ਨਾਲ ਕਿ ਭੈਅ ਅਤੇ ਕਰੁਣਾ ਦੀ ਭਾਵਨਾ ਨੂੰ ਇਸ ਰੂਪ ਵਿਚ ਸਥਾਪਿਤ ਕੀਤਾ ਜਾ ਸਕੇ ਜਿਸ ਨਾਲ ਦੇ ਦਰਸ਼ਕਾਂ ਦੀ ਵਿਰੇਚਨ ਹੋ ਸਕੇ।

ਅਰਸਤੂ ਅਨੁਸਾਰ ਪਾਤਰ ਚਿਤਰਨ ਤ੍ਰਾਸਦੀ ਦਾ ਇੱਕ ਬਹੁਤ ਮਹੱਤਵਪੂਰਨ ਪਹਿਲੂ ਹੈ। ਅਰਸਤੂ ਪਾਤਰ ਦੇ ਸੰਬੰਧ ਵਿਚ ਲਿਖਦਾ ਹੈ ਕਿ ਪਾਤਰ ਉੱਤਮ ਹੋਣਾ ਚਾਹੀਦਾ ਹੈ। ਨੈਤਿਕ ਉਦੇਸ਼ ਨੂੰ ਪ੍ਰਗਟਾਉਣ ਵਾਲਾ ਕੋਈ ਵੀ ਕਥਨ ਜਾਂ ਕਾਰਜ ਚਿੰਤਨ ਨੂੰ ਪ੍ਰਗਟਾਓਦਾ ਹੈ। ਜੇ ਕੋਈ ਉਦੇਸ਼ ਉੱਤਮ ਹੋਵੇਗਾ ਤਾਂ ਚਿੰਤਨ ਵੀ ਉੱਤਮ ਹੋਵੇਗਾ ਇੱਥੇ ਅਰਸਤੂ ਦਾ ਭਾਵ ਇਹ ਹੈ ਕਿ ਮੁੱਖ ਪਾਤਰ ਜੀਵਨ ਦੇ ਅਨੁਕੂਲ ਹੋਣੇ ਚਾਹੀਦਾ ਹਨ ਅਤੇ ਨਾਲ ਹੀ ਜਿਉਂਦੇ ਜਾਗਦੇ ਤੁਰਦੇ ਫਿਰ ਦੇ ਕੰਮ ਕਰਦੇ ਨਜ਼ਰ ਆਉਣ ਚਾਹੀਦੇ ਹਨ। ਪਾਤਰਾਂ ਦੇ ਚਿਤਰਨ ਵਿਚ ਉਨ੍ਹਾਂ ਦੀ ਜਾਤੀ ਜਾਂ ਵਰਗ ਗਤ ਵਿਸ਼ੇਸ਼ਤਾਵਾਂ ਨੂੰ ਪਿਆਰ ਵਿਚ ਰੱਖਣਾ ਚਾਹੀਦਾ ਹੈ। ਕਿਸੇ ਪਾਤਰ ਵਿਚਲੇ ਗੁਣ ਉਸ ਦੀ ਸਾਰੀ ਸ਼ਰੇਣੀ ਵਿਚ ਹੋਣੇ ਚਾਹੀਦਾ ਹਨ। ਇਸ ਤਰ੍ਹਾਂ ਪਾਤਰ ਸ਼੍ਰੇਣੀ ਪਾਤਰ ਹੋ ਜਾਣਗੇ।

ਅਰਸਤੂ ਦਾ ਵਿਚਾਰ ਹੈ ਕਿ ਪਾਤਰ ਆਪਣੇ ਆਚਰਨ ਵਿਚ ਤਰਕਸੰਗਤ ਹੋਏ ਅਰਥਾਤ ਕਿਸੇ ਹਾਲ ਵਿਚ ਵੀ ਸਵੈ ਵਿਰੋਧ ਦਾ ਪ੍ਰਗਟਾਵਾ ਨਾਂ ਹੋਵੇ ਕਿਉਂਕਿ ਇਸ ਤਰ੍ਹਾਂ ਨਾਲ ਨਾਟਕ ਵਿਚ ਪ੍ਰਭਾਵ ਦੀ ਏਕਤਾ ਸਥਾਪਿਤ ਨਹੀ ਹੋ ਸਕੇਗੀ। ਜੇ ਕਿਸੇ ਪਾਤਰ ਵਿਚ ਸਵੈ ਵਿਰੋਧ ਹੋਵੇ ਵੀ ਤਾਂ ਉਹ ਕਈ ਵਾਰ ਹੋਣੇ ਜਿਸ ਨਾਲ ਸਵੈ ਵਿਰੋਧਤਾ ਉਸ ਦਾ ਲੱਛਣ ਜਾਪੇ।

ਅਰਸਤੂ ਨੇ ਤ੍ਰਾਸਦੀ ਦੇ ਨਾਇਕ ਦੇ ਸੰਬੰਧ ਵਿਚ ਵਿਚਾਰ ਕਰਦੇ ਹੋਏ ਲਿਖਿਆ ਹੈ ਕਿ ਕਿਸੇ ਵੀ ਹਾਲਾਤ ਵਿਚ ਕਿਸੇ ਬਿਪਤਾ ਵੱਲ ਡਿਗਦਾ ਨਾ ਦਿਖਾਇਆ ਜਾਵੇ ਕਿਉਂਕਿ ਇਸ ਨਾਲ ਨਾ ਤਾਂ ਕਰੁਣਾ ਜਾਗਗੀ ਨਾ ਹੀ ਤ੍ਰਾਸਦ ਪੈਦਾ ਹੋਵੇਗਾ। ਇਸ ਦੇ ਨਾਲ ਹੀ ਕਿਸੇ ਦੁਸ਼ਟ ਪਾਤਰ ਨੂੰ ਬਿਪਤਾ ਤੋ ਸੰਪਦਾ ਵੱਲ ਜਾਂਦਾ ਨਾਂ ਦਿਖਾਇਆ ਜਾਵੇ। ਕਿਉਂਕਿ ਇਸ ਤੋ ਵੱਧ ਕੇ ਕੋਈ ਵੀ ਗੱਲ ਤ੍ਰਾਸਦੀ ਦੀ ਆਤਮ ਦੇ ਉਲਟ ਨਹੀ ਹੋ ਸਕਦੀ।

ਅਰਸਤੂ ਦਾ ਵਿਚਾਰ ਹੈ ਕਿ ਕਿਸੇ ਖਲਪਾਤਰ ਵਿਚ ਅੰਤ ਵੀ ਮਾੜਾ ਨਹੀ ਦਿਖਾਵਾ ਚਾਹੀਦਾ ਕਿਉਂਕਿ ਇਸ ਨਾਲ ਨੈਤਿਕ ਭਾਵਾਂ ਦੀ ਤ੍ਰਿਪਤੀ ਤਾਂ ਹੁੰਦੀ ਹੈ ਪਰ ਕਰੁਣਾ ਤੇ ਤ੍ਰਾਸਦ ਨੂੰ ਟੁੰਬਿਆ ਨਹੀ ਜਾ ਸਕਦਾ ਕਿਓਕਿ ਕਰੁਣਾ ਤਾਂ ਕਿਸੇ ਵਿਚਲੇ ਵਿਅਕਤੀ ਦੀ ਬਿਪਤਾ ਨਾਲ ਤੇ ਤ੍ਰਾਸਦ ਕਿਸੇ ਆਪਣੇ ਵਰਗੇ ਦੀ ਮੁਸੀਬਤ ਨਾਲ ਪੈਦਾ ਹੁੰਦਾ ਹੈ। ਹੁਣ ਕੇਵਲ ਇਹਨਾਂ ਦੋਹਾਂ ਦੇ ਵਿਚਕਾਰਲਾ ਚਰਿਤਰ ਰਹਿ ਜਾਂਦਾ ਹੈ। ਜੋ ਨਾ ਤਾਂ ਸਰਬੋਤਮ ਹੋਵੇ ਤਾਂ ਹੀ ਆਤੰਕ ਭਰਿਆ ਅਤੇ ਜੋ ਆਪਣੇ ਸਾਡੇ ਕਰਮ ਜਾਂ ਪਾਸ ਕਰ ਕੇ ਨਹੀ ਸਗੋਂ ਕਮਜ਼ੋਰੀ , ਕਾਹਲ਼ੀ , ਦੁਚਿੱਤੀ ਤੇ ਜੁਗਾੜ ਵਿਚ ਸਹਿਜ ਸੁਭਾਵਕ ਹੀ ਗ਼ਲਤੀ ਕਰ ਬੈਠੇ ਜਿਸ ਨਾਲ ਉਸ ਨੂੰ ਗ਼ਲਤੀ ਨਾਲੋਂ ਕਿਤੇ ਵੱਧ ਕੇ ਦੁੱਖ ਭੋਗਣਾ ਪਵੇ। ਅਜਿਹਾ ਵਿਅਕਤੀ ਤੇ ਅੰਤ ਪ੍ਰਸਿੱਧ ਹੋਣਾ ਚਾਹੀਦਾ ਹੈ। ਜਾਂ ਕੋਈ ਸ਼ੋਭਾ ਵਾਲਾ ਤੇ ਉੱਚੀ ਕੁੱਲ ਵਾਲਾ।

ਇਸ ਤਰ੍ਹਾਂ ਨਾਇਕ ਦੇ ਦੁਖਾਂਤ ਸੰਬੰਧੀ ਇਹ ਗੱਲ ਵਿਸ਼ੇਸ਼ ਤੌਰ ਤੇ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਤ੍ਰਾਸਦੀ ਦਾ ਨਾਇਕ ਨਾਂ ਤਾਂ ਖਲਨਾਇਕ ਹੋਣਾ ਚਾਹੀਦਾ ਹੈ ਨਾ ਮਨੁੱਖੀ ਸਮਾਜ ਤੋ ਬਹੁਤ ਉੱਚਾ। ਇੱਕ ਧਰਮ ਮਨੁੱਖ ਇੱਕ ਬੇਦੋਸ਼ਾ ਵਿਅਕਤੀ ਸਗੋਂ ਸਹਿਜ ਮਾਨਵ ਭਾਵਨਾਵਾਂ ਨਾਲ ਭਰਪੂਰ ਇੱਕ ਅਜਿਹਾ ਵਿਸ਼ੇਸ਼ ਵਿਅਕਤੀ ਜੋ ਦਰਸ਼ਕਾਂ ਨਾਲ ਇੱਕ-ਮਿੱਕ ਹੋ ਸਕੇ, ਦਰਸ਼ਕਾਂ ਨਾਲ ਇੱਕ ਅਤੇ ਜਿਸ ਦਾ ਦੁੱਖ ਸੁੱਖ ਕੇਵਲ ਉਸ ਤੱਕ ਹੀ ਸੀਮਿਤ ਨਾ ਰਹੇ ਸਗੋਂ ਸਮੁੱਚੇ ਸਮਾਜ ਨੂੰ ਪ੍ਰਭਾਵਿਤ ਕਰ ਸਕੇ। ਨਾਇਕ ਦਾ ਜੀਵਨ ਘੋਲ ਤੇ ਸਮਾਜ ਦਾ ਉਸ ਪ੍ਰਤੀ ਵਰਤਾਰਾ ਦਰਸ਼ਕਾਂ ਦੇ ਮਨਾਂ ਵਿਚ ਤਰਾਸਦੀ ਤੇ ਕਰੁਣਾ ਦੇ ਭਾਵ ਪੈਦਾ ਕਰ ਸਕੇ ਤੇ ਦਰਸ਼ਕ ਇਹ ਮਹਿਸੂਸ ਕਰਨ ਕਿ ਨਾਇਕ ਦਾ ਜ਼ਿਦੰਗ ਵਿਚਲਾ ਔਗੁਣ ਤਾਂ ਉਨ੍ਹਾਂ ਹੀ ਆਪਣੀ ਜ਼ਿੰਦਗੀ ਵਿਚ ਵੀ ਪਾਇਆ ਜਾ ਸਕਦਾ ਹੈ।ਅਜਿਹੇ ਵਿਅਕਤੀ ਨਾਲ ਖਿੱਝ ਹੋਣ ਦੀ ਜਗ੍ਹਾ ਉਸ ਨਾਲ ਹਮਦਰਦੀ ਹੁੰਦੀ ਹੈ। ਤ੍ਰਾਸਦੀ ਦਾ ਜਿਹਾ ਵਿਅਕਤੀ ਆਦਰਸ਼ਕ ਨਾਇਕ ਹੁੰਦਾ ਹੈ।

ਤ੍ਰਾਸਦੀ ਦੇ ਵਿਸ਼ੇ ਸੰਬੰਧੀ ਅਰਸਤੂ ਦਾ ਮੱਤ ਇਹ ਹਰ ਗ਼ਲਤ ਵਿਚ ਗੰਭੀਰ, ਸ੍ਰੇਸ਼ਟ, ਉੱਤਮ ਤੇ ਮਹਾਨ ਹੋਣਾ ਚਾਹੀਦਾ ਹੈ । ਜਿਸ ਤੋਂ ਕਿ ਮਨ ਸਧਾਰਨ ਨੂੰ ਕੋਈ ਸੇਧ ਅਗਵਾਈ ਤੇ ਰੌਸ਼ਨੀ ਮਿਲ ਸਕੇ । ਇਹ ਵਿਸ਼ਾ ਜਿੱਥੇ ਮਨੁੱਖ ਪਾਤਰ ਵਿਚ ਪਰਉਪਕਾਰ , ਪਰਸ੍ਵਾਰਥ ਤੇ ਕੁਰਬਾਨੀ ਦੀ ਭਾਵਨਾ ਦਾ ਸੰਚਾਰ ਕਰੇ ਉੱਥੇ ਪਾਠਕਾਂ ਵਿਚ ਸਮਾਜਿਕਤਾ ਦਾ ਅੰਸ਼ ਵੀ ਪੈਦਾ ਕਰੇ । ਤ੍ਰਾਸਦੀ ਲੇਖਕ ਸੱਚ ਤੇ ਹੱਲ ਲਈ ਜੀਵਨ ਗੁਜ਼ਾਰਨ ਵਾਲਿਆਂ ਦਾ ਸੰਘਰਸ਼ ਇਸ ਰੂਪ ਵਿਚ ਪੇਸ਼ ਕਰਦਾ ਹੈ । ਜਿਸ ਨਾਲ ਕਿ ਦਿੜ੍ਹਬਾ ਆਤਮ ਵਿਸ਼ਵਾਸ, ਸਭ-ਭਾਵਨਾ ਤੇ ਮੰਜ਼ਿਲ ਤੇ ਪਹੁੰਚਣ ਲਈ ਸੰਘਰਸ਼ ਦੀ ਪ੍ਰਵ੍ਰਿਤੀ ਪੈਦਾ ਹੋ ਜਾਂਦੀ ਹੈ। ਤ੍ਰਾਸਦੀ ਦਾ ਵਿਸ਼ਾ ਨਾਇਕ ਦੀ ਸ੍ਰੇਸ਼ਟ ਤੇ ਉੱਚੀ ਹਸਤੀ ਨਾਲ ਜੁੜ ਕੇ ਮਹਾਨ ਮਨੁੱਖੀ ਕਦਰਾਂ ਕੀਮਤਾਂ ਦੀ ਸਥਾਪਤੀ ਕਰਦਾ ਹੈ।

ਅਰਸਤੂ ਦੁਖਾਂਤ (ਤ੍ਰਾਸਦੀ) ਦੀ ਭਾਸ਼ਾ ਦਾ ਅਲੰਕਰਿਤ ਹੋਣਾ ਜ਼ਰੂਰੀ ਮੰਨਦਾ ਹੈ ਜੋ ਤ੍ਰਾਸਦੀ ਦੇ ਕਰੁਣਾ ਸੰਪੰਨ ਵਿਸ਼ੇ ਨਾਲ ਮੇਲ ਖਾਂਦੀ ਹੋਈ ਕੇਵਲ ਬ੍ਰਿਤਾਂਤਕ ਰੂਪ ਵਿਚ ਹੀ ਨਹੀ ਪ੍ਰਗਟ ਹੁੰਦੀ ਹੈ। ਇਹ ਭਾਸ਼ਾ ਜਿਤਨੀ ਵਿਅਕਤੀ ਤੇ ਉਸ ਦੀ ਸਥਿਤੀ ਦੇ ਅਨੁਕੂਲ ਬੜੀ ਯੋਗਤਾ ਚੁੱਕਣੀ ਹੋਵੇਗੀ ਉਤਨਾ ਹੀ ਉਸ ਦਾ ਪ੍ਰਭਾਵ ਜ਼ੋਰਦਾਰ ਤੇ ਸ਼ਕਤੀਸ਼ਾਲੀ ਪਵੇਗਾ। ਜਿਸ ਨਾਲ ਤ੍ਰਾਸਦੀ ਦਾ ਅਸਲ ਕਾਰਜ ਪਾਠਕਾਂ ਵਿਚ ਸੰਵੇਦਨ ਸ਼ੀਲਤਾ ਨੂੰ ਪੈਦਾ ਕਰ ਕੇ ਉਨ੍ਹਾਂ ਵਿਚਲੇ ਕਰੁਣਾ ਤੇ ਤ੍ਰਾਸਦ ਦੇ ਜ਼ਜਬਿਆ ਨੂੰ ਟੁੰਬਣਾ ਸੰਪੰਨ ਹੋ ਜਾਵੇਗੀ।

## ਸਾਰਾਂਸ਼

ਇਸ ਤਰ੍ਹਾਂ ਅਰਸਤੂ ਨੇ ਵੱਖ- ਵੱਖ ਦਿਸ਼ਾਵਾਂ ਤੋ ਤ੍ਰਾਸਦੀ ਸੰਬੰਧੀ ਆਪਣੀ ਪੁਸਤਕ "ਕਾਵਿ ਸ਼ਾਸਤਰ" ਵਿਚ ਵਿਚਾਰ ਕਰਦਿਆਂ ਹੋਇਆ ਤ੍ਰਾਸਦੀ ਦੀ ਅਸਲ ਆਤਮਾ ਭੈਅ ਤੇ ਕਰੁਣਾ ਦੇ ਜ਼ਜਬਿਆ ਨੂੰ ਟੁੰਬਣ ਵਾਲੀ ਕਲਾ ਵਸਤੂ ਪਾਤਰ ਚਿਤਰਨ ਤੇ ਅਲੰਕਰਿਤ ਭਾਸ਼ਾ ਉੱਤੇ ਮੁੱਖ ਤੌਰ ਤੇ ਜ਼ੋਰ ਦਿੱਤਾ ਹੈ ਜਿਸ ਦਾ ਅਸਲ ਮੰਤਵ ਪਾਠਕਾਂ ਮਾਨਸਿਕ ਸੰਤੁਲਨ ਅਵਸਥਾ ਵਿਚ ਜਿੱਥੇ ਸਰੀਰਕ ਤੌਰ ਤੇ ਮੁੱਖ ਦੀ ਪ੍ਰਾਪਤੀ ਕਰਦਾ ਹੈ। ਉੱਥੇ ਸਮਾਜਿਕ ਤੌਰ ਤੇ ਸਮਾਜ ਵਿਚਲੀਆਂ ਢਹਿੰਦੀਆਂ ਤੇ ਚੜ੍ਹਦੀਆਂ ਕੀਮਤਾਂ ਦਾ ਅਹਿਸਾਸ ਕਰ ਕੇ ਜ਼ਿੰਦਗੀ ਦੀ ਸੁਚਾਰੂ ਚਾਲ ਚਲਨ ਲਈ ਹਾਲਾਤ ਪੈਦਾ ਕਰ ਦਿੰਦਾ ਹੈ।

# ਅਧਿਆਇ ਚੌਥਾ

## ਦਵਿੰਦਰ ਸੰਧੂ ਸਿੰਘ ਦੇ ਕਹਾਣੀ ਸੰਗ੍ਰਹਿ 'ਲਾਹੌਰ' ਵਿਚ ਤ੍ਰਾਸਦੀ ਦਾ ਚਿਤਰਨ

ਦਵਿੰਦਰ ਸੰਧੂ ਸਿੰਘ ਦਾ ਨਾਂ ਇਕ ਸਮੀਖਿਆਕਾਰ (ਆਲੋਚਨਾਕਾਰ) ਅਤੇ ਸਭਿਆਚਾਰ ਵਿਗਿਆਨੀ ਦੇ ਤੌਰ ਤੇ ਸਥਾਪਿਤ ਹੋਣ ਉਪਰੰਤ ਸਿਰਜਣਾ ਵਿਚ ਉਹਨਾਂ ਦੀਆਂ ਕਹਾਣੀਆਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੇ 2010 (ਭਾਈ ਮਰਨ ਤਾਂ ਜਾਂਦੀਆਂ ਭੱਜ ਬਾਹੀ) ਨਾਲ ਪੰਜਾਬੀ ਕਹਾਣੀ ਸਾਹਿਤ ਵਿਚ ਆਮਦ ਇੱਕ ਸ਼ੁੱਭ ਸ਼ਗਨ ਸੀ। ਜੱਦੋ ਤੋ ਉਨ੍ਹਾਂ ਦੀਆਂ ਕਹਾਣੀਆਂ ਛਪਣੀਆਂ ਸ਼ੁਰੂ ਹੋਈਆਂ ਤਾਂ ਪੰਜਾਬੀ ਦੇ ਸਿਰ ਸਰ ਚਿੰਤਕਾਂ ਤੇ ਸੂਝਵਾਨ ਪਾਠਕਾਂ ਨੂੰ ਉਸ ਦੀਆਂ ਕਹਾਣੀਆਂ ਵਿਚ ਪੰਜਾਬੀ ਕਹਾਣੀਆਂ ਦੀਆਂ ਭਵਿੱਖ –ਮਈ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ। ਕਹਾਣੀਆਂ ਪੜ੍ਹਦਿਆਂ ਹੀ ਕਈ ਪਾਠਕਾਂ ਨੇ ਪੱਛਿਆਂ ਕਿ ਇਹ ਨਵਾਂ ਕਹਾਣੀਕਾਰ ਸੰਧੂ ਕੋਣ ਹੈ। ਇਸ ਤਰ੍ਹਾਂ ਆਲੋਚਨਾ ਕਾਰ , ਸਭਿਆਚਾਰ , ਵਿਗਿਆਨੀ ਨਾਲ-ਨਾਲ ਦਵਿੰਦਰ ਸੰਧੂ ਸਿੰਘ ਕੁੱਝ ਕਹਾਣੀਆਂ ਬਾਅਦ ਹੀ ਜਾਣੇ ਪਹਿਚਾਣੇ ਨਵੇਂ ਕਹਾਣੀਕਾਰ ਵਿਚ ਸਥਾਪਿਤ ਹੋ ਗਿਆ। ਬਹੁਤ ਸਾਰੇ ਪਾਠਕਾਂ ਅਤੇ ਆਲੋਚਨਾ ਨੇ ਦਵਿੰਦਰ ਸੰਧੂ ਸਿੰਘ ਬਹੁਤ ਸਾਰੀ ਭਰਪੂਰ ਚਰਚਾ ਕੀਤੀ ਹੈ। ਤੇ ਕੁੱਝ ਨੇ ਉਸ ਦੀ ਵੱਖਰੀ ਪਹਿਚਾਣ ਦੀਆਂ ਗੱਲਾਂ ਕੀਤੀਆਂ ਹਨ । ਉਸ ਦੀ ਛਪੀ ਹਰ ਨਵੀਂ ਕਹਾਣੀ ਵਿਚ ਦੁਖਾਂਤ ਨੂੰ ਬਹੁਤ ਪੇਸ਼ ਕੀਤੀ ਹੈ । ਦਵਿੰਦਰ ਸੰਧੂ ਦਾ ਕਹਾਣੀ ਸੰਗ੍ਰਹਿ "ਭਾਈ ਮਰਨ ਤਾਂ ਜਾਂਦੀਆਂ ਭੱਜ ਬਾਹੀ "ਉਨ੍ਹਾਂ ਦੇ ਜੀਵਨ ਹੁਣ ਦੀ ਜ਼ਿੰਦਗੀ ਦੇ ਹੱਡ-ਬੀਤੀਆਂ ਅਤੇ ਜੱਗ ਬੀਤੀਆਂ ਤੇ ਆਧਾਰਿਤ ਤਿੰਨ ਕਹਾਣੀ ਸੰਗ੍ਰਹਿ ਅਤੇ ਇੱਕ ਨਾਵਲ ਸ਼ਾਮਿਲ ਹਨ।

ਦਵਿੰਦਰ ਸੰਧੂ ਦੀ ਨਵੀਂ ਨਿਆਰੀ ਸਿਰਜਣ ਸਮਰੱਥਾ ਨੇ ਸਹਿਜੇ ਹੀ ਉਸ ਨੂੰ ਕਹਾਣੀਕਾਰਾਂ ਮੂਹਰਲੀ ਕਤਾਰ ਵਿਚ ਲਿਆ ਖੜ੍ਹਾ ਕੀਤਾ । ਉਨ੍ਹਾਂ ਦੀ ਕਹਾਣੀ ਸੰਗ੍ਰਹਿ "ਭਾਈ ਮਰਨ ਤਾਂ ਜਾਂਦੀਆਂ ਭੱਜ ਬਾਹੀ "ਇੰਨੀ ਚਰਚਿਤ ਹੋਈ ਕਿ ਗੁਰੂ ਗੋਬਿੰਦ ਸਿੰਘ ਸਟੈਡੀ ਸਰਕਲ ਵਰਗੇ ਧਾਰਮਿਕ ਅਦਾਰੇ ਨੇ ਆਪਣੇ ਟਾਲਾਂ ਤੇ ਰੱਖੇ ਵੇਚਿਆਂ, ਸਕੂਲਾਂ, ਕਾਲਜਾਂ ਤੋ ਲੈ ਕੇ ਗੁਰਦੁਆਰਿਆ ਦੀ ਲਾਇਬ੍ਰੇਰੀ ਵਿਚ ਵੀ ਸਜੀ ਇਹ ਕਿਤਾਬ ਪਾਠਕਾਂ ਨੇ ਅੱਖਾਂ ਭਰ-ਭਰ ਆਖਿਆ ਦਵਿੰਦਰ ਯਾਰ ! ਤੇਰੀ ਇਹ ਕਿਤਾਬ ਹਰ ਘਰ ਵਿਚ ਹੋਵੇ ਤਾਂ ਨਾ ਕਦੇ ਭਰਾ ਆਪਸ ਵਿਚ ਲੜਨ ਤੇ ਨਾ ਕੋਈ ਮਾੜੇ ਪਾਸੇ ਤੁਰੇ।

ਦਵਿੰਦਰ ਸੰਧੂ ਦਾ ਦੂਜਾ ਕਹਾਣੀ ਸੰਗ੍ਰਹਿ “ਲਾਹੌਰ 58063” ਜੋ ਪਾਠਕਾਂ ਦੇ ਹੱਥਾ ਵਿਚ ਪਹੁੰਚ ਦੇ ਸਾਰ ਹੀ ਅੱਗੇ ਵਾਂਗ ਕੁਦਰਤ ਪ੍ਰੇਮੀ ਆਖਦੇ ਹਨ। ਦਵਿੰਦਰ ਸੰਧੂ ਸਿੰਘ ਕਹਾਣੀ “ਬਿਨ ਤੁਸਾਂ ਅਸੀਂ ਸੱਖਣੇ “ਪੜ੍ਹ ਕੇ ਤਾਂ ਕੁਦਰਤ ਨਾਲ ਆਪਣੇ ਆਪ ਹੀ ਪਿਆਰ ਪੈਦਾ ਹੋ ਜਾਂਦਾ ਹੈ ਤੇ ਪੰਛੀਆਂ ਅਤੇ ਰੁੱਖਾਂ ਨਾਲ ਮੋਹ ਪੈਦਾ ਹੋ ਜਾਂਦਾ ਹੈ। ਉਨ੍ਹਾਂ ਦੇ ਕਹਾਣੀ ਸੰਗ੍ਰਹਿ “ਲਾਹੌਰ 58063” ਦੀ ਬਹੁਤ ਚਰਚਿਤ ਹੋਈ ਹੈ। ਇਸ ਤਰ੍ਹਾਂ ਸਾਡਾ ਸੰਬੰਧ ਇੱਥੇ ਦਵਿੰਦਰ ਸਿੰਘ ਸੰਧੂ ਦੇ ਕਹਾਣੀ ਸੰਗ੍ਰਹਿ “ਲਾਹੌਰ 58063” ਵਿਚ ਤ੍ਰਾਸਦੀ ਚਿਤਰਨ ਦਾ ਵਰਣਨ ਇਸ ਪ੍ਰਕਾਰ ਹੈ।

ਅੱਜ ਦੇ ਸਮੇਂ ਵਿਚ ਪੈਸਿਆਂ ਨੂੰ ਅਹਿਮ ਦਿੱਤੀ ਜਾਂਦੀ ਹੈ ਕਦਰਾਂ-ਕੀਮਤਾਂ ਨੂੰ ਨਹੀ ਦਿੱਤੀ ਜਾਂਦੀ ਹੈ। ਆਰਥਿਕ ਪੱਖ ਮਜ਼ਬੂਤ ਹੋਣ ਤੇ ਜਾਂ ਚਾਰ ਪੈਸੇ ਹੋਣ ਤੇ ਵਿਅਕਤੀ ਦੇ ਸੁਭਾਅ ਵਿਚ ਪਰਿਵਰਤਨ ਸੁਭਾਵਿਕ ਹੀ ਆ ਜਾਂਦਾ ਹੈ। ਆਰਥਿਕ ਪੱਖ ਤੋ ਮਜ਼ਬੂਤ ਹੋਣ ਤੇ ਸੰਬੰਧਿਤ ਵਿਅਕਤੀ ਦੇ ਹਿਤ ਬਦਲ ਜਾਂਦੇ ਹਨ। ਅਤੇ ਉਸ ਦੇ ਆਪਣੇ ਦੋਸਤਾਂ ਮਿੱਤਰਾਂ, ਭੈਣਾਂ- ਭਰਾਵਾਂ ਪ੍ਰਤੀ ਰਵੱਈਆ ਬਦਲ ਜਾਂਦਾ ਹੈ।

ਇਸ ਤਰ੍ਹਾਂ ਹੀ ‘ਨਰਕ’ ਕਹਾਣੀ ਵਿਚ ਪਾਤਰ ਸੁੱਚਾ ਤੇ ਹਰਦੀਪ ਆਰਥਿਕ ਪੱਖ ਚੰਗੇ ਹੋਣ ਕਰ ਕੇ ਉਨ੍ਹਾਂ ਦੇ ਸੁਭਾਅ ਵਿਚ ਪਰਿਵਰਤਨ ਆਉਂਦਾ ਹੈ ਜਿਸ ਕਰ ਕੇ ਉਹ ਆਪਣੇ ਭਰਾ ਗੁਰਜੀਤ ਸਿੰਘ ਤੇ ਉਸ ਦੀ ਪਤਨੀ ਪਵਨਦੀਪ ਨਾਲ ਹਰ ਰੋਜ਼ ਲੜਦੇ ਅਤੇ ਗਾਲ੍ਹਾਂ ਕੱਢਦੇ ਹਨ ਅਤੇ ਉਸ ਦੀ ਪਤਨੀ ਨਾਲ ਮਾੜਾ ਸਲੂਕ ਕਰਦੇ ਹਨ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਕਹਾਣੀਕਾਰ ਨੇ ਦੇਵ ਅਤੇ ਗੁਰਜੀਤ ਸਿੰਘ ਦੀ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

“ਰੋਜ਼ ਦਾ ਕੰਜ਼ਰਖਾਨਾ ਬਣਿਆ ਰਹਿੰਦਾ ਸੀ। ਲੜੋ- ਲੜਾਈ, ਗਾਲ੍ਹ – ਦੁੱਪੜਾ । ਮੈਂ ਮਾੜਾਂ ਆ ਭਰਾਵਾਂ। ਉਹ ਸਾਰੇ ਰਲਕੇ ਮੇਰੇ ਤੇ ਦੀਪ ਦੇ ਗਲ ਪੈਂਦੇ ਐ। ਬੱਸ, ਫਿਰ ਪਾਸਾਂ ਵੱਟਣਾ ਹੀ ਠੀਕ ਸਮਝਿਆ। “ਹੂੰ “ਦੇਵ ਸੁਣਕੇ ਕਿੰਨਾ ਚਿਰ ਸੋਚਦਾ ਰਿਹਾ “ਇਹ ਕਿਹੋ ਜਿਹਾ ਜ਼ਮਾਨਾ ਆ ਗਿਆ ਏ ਯਾਰਾ ! ਰਿਸ਼ਤਿਆਂ ਨਾਤਿਆਂ ਦੀ ਕਦਰ ਈ ਕੋਈ ਨਾ ਰਹੀ। ਇਸ ਗੰਦੇ ਪੈਸੇ ਦੇ ਲਾਲਚ ਨੇ ਭਰਾ ਨੂੰ ਭਰਾ ਦਾ, ਪੁੱਤ ਨੂੰ ਪਿਉ ਦਾ ਦੁਸ਼ਮਣ ਬਣਾ ਧਰਿਆ।”[1]

[1] ਦਵਿੰਦਰ ਸੰਧੂ, ਲਾਹੌਰ 58063, ਪੰਨਾ-66

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲੋਹਾਰ 58063" ਵਿਚਲੀ ਕਹਾਣੀ "ਨਰਕ" ਵਿਚ ਗੁਰਜੀਤ ਇਸ ਕਹਾਣੀ ਦਾ ਪ੍ਰਮੁੱਖ ਪਾਤਰ ਹੈ। ਇਸ ਕਹਾਣੀ ਵਿਚ ਕਿਸਾਨੀ ਜੀਵਨ ਕਠਿਨਾਈਆ ਭਰੇ ਜੀਵਨ ਨੂੰ ਪ੍ਰਸਤੁਤ ਕਰਨ ਵਾਲੀ ਇੱਕ ਪ੍ਰਤੀਨਿਧ ਕਹਾਣੀ ਹੈ। ਗੁਰਜੀਤ ਬਹੁਤ ਹੀ ਭਲਾਮਾਣਸ ਵਿਅਕਤੀ ਹੈ। ਉਸ ਨੇ ਆਪਣੀ ਸਾਰੀ ਉਮਰ ਹੀ ਦੁੱਖ ਵਿਚ ਕੱਢ ਦਿੱਤੀ ਹੈ। ਮੈਂ ਦਾ ਫ਼ਿਕਰ ਹੋਰ ਵੱਧ ਗਿਆ ਅਤੇ ਮੈਂ ਵੀ ਰੁਲ ਗਿਆ ਕੁੜੀ ਨੂੰ ਪੋਲੀਓ ਹੋ ਗਿਆ ਜੋ ਵੀ ਕਮਾਉਂਦਾ ਸਾਰਾ ਕੁੜੀ ਉੱਪਰ ਲੱਗ ਛੱਡਦਾ ਸੀ ਤੇ ਬਾਪੂ ਨੇ ਕਰਜ਼ਾ ਵੀ ਚੁੱਕਿਆ ਹੋਇਆ ਸੀ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਕਹਾਣੀਕਾਰ ਨੇ ਦੇਵ ਅਤੇ ਗੁਰਜੀਤ ਸਿੰਘ ਦੀ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

"ਮਾਂ ਦੇ ਫ਼ਿਕਰ ਹੋਰ ਵੱਧ ਗਏ । ਮੈਂ ਵੀ ਰੁਲ ਗਿਆ।ਪਿਛਲੇ ਸਾਲ ਕੁੜੀ ਨੂੰ ਪੋਲੀਓ ਹੋ ਗਿਆ । ਜੋ ਕਮਾਉਂਦਾ ਦਾ ਸਾਰਾ ਉਹਦੇ ਤੇ ਲਾ ਛੱਡਦਾ । ਉਧਰੋਂ ਗਾਂ ਮਰ ਗਈ। ਕਿਤੋਂ ਫੜ ਫੜਾ ਕੇ ਬੱਕਰੀ ਲਿਆਂਦੀ। ਉਧਾਰੇ ਫੜੇ ਸੀ। ਉਹ ਮੋੜ ਨਾ ਸਕੇ। ਵਿਆਜ ਪੈ ਪੈ ਕੇ ਰੋਕੜਾ ਉਹ ਬਣਾਈ ਬੈਠਾ ਏ। ਕਿੰਨੇ ਦਿਨਾਂ ਦੀ ਜਾਨ ਤੋੜ- ਤੋੜ ਕੇ ਖਾਂਦਾ ਏ ਪਿਆ। ਮਸ੍ਹਾਂ ਲਾਰੇ ਲਾ ਲਾ ਕੇ ਖਹਿੜਾ ਛੁਡਾਈ ਦੈ। ਮੀਹਾਂ ਵਿਚ ਕੱਚੀ ਸਬਾਤ ਦਾ ਪੂਰਾ ਖਣ ਜਾ ਪਿਆ ਉਹ ਛੱਤਣ ਦੀ ਹਿੰਮਤ ਨਾ ਹੋਈ। ਦੱਸ ਕਿਹੜੇ ਪਾਸੇ ਜਾਈਏ। ਕੀਹਦੇ ਕੋਲ ਰੋਈਏ। ਭਰਾਵਾ ਹੁਣ ਤਾਂ ਸਾਰੀ ਸਤਿਆ ਮੁੱਕੀ ਪਈ ਏ। ਦੇਵ ਲੰਮਾ ਹਾਉਕਾ ਲੈ ਕੇ ਜਿਵੇਂ ਗਮਾਂ ਦੇ ਸਾਗਰ ਵਿਚ ਡੁੱਬ ਗਿਆ।"[2]

ਗੁਰਜੀਤ ਬਚਪਨ ਤੋ ਹੀ ਡੂੰਘੀ ਮਾਨਸਿਕ ਪੀੜਾਂ ਦਾ ਸ਼ਿਕਾਰ ਸੀ। ਇਕ ਤਾਂ ਉਸਦੇ ਭਰਾਵਾ ਦਾ ਰੱਵਈਆ ਗਾਲੀ –ਗਲੋਚ ਤੇ ਮਾਰ ਕੁੱਟ ਭਰਿਆ ਸੀ। ਗੁਰਜੀਤ ਜਿਉ –ਜਿਉ ਸਿਆਣਾ ਹੁੰਦਾ ਗਿਆ ਉਸਦੇ ਅੰਦਰ ਪੀੜ ਵਧਦੀ ਚਲੀ ਗਈ। ਗੁਰਜੀਤ ਦੇ ਵਿਆਹ ਤੋ ਬਾਅਦ ਵੀ ਉਸਦੇ ਭਰਾ –ਭਰਜਾਈ ਦਾ ਰੱਵਈਆ ਗਾਲੀ-ਗਲੋਚ ਵਾਲਾ ਵੱਧਦਾ ਗਿਆ ਅਤੇ ਆਰਥਿਕ ਤੰਗੀ ਹੋਰ ਵੱਧ ਗਈ। ਗੁਰਜੀਤ ਨੂੰ ਬਚਪਨ ਤੋ ਹੀ ਭਰਾਵਾਂ ਦੇ ਪਿਆਰ ਤੋ ਅਧੂਰਾ ਰਹਿ ਸੀ। ਉਸ ਦਾ ਜੀਵਨ ਸਦਾ ਹੀ ਤ੍ਰਾਸਦੀ ਨਾਲ ਭਰਿਆ ਹੋਇਆ ਹੈ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਕਹਾਣੀਕਾਰ ਨੇ ਗੁਰਜੀਤ ਸਿੰਘ ਦੀ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

---

[2] ਉਹੀ ਪੰਨਾ-77

"ਇਹ ਨੂੰ ਫੜ੍ਹ ਉਏ ਕੰਜਰ ਨੂੰ। ਕਿਵੇਂ ਭੌਂਕਦਾ ਏ ਛੋਕਰੀ ਜ੍ਹਾਵਾ। "ਕਹਿਕੇ ਹਰਦੀਪ ਨੇ ਗੁਰਜੀਤ ਨੂੰ ਜੱਫਾ ਮਾਰ ਲਿਆ। ਸੁੱਚੇ ਤੇ ਉਹਦੀ ਵਹੁਟੀ ਨੇ ਉਹ ਨੂੰ ਵਾਲਾਂ ਤੋਂ ਫੜਕੇ ਤਿੰਨ ਮੁੱਕੇ ਜੜ ਦਿੱਤੇ। ਗੁਰਜੀਤ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਹਰਦੀਪ ਦੇ ਢਿੱਡ ਵਿਚ ਜ਼ੋਰ ਨਾਲ ਗੋਡਾ ਜੜਿਆ। ਹਰਦੀਪ ਦੇ ਹੱਥ ਛੁੱਟ ਗਏ। ਕਿਸ਼ਨ ਸਿਹੁੰ ਤੇ ਪਵਨਦੀਪ ਵੀ ਛੁਡਾਓਣ ਆ ਲੱਗੇ। ਦੀਪ ਰੋਂਦੀ ਉੱਚੀ-ਉੱਚੀ ਰੌਲਾ ਪਾ ਰਿਹਾ ਸੀ "ਵੇ ਮਾਰ ਤਾ ਵੇ ਕਲਜੋਗੀਉ ਭਰਾ ਨੂੰ। ਤੁਹਾਡਾ ਕੱਖ ਨਾ ਰਹੇ। ਮਰ ਜਾਉ ਤੁਸੀ।"ਮਾਂ ਵੀ ਪੁੱਤ ਨੂੰ ਛੁਡਾਓਣ ਲੱਗੀ। ਐਨੇ ਨੂੰ ਗੁਰਜੀਤ ਨੇ ਸੁੱਚੇ ਦੇ ਮੂੰਹ ਤੇ ਘਸੁੰਨ ਮਾਰਿਆ, ਉਸ ਦੇ ਦੰਦਾਂ ਚੋਂ ਖ਼ੂਨ ਆਓਣ ਲੱਗ ਪਿਆ। ਉਦੋਂ ਤੱਕ ਪਿਉ ਨੇ ਦੋਹਾ ਨੂੰ ਅੱਡੋ ਅੱਡ ਕੀਤਾ। ਹੁਣ ਉਹ ਤਿੰਨੇ ਇਕ ਦੂਜੇ ਨੂੰ ਗੰਦੀਆਂ ਗ੍ਹਾਲਾਂ ਕੱਢਣ ਲੱਗੇ। ਤਾਂ ਹੀ ਕਿਸ਼ਨ ਸਿਹੁੰ ਅੱਕ ਕੇ ਬੋਲਿਆ "ਸ਼ਾਵਾਸ਼ੇ ! ਤੁਹਾਡੇ ਜੰਮਿਆ ਦੇ। ਕੰਜਰੋ !ਸ਼ਰਮ ਤਾਂ ਨਹੀਂ ਆਂਉਦੀ......।"[3]

ਦਵਿੰਦਰ ਸੰਧੂ ਸਿੰਘ ਕਹਾਣੀ ਸੰਗ੍ਰਹਿ "ਲੋਹਾਰ 58063" ਵਿਚਲੀ ਕਹਾਣੀ "ਅੰਤਿਮ ਸੰਸਕਾਰ"।ਵਿਚ ਸਮਾਜ ਵਿਚ ਆਰਥਿਕ ਕਾਣੀ-ਵੰਡ ਦੇ ਸਿੱਟੇ ਵਜੋ ਉਪਜੇ ਅਮੀਰ ਲੋਕਾਂ ਦੀ ਅਯਾਸ਼ੀ, ਬੇਈਮਾਨ, ਹੈਕੜਬਾਜ਼ੀ ਤੇ ਅਪਮਾਨ ਭਰੇ ਵਤੀਰੇ ਕਾਰਨ ਗਰੀਬ ਤੇ ਮਜ਼ਦੂਰ ਲੋਕਾ ਲਈ ਪੈਦਾ ਹੋਇਆ ਸੱਮਸਿਆਵਾਂ ਹਨ। ਬੰਸੋ੍ ਨਾਮ ਦੀ ਇਕ ਔਰਤ ਹੈ। ਜਿਸ ਨੂੰ ਆਪਣੀ ਆਰਥਿਕ ਹਾਲਤ ਮਾੜੀ ਹੋਣ ਕਰਕੇ ਉਸ ਨੂੰ ਆਪਣੇ ਜਿਸਮ ਦਾ ਸੌਦਾ ਕਰਨਾ ਪੈਦਾ ਹੈ। ਬੰਸੋ੍ ਗਰੀਬ ਪਰਿਵਾਰ ਦੀ ਔਰਤ ਹੈ। ਬੰਸੋ੍ ਘਰ ਵਿਚ ਸਭ ਤੋ ਵੱਡੀ ਸੀ ਬੜਾ ਚਾਂਅ ਅਤੇ ਪਿਆਰ ਨਾਲ ਪਲੀ। ਪਿਉ ਦੀ ਮੋਤ ਦੇ ਕਾਰਨ ਅਤੇ ਆਰਥਿਕ ਹਾਲਤ ਮਾੜੀ ਹੋਣ ਕਰਕੇ ਬੰਸੋ੍ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਬੰਸੋ੍ ਦਾ ਜਿਸ ਨਾਲ ਵਿਆਹ ਹੋਇਆ ਹੈ ਉਹ ਇਕ ਨਸ਼ੇੜੀ ਹੈ ਅਤੇ ਨਾਂ ਹੀ ਕੋਈ ਕੰਮ ਕਰਦਾ ਹੈ ਅਤੇ ਬੰਸੋ੍ ਨੂੰ ਮਾਰਦਾ ਕੁੱਟਦਾ ਹੈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਬੰਸੋ੍ ਅਤੇ ਬੰਸੋ੍ ਦਾ ਤਿੰਨ ਬੱਚਿਆਂ ਦੀ ਤ੍ਰਾਸਦੀ ਵਾਲੀ ਵਾਰਤਾਲਾਪ ਨੂੰ ਬਿਆਨ ਕੀਤਾ ਹੈ।

"ਮਾਂ ਪਿਉ ... ਵੇ ਮੈਂ ਰੁਲ ਗਈ ਜੇ...ਕੋਈ ਤਾਂ ਵੇਖੋ ਆ ਕੇ ਮੇਰੇ ਤੇ ਕੀ ਕੀ ਬੀਤਦੀਆਂ ਨੇ ਵੇ ਮੈਨੂੰ ਲਾਡਾਂ ਨਾਲ ਪਾਲਣ ਵਾਲਿਉ....... ।"ਉਹ ਵੈਣ ਆ ਕੇ ਪਾਉਣ ਲੱਗ ਪਈ। ਵੱਡੀ ਕੁੜੀ ਮੀਤੋ ਚਟਣੀ ਕੁੱਟਦੀ ਛੱਡਕੇ ਮਾਂ ਨਾਲ ਆ ਚੰਬੜੀ "ਚੁੱਪ ਕਰ ਜਾ ਬੀਬੀਏ ! ਨਾ ਰੋ ਨਾ ਰੋ ਨੀ ਬੀਬੀ , ਚੁੱਪ ਕਰ ਖਾਂ.... . । "ਕੁੜੀ

---

[3] ਉਹੀ ਪੰਨਾ-69

ਆਪ ਵੀ ਰੋਣ ਲੱਗ ਪਈ। "ਵੇਖਾਂ, ਲੱਗੀ ਸੰਘ ਪਾੜਨ ਖੇਖਣਾਂ ਪੱਟੀ। ਖੋਤੜ ਨਾ ਹੋਵੇ ਤਾਂ ਕਿਤੋਂ ਦੀ। ਮਰ ਕੁੱਤੇ ਦੀ ਮੌਤ। "ਕਹਿੰਦਾ ਸ਼ੇਗਾ ਮੂੰਹ ਪੂੰਝਦਾ ਸਿਰ ਤੋਂ ਢਿਲਕਿਆ ਸਾਫਾ ਬੰਨ੍ਹਦਾ ਬਾਹਰ ਨੂੰ ਤੁਰ ਪਿਆ। ਛੋਟੀ ਮਾਣੀ, ਮੁੰਡਾ ਗੁੱਡੂ ਵੀ ਖੇਡ ਵਿਚ ਛੱਡਕੇ ਮਾਂ ਕੋਲ ਸਹਿਮੇ ਜਿਹੇ ਆ ਖੜੋਤੇ।"[4]

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲਾਹੌਰ 58063" ਵਿਚਲੀ ਕਹਾਣੀ "ਅੰਤਿਮ ਸੰਸਕਾਰ "ਵਿਚ ਬੰਸੋ ਇਸ ਕਹਾਣੀ ਦੀ ਪ੍ਰਮੁੱਖ ਪਾਤਰ ਹੈ। ਬੰਸ੍ਹੋ ਉਦੋ ਨੌਵੀਂ ਕਾਲਸ ਵਿਚ ਪੜ੍ਹਦੀ ਸੀ ਜਦੋ ਉਸ ਦੇ ਪਿਤਾ ਦੀ ਮੋਤ ਹੋ ਗਈ ਸੀ ਬੰਸ੍ਹੋ ਦੇ ਪਿਤਾ ਮੋਤ ਹੋਣ ਨਾਲ ਬੰਸ੍ਹੋ ਦੀ ਮਾਂ ਦਾ ਬੁਰਾ ਹਾਲ ਹੋ ਗਿਆ ਕਿਉ ਕਿ ਜੀਵਨ ਸਾਥੀ ਬਿਨ੍ਹਾਂ ਕਬੀਲਦਾਰੀ ਨਿਰਭਾਉਣਾ ਔਖੀ ਹੋ ਗਈ। ਇਸ ਕਹਾਣੀ ਵਿਚ ਕਹਾਣੀਕਾਰ ਨੇ ਬੰਸ੍ਹੋ ਦੀ ਮਾਂ ਸੀਤੋ ਦੀ ਤ੍ਰਾਸਦੀ ਵਾਲੀ ਵਾਰਤਾਲਾਪ ਨੂੰ ਬਿਆਨ ਕੀਤਾ ਹੈ।

"ਦੁੱਨਾ ਕਿਸੇ ਜੱਟ ਦੇ ਵੱਢ ਚੋਂ ਕਣਕ ਦੀ ਪੰਡ ਪਾਉਂਦਾ ਸੀ ਕਿ ਢੇਰੀ ਥੱਲੇ ਬੈਠੇ ਸੱਪ ਨੇ ਉਸ ਨੂੰ ਡੰਗ ਲਿਆ ਤੇ ਦੁੱਨਾ ਕਿਸੇ ਜੱਟ ਦੇ ਵੱਢ ਚੋਂ ਕਣਕ ਦੀ ਪੰਡ ਪਾਉਂਦਾ ਸੀ ਕਿ ਢੇਰੀ ਥੱਲੇ ਬੈਠੇ ਸੱਪ ਨੇ ਉਸ ਨੂੰ ਡੰਗ ਲਿਆ ਤੇ ਦੁੱਨਾ ਕੁਝ ਪਲਾਂ ਵਿਚ ਹੀ ਇਸ ਫਾਨੀ ਦੁਨੀਆਂ ਤੋਂ ਤੁਰ ਗਿਆ ਸੀ। ਬੰਸ੍ਹੋ ਦੀ ਮਾਂ ਸੀਤੋ ਸਿਰ ਦੇ ਸਾਈ ਬਿਨਾਂ ਜਿਵੇਂ ਝੱਲੀ ਹੋ ਗਈ ਸੀ। ਕੰਧਾਂ ਨਾਲ ਟੱਕਰਾਂ ਮਾਰੀਆ। ਜੀਵਨ ਸਾਥੀ ਬਿਨ੍ਹਾਂ ਕਬੀਲਦਾਰੀ ਦਾ ਪਹਾੜ ਭਾਰ ਚੁੱਕਣਾ ਕਿਵੇਂ ਵੀ ਉਸਦੇ ਵੱਸ ਦੀ ਗੱਲ ਨਹੀਂ ਸੀ। ਬੰਸ੍ਹੋ ਨੌਵੀ ਵਿਚ ਦਾਖਲਾ ਨਾ ਲੈ ਸਕੀ। ਉਸ ਦੀਆਂ ਫੀਸਾਂ ਭਰਨੀਆਂ ਸੀਤੋ ਦੇ ਵੱਸ ਦੀ ਗੱਲ ਨਹੀਂ ਸੀ।"[5]

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲੌਹਾਰ 58063" ਵਿਚਲੀ ਕਹਾਣੀ "ਅੰਤਿਮ ਸੰਸਕਾਰ "ਵਿਚ ਬੰਸੋ ਇਸ ਕਹਾਣੀ ਦੀ ਪ੍ਰਮੁੱਖ ਪਾਤਰ ਹੈ। ਬੰਸ੍ਹੋ ਪਿੰਡ ਦੀ ਹੁਸ਼ਿਆਰ ਕੁੜੀ ਮਾਂ ਪਿਉ ਦੀ ਲਾਡਲੀ ਧੀ ਹੈ ਉਸ ਨੂੰ ਪੜ੍ਹਨ ਦਾ ਬਹੁਤ ਸ਼ੋਕ ਸੀ ਪਰ ਪਿਉ ਦੀ ਮੌਤ ਹੋ ਜਾਂਣ ਕਰਕੇ ਘਰ ਦੀ ਆਰਥਿਕ ਹਾਲਤ ਬਹੁਤ ਮਾੜਾ ਹੋ ਗਈ ਜਿਸ ਕਰਕੇ ਉਸ ਨੂੰ ਸਕੂਲ ਛੱਡਣ ਪਿਆ। ਉਸ ਦਾ ਵਿਆਹ ਕਰ ਦਿੱਤਾ ਗਿਆ ਬੰਸ੍ਹੋ ਆਪਣੇ ਦਿਲ ਦੇ

---

[4] ਉਹੀ ਪੰਨਾ-79

[5] ਉਹੀ ਪੰਨਾ-80

ਆਰਮਾਨ ਫਰਜ਼ਾ ਦੀ ਸੂਲੀ ਚਾੜ੍ਹ ਸਹੁਰੇ ਘਰ ਆ ਗਈ ਪਰ ਬੰਸੋ੍ਹ ਸਹੁਰੇ ਘਰ ਵਿਚ ਵੀ ਉਸ ਨੂੰ ਕੋਈ ਸੁਖ ਪ੍ਰਾਪਤ ਨਾ ਹੋਏ। ਬੰਸੋ੍ਹ ਆਪਣੀ ਤ੍ਰਾਸਦੀ ਨੂੰ ਇਸ ਵਾਰਤਾਲਾਪ ਵਿਚ ਪੇਸ਼ ਕਰਦੀ ਹੈ।

"ਸ਼ੇਗਾ, ਮਾਂਪਿਆਂ ਦਾ ਸ਼ਬੇਗ ਸਿੰਘ ਤੇ ਪਿੰਡ ਵਾਲਿਆ ਲਈ ਸ਼ੇਗੀ, ਜਰਦਾ, ਸਿਗਰਟ ਫੂਕਦਾ । ਜਿੰਮੀਂ –ਦਾਰਾ ਦੇ ਸੀਰੀ ਲੱਗਦਾ। ਅਗਲੇ ਬਹੁਤ ਪੈਸੇ ਨਸ਼ਿਆਂ ਦੇ ਖਾਤੇ ਹੀ ਕੱਟ ਕਟਾ ਛੱਡਦੇ। ਬਾਕੀ ਬਚਦੇ, ਕਦੇ ਦੋ ਸੌ ਦੇ ਦਿੱਤਾ ਕਦੇ 4 ਸੌ। ਘਰਦਿਆਂ ਵਿਆਹ ਤੋਂ ਕੁਝ ਦਿਨਥ ਬਾਅਦ ਹੀ ਅੱਡ ਕਰ ਦਿੱਤਾ। ਪਹਿਲੀ ਰਾਤ ਹੀ ਪਤਾ ਨਹੀਂ ਕੀ ਭੱਸ ਸੁਆਹ ਖਾਕੇ ਆਇਆ, ਸਾਰੀ ਰਾਤ ਐਵੇ ਕਮਲ ਹੀ ਕੁੱਟੀ ਗਿਆ ਤੇ ਦਿਨ ਚੜ੍ਹਦੇ ਤੱਕ ਬੰਸੋ੍ਹ ਦੀ ਹਾਲਤ ਉਸ ਧੁਖਦੀ ਲੱਕੜ ਵਰਗੀ ਹੋ ਗਈ ਸੀ।"[6]

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲੋਹਾਰ 58063" ਵਿਚਲੀ ਕਹਾਣੀ "ਮਾਂ ਦੀ ਆਂਦਰ "ਵਿਚ ਗੰਗੋ ਇਸ ਕਹਾਣੀ ਦੀ ਪ੍ਰਮੁੱਖ ਪਾਤਰ ਹੈ। ਗੰਗੋ ਇਕ ਬਹਾਦਰ ਅਤੇ ਹਿੰਮਤ ਵਾਲੀ ਔਰਤ ਹੈ। ਉਹ ਕਦੀ ਵੀ ਮੁਸ਼ਕਿਲਾਂ ਤੋ ਡਰ ਦੀ ਨਹੀਂ ਉਸ ਦਾ ਡੱਟ ਕੇ ਮੁਕਾਬਲਾ ਕਰਦੀ ਹੈ। ਗੰਗੋ ਦੇ ਘਰ ਵਾਲੇ ਦੀ ਮੌਤ ਹੋਣ ਤੋ ਬਾਅਦ ਹਾਰ ਦੀ ਨਹੀ ਸਗੋ ਉਹ ਆਪਣੇ ਚਾਰ ਬੱਚਿਆਂ ਨੂੰ ਪਾਲਦੀ ਹੈ। ਅਤੇ ਬੁਰੀ ਨਜ਼ਰ ਰੱਖਣ ਵਾਲਿਆਂ ਦਾ ਡੱਟ ਕਰ ਕੇ ਵਿਧਰੋ ਕਰਦੀ ਹੈ। ਗੰਗੋ ਆਪਣੀ ਤ੍ਰਾਸਦੀ ਨੂੰ ਇਸ ਵਾਰਤਾਲਾਪ ਵਿਚ ਪੇਸ਼ ਕਰਦੀ ਹੈ।

"ਮਾਂ ਦੀ ਤਾ ਦੁਨੀਆਂ ਹੀ ਉੱਜੜ ਗਈ। ਰੋ-ਖਪ ਕੇ ਬੁਰੇਹਾਲ ਕੀਤੀ। ਵਾਲ ਪੁੱਟ ਲਏ। ਰੱਬ ਨੂੰ ਉਲਾਂਭੇ ਦਿੱਤੇ। ਪਰ ਆਫਰੀਨ ਗੰਗੋਂ ਦੇ ਸ਼ੁਰੂ ਤੋਂ ਮਰਦਾਨਾ ਸੁਭਾਅ ਹੋਣ ਕਰਕੇ ਉਸ ਧੁਰੋਂ ਪਈ ਮਾਰ ਨੂੰ ਦਿਲ ਗੁਰਦੇ ਨਾਲ ਝੱਲਿਆ।"[7]

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲੋਹਾਰ 58063 "ਵਿਚਲੀ ਕਹਾਣੀ "ਮਾਂ ਦੀ ਆਂਦਰ "ਵਿਚ ਗੰਗੋ ਇਸ ਕਹਾਣੀ ਦੀ ਪ੍ਰਮੁੱਖ ਪਾਤਰ ਹੈ। ਗੰਗੋ ਪਤੀ ਦੀ ਮੌਤ ਹੋ ਜਾਣ ਬਾਅਦ ਵੀ ਘਬਰਾਈ ਨਹੀ ਸਗੋ ਚਹੁੰ ਜਵਾਕਾਂ ਨੂੰ ਵੀ ਪਾਤਲਦੀ, ਇਕ ਮੁੰਡਾ ਅਤੇ ਤਿੰਨ ਕੁੜੀਆਂ ਨੂੰ। ਸਵੇਰੇ- ਸਵੇਰੇ ਘਰ ਦੇ ਸਾਰੇ ਕੰਮ ਮੁਕਾਕੇ ਤੇ ਰੋਟੀ ਪਕਾਕੇ ਪੱਲੇ ਬੰਨ੍ਹ ਲੈਦੀ ਹੈ ਖੇਤ ਵਿਚ ਕੰਮ ਕਰਦੀ ਹੈ। ਤੇ ਟੁੱਟ ਦੀ ਨਹੀ। ਆਪਣੀ ਹੱਕ ਹਲਾਲ ਦੀ

---

[6] ਉਹੀ ਪੰਨਾ-80

[7] ਉਹੀ ਪੰਨਾ-85

ਕਮਾਈ ਕਰਦੀ ਹੈ ਉੱਜੜ ਜਾਂਦੀ ਹੈ। ਗੰਗੋ ਨਾਂ ਜਿਉਂਣ ਵਿਚ ਹੈ ਨਾ ਹੀ ਮਾਰਿਆਂ ਵਿਚ ਹੈ। ਕਦੇ ਨਾਂ ਹਾਰ ਨੇ ਵਾਲੀ ਔਰਤ ਪੁੱਤਰ ਦੀ ਮੌਤ ਉਸ ਨੂੰ ਹਾਰ ਦਿੰਦੀ ਹੈ। ਗੰਗੋ ਆਪਣੀ ਤ੍ਰਾਸਦੀ ਨੂੰ ਇਸ ਵਾਰਤਾਲਾਪ ਇਸ ਤਰ੍ਹਾ ਬਿਆਨ ਕਰਦੀ ਹੈ।

"ਗੰਗੋ ਦੇ ਦੁੱਖਾਂ ਵਿਚ ਜਿਵੇਂ ਹਾਲੇ ਕੋਈ ਕਮੀ ਸੀ ਕੁਝ ਸਾਲਾਂ ਬਾਅਦ, ਕੜੀ ਵਰਗਾ ਜਵਾਨ-ਜਹਾਨ ਪੁੱਤਰ ਚੁੱਪ ਕੀਤਾ ਹੀ ਮਾਂ ਨੂੰ ਜਿਉਂਦੀ ਮਾਰ ਕੇ ਰੱਬ ਕੋਲ ਤੁਰ ਗਿਆ ਸੀ। ਗੰਗੋ ਦੂਜੀ ਵਾਰ ਉੱਜੜ ਗਈ ਸੀ। ਗੰਗੋ ਦਾ ਲੱਕ ਟੁੱਟ ਗਿਆ ਸੀ। ਕਦੇ ਨਾ ਹਾਰਨ ਵਾਲੀ ਗੰਗੋ ਜਿਵੇਂ ਹਾਰ ਗਈ ਸੀ। ਉਸ ਛਲ-ਛਲ ਅਥਰੂ ਕੇਰੇ ਸੀ। ਕੰਧਾਂ ਨਾਲ ਟੱਕਰਾਂ ਮਾਰੀਆਂ ਸੀ, ਪਰ ਤੁਰ ਗਏ ਨੇ ਨਾ ਮੁੜਨਾ ਸੀ, ਨਾ ਮੁੜਿਆ। ਭੋਲੀ ਨੂੰਹ ਦੇ ਰੋਂਦੇ ਵਿਰਾਨ ਚਿਹਰੇ ਵੱਲ ਵੇਖ-ਵੇਖ ਕੇ ਉਸ ਦੀਆਂ ਆਂਦਰਾਂ ਨੂੰ ਵਲ੍ਹੇਟ ਪੈਦੇਂ। ਉਹ ਨੂੰ ਬੁੱਕਲ ਵਿਚ ਲੈ ਕੇ ਉਸ ਦਾ ਮੂੰਹ ਮੱਥਾ ਚੁੰਮ-ਚੁੰਮ ਉਹ ਨੂੰ ਚੁੱਪ ਕਰਵਾਉਂਦੀ ਆਪ ਰੋਣ ਲੱਗ ਪੈਂਦੀ। ਵੇਲੇ-ਕੁਵੇਲੇ ਜਦ ਮਰਦੋਂ ਸੱਖਣਾ ਘਰ ਦਿੱਸਦਾ ਤਾਂ ਜਵਾਨੀ ਪਹਿਰੇ ਤੁਰ ਗਿਆ ਪਤੀ ਤੇ ਕਰੜੇ ਸਬਰਾਂ ਤੇ ਇਮਤਿਹਾਨਾਂ ਵਿਚ ਕੱਟੀ ਜਵਾਨੀ ਯਾਦ ਆਉਂਦੀ ਤੇ ਫਿਰ ਨੂੰਹ ਦੀਆਂ ਅਧੂਰੀਆਂ ਰਹਿ ਗਈਆਂ ਸੱਧਰਾਂ ਤੇ ਇਮਤਿਹਾਨਾਂ ਵਿਚ ਕੱਟੀ ਜਵਾਨੀ ਯਾਦ ਆਉਂਦੀ ਹੈ।"[8]

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲੌਹਾਰ 58063" ਵਿਚਲੀ ਕਹਾਣੀ "ਵਤਨ ਦਾ ਸ਼ਹੀਦ"ਵਿਚ ਸਵਰਨ ਸਿੰਘ ਇਸ ਕਹਾਣੀ ਦੀ ਪ੍ਰਮੁੱਖ ਪਾਤਰ ਹੈ। ਇਸ ਕਹਾਣੀ ਵਿਚ ਇਕ ਫੌਜੀ ਦੇ ਜੀਵਨ ਬਾਰੇ ਗੱਲ ਕੀਤੀ ਹੈ। ਸਵਰਨ ਸਿੰਘ ਦਾ ਇੱਕ ਹੀ ਪੁੱਤਰ ਸੀ ਜਿਸ ਦਾ ਨਾਮ ਭਜਨ ਸੀ। ਭਜਨ ਨੂੰ ਫੌਜ ਵਿੱਚ ਭਰਤੀ ਕਰਵਾ। ਭਜਨ ਦੇਸ਼ ਦੀ ਰੱਖੀ ਕਰਦਾ ਸ਼ਹੀਦ ਹੋ ਗਿਆ। ਜਦੋਂ ਮੇਜਰ ਮਨਦੀਪ ਸਿੰਘ ਭਜਨ ਸਿੰਘ ਦੇ ਘਰ ਆਇਆ ਦੇਖ ਕਿ ਭਜਨ ਦੇ ਘਰਦਿਆਂ ਨੂੰ ਕੁਝ ਨਹੀਂ ਪਤਾ ਕਿ ਭਜਨ ਸ਼ਹੀਦ ਹੋ ਗਿਆ। ਉਸ ਸਮੇਂ ਦੀ ਦੁਖਾਂਤ ਦੀ ਘਟਨਾ ਦੀ ਵਾਰਤਾਲਾਪ ਨੂੰ ਬਿਆਨ ਕੀਤਾ ਹੈ।

ਸਵਰਨ ਸਿੰਘ ਦਾ ਇਕ ਪੁੱਤਰ ਹੈ ਉਹ ਵੀ ਦੇਸ਼ ਦਾ ਨੌਕਰ ਹੁੰਦਾ ਹੈ। ਉਹ ਵੀ ਸ਼ਹੀਦ ਹੋ ਗਿਆ। ਉਸ ਘਰਦਿਆਂ ਨੂੰ ਨਹੀ ਪਤਾ ਹੁੰਦਾ ਹੈ ਤੇ ਉਸ ਦੀ ਸ਼ਹੀਦ ਬਾਰੇ ਓਦੋ ਪਤਾ ਲੱਗਦਾ ਹੈ ਜਦੋ ਉਸ ਦੀ ਮ੍ਰਿਤਕ

[8] ਉਹੀ ਪੰਨਾ-87

ਸਰੀਰ ਲੈ ਕੇ ਆਉਂਦਾ ਹੈ। ਮੇਜਰ ਮਨਦੀਪ ਸਿੰਘ ਸਵਰਨ ਸਿੰਘ ਕਹਿੰਦਾ ਹੈ ਤੁਹਾਡਾ ਭਜਨ ਆਏ ਹੈ। ਇਸ ਤਰ੍ਹਾਂ ਕਹਾਣੀਕਾਰ ਇਸ ਕਹਾਣੀ ਤ੍ਰਾਸਦੀ ਦੀ ਵਾਰਤਾਲਾਪ ਬਿਆਨ ਕਰਦਾ ਹੈ।

"ਮੇਜਰ ਮਨਦੀਪ ਸਿੰਘ ਦਾ ਗੱਚ ਭਰ ਆਇਆ ਭਾਵੇਂ ਉਹ ਫੌਜੀ ਜਾਬਤੇ ਦਾ ਬੱਧਾਂ ਰੋ ਨਹੀ ਸੀ ਸਕਦਾ ਪਰ ਅੱਖਾਂ ਬੰਦ ਕਰਕੇ ਲੰਮਾ ਸਾਹ ਖਿੱਚਿਆ ਤੇ ਬੱਚੇ ਨੂੰ ਚੁੱਕਕੇ ਛਾਤੀ ਨਾਲ ਘੁੱਟ ਲਿਆ ਤੇ ਸਵਰਨ ਸਿੰਘ ਦਾ ਹੱਥ ਫੜ੍ਹਕੇ ਬੋਲਿਆ ! "ਹਾਂ ਬਾਪੂ ਜੀ ! ਭਜਨ ਵੀ ਆਇਆ ਏ, ਪਰ ਤੁਹਾਨੂੰ ਆਖਰੀ ਵਾਰ ਫਟਿਆ ਤੇ ਉਹ ਗੱਡੀ ਕੋਲ ਇਕੱਠੇ ਹੋ ਗਏ। ਮੇਜਰ ਬਜ਼ੁਰਗ ਨੂੰ ਵੱਡੀ ਗੱਡੀ ਦੇ ਪਿਛਲੇ ਪਾਸੇ ਲੈ ਆਇਆ ਜਿੱਥੇ ਸ਼ਹੀਦ ਸਦਾ ਦੀ ਨੀਂਦ ਸੁੱਤਾ ਪਿਆ ਸੀ।"[9]

ਅਸੀਂ ਦੇਖਦੇ ਹਾਂ ਕਿ ਕਹਾਣੀ ਸੰਗ੍ਰਹਿ "ਲੌਹਾਰ 58063" ਵਿਚਲੀ ਕਹਾਣੀ "ਅੰਤਿਮ ਸੰਸਕਾਰ" ਵਿਚ ਕਹਾਣੀ ਸਮਾਜ ਦੋ ਸ੍ਰਣੀਆਂ ਵਿਚ ਵੰਡਿਆ ਹੋਇਆ ਹੈ। ਇਕ ਸ੍ਰਣੀ ਵਿਚ ਬੇਜ਼ਮੀਨੇ ਮੁਜ਼ਾਰਿਆਂ ਦੀ ਸ੍ਰਣੀ ਅਤੇ ਜ਼ਮੀਨ ਦੇ ਮਾਲਕ ਜਾਗੀਰਦਾਰ ਕੁੱਝ ਪਿੰਡਾਂ ਦੀ ਸਾਰੀ ਜ਼ਮੀਨ ਦਾ ਮਾਲਕ ਹੈ। ਬੰਸੋ ਦੀ ਆਰਥਕ ਹਾਲਤ ਠੀਕ ਨਹੀ ਹੈ। ਉਸ ਦਾ ਪਤੀ ਉਸ ਨੂੰ ਜਗੀਰਦਾਰ ਨਾਲ ਸਰੀਕ ਸੰਬੰਧ ਲਈ ਕਹਿੰਦਾ ਹੈ। ਬੰਸ੍ਹੋ ਦੇ ਅੰਦਰੋ ਅਵਾਜ਼ ਆਉਂਦੀ ਹੈ ਜੋ ਤੇਰਾ ਪਤੀ ਕਹਿੰਦਾ ਹੈ। ਜੇਕਰ ਤੂੰ ਅਜਿਹਾ ਨਹੀ ਕਰ ਗਈ ਤੇਰੇ ਭੈਣ-ਭਰਾ ਰੁਲ ਜਾਣਗੇ ਤੇ ਮਾਂ ਵੀ ਮਰ ਜਾਵੇਗੀ। ਕਹਾਣੀਕਾਰ ਉਸ ਦੇ ਦੁਖਾਂਤ ਦੀ ਘਟਨਾ ਨੂੰ ਇਸ ਵਾਰਤਾਲਾਪ ਵਿਚ ਬਿਆਨ ਕਰਦਾ ਹੈ।

"ਤੂੰ ਮੇਰਾ ਗਲਾ ਘੁੱਟ ਦੇ ਤੇ ਦੋ ਘਰਾਂ ਨੂੰ ਉਜੜਨੋ ਬਚਾ ਲੈ। ਮਾਪਿਆਂ ਦਾ ਵੀ ਤੇ ਸਹੁਰਿਆਂ ਦਾ ਵੀ। ਜੇ ਤੂੰ ਆਪ ਮਰਨ ਬਾਰੇ ਸੋਚਿਆ ਤਾਂ ਤੇਰੀ ਬੁੱਢੀ ਗਰੀਬਣੀ ਮਾਂ ਤੇ ਤੇਰੇ ਭੈਣਾਂ ਭਰਾ ਰੁਲ ਜਾਣਗੇ। ਨਾਲ ਹੀ ਤੂੰ ਬਾਂਝ ਹੋਣ ਦਾ ਕਲੰਕ ਲੈ ਕੇ ਤੁਰ ਜਾਏਗੀ। ਤੂੰ ਇਕ ਮਰਦ ਦੀ ਤਾਂ ਹੋਣਾ ਈ ਏ ਬੰਸ੍ਹੋ.... . ਸ਼ੇਗੇ ਦੀ ਗੱਲ ਮੰਨ ਜਾ.... ਤੈਥੋਂ ਮਾਂ ਦੀ ਅਰਥੀ ਉੱਠਦੀ ਨਹੀ ਵੇਖੀ ਜਾਣੀ.... . ਜੇ ਉਹ ਮਰ ਗਈ ਤਾਂ ਤੇਰੀਆਂ ਛੋਟੀਆ ਭੈਣਾਂ ਨੂੰ ਇਹੋ ਕਰਨਾ ਪਵੇਗਾ ਜੋ ਸ਼ੇਗਾ ਤੈਨੂੰ ਕਰਨ ਲਈ ਕਹਿ ਰਿਹਾ ਏ। ਤੂੰ ਆਵਦੀਆਂ ਨਿਆਣੀਆਂ ਭੈਣਾਂ ਨੂੰ ਇਹ ਕੰਜਰ ਖਾਨਾ ਕਰਦਿਆਂ ਕਿਵੇਂ ਵੇਖੇਂਗੀ ਬੰਸ੍ਹੋ.... . ਬਚਾ ਲੈ ਉਨ੍ਹਾਂ ਮਾਸੂਮਾਂ ਨੂੰ ਏਸ ਨਰਕ ਤੋ .... . ਮੈਂ ਤਾਂ ਤੈਨੂੰ

---

[9] ਉਹੀ ਪੰਨਾ-89

ਸਭ ਕੁਝ ਵਿਖਾ ਦਿੱਤਾ......ਅਗਾਂਹ ਹੁਣ ਤੂੰ ਜਾਣੀਂ। ਨਹੀ, ਨਹੀ ਮੈਥੋਂ ਇਹ ਕੁਛ ਨਹੀ ਹੋਣਾ...... ਨਹੀਂ ਹੋਣਾ.... . ਰੱਬਾ ਮੇਰਿਆ.... ਕਿੱਥੇ ਜਾ ਬੈਠਾ ਏ।ਇਹ ਸਾਰੇ ਦੁੱਖ ਦੇਣ ਲਈ ਤੈਨੂੰ ਮੈਂ ਗਰੀਬਣੀ ਹੀ ਨਹੀ ਦਿੱਸੀ ਹਾਂ ? ਇਹ ਕਿਹੜੇ ਜਨਮਾਂ ਦੇ ਬਦਲੇ ਲੈਂਦਾ ਏਂ ਵੇ ਡਾਇਆ। ਮੈਂ ਇਹ ਖੇਹ ਮਿੱਟੀ ਕਿਵੇਂ ਖਾਵਾਂ ਮੇਰੇ ਰੱਬ ਜੀ। ਇਹ ਮੈਨੂੰ ਕਿਹੜੈ ਮੋੜ ਤੇ ਲਿਆ ਠੱਲ੍ਹਿਆ ਈ।"[10]

ਕਿਸੇ ਵੀ ਸਮਾਜ ਵਿਚ ਔਰਤ ਦਾ ਨੀਵਾ ਦਰਜਾ ਸਮਾਜ ਵਿਸ਼ੇਸ਼ ਦੇ ਸਮਾਜਿਕ ਵਿਕਾਸ ਔਰਤ ਦਾ ਨੀਵਾਂ ਦਰਜਾ ਸਮਾਜ ਵਿਸ਼ੇਸ਼ ਪੜਾਅ ਉੱਤੇ ਸਮਾਜ ਦੀ ਜਮਾਤੀ ਬਣਤਰ ਕਾਰਨ ਹੈ। ਇਹ ਸਮਾਜ ਦੇ ਸ਼ੋਸ਼ਿਤ ਚਰਿਤਰ ਦਾ ਅਨਿਖੜ ਅੰਗ ਹੈ। ਇਸ ਵਿਚ ਸਮਾਜ ਦਾ ਇਕ ਹਿੱਸਾ ਦੂਜਾ ਹਿੱਸੇ ਦਾ ਸ਼ੋਸ਼ਣ ਕਰਦਾ ਏ। ਇਸ ਵਿਚ ਸਮਾਜ ਦਾ ਇਕ ਹਿੱਸਾ ਦੂਜੇ ਹਿੱਸੇ ਦਾ ਸ਼ੋਸ਼ਣ ਕਰਦਾ ਏ।

ਔਰਤ ਦੀ ਹੋਂਦ ਦਾ ਮਸਲਾ ਕੋਈ ਨਵਾਂ ਨਹੀਂ ਹੈ। ਆਦਿ ਕਾਲ ਤੋਂ ਹੀ ਸਥਿਤੀ ਬਹੁਤ ਦਰਦਨਾਕ ਰਹੀ ਹੈ। ਮੱਧਕਾਲ ਵਿਚ ਵੀ ਔਰਤ ਨੂੰ ਮਰਦਾਂ ਦੇ ਮੁਕਾਬਲੇ ਨੀਵਾਂ ਦਰਜਾ ਦਿੱਤਾ ਜਾਂਦਾ ਸੀ। ਔਰਤ ਨੂੰ ਭੋਗ ਵਿਲਾਸ ਦੀ ਵਸਤੂ ਸਮਝ ਕੇ ਘਰ ਦੀ ਚਾਰ ਦੀਵਾਰੀ ਵਿਚ ਹੀ ਰੱਖਿਆ ਜਾਂਦਾ ਸੀ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਵਿੰਦਰ ਸੰਧੂ ਦੀਆਂ ਕਹਾਣੀਆਂ ਵਿਸ਼ੇ ਦੇ ਪੱਖ ਤੋਂ ਬਹੁਤ ਮਹੱਤਤਾਂ ਰੱਖ ਦੀਆਂ ਹਨ। ਉਸ ਨੇ ਸਾਰੀਆਂ ਕਹਾਣੀਆਂ ਦੇ ਵਿਸ਼ੇ ਸਾਡੇ ਪੰਜਾਬੀ ਪੇਂਡੂ ਜੰਨ ਜੀਵਨ ਵਿਚੋਂ ਲਏ ਹਨ। ਇਸ ਪੁਸਤਕ ਬਾਰੇ ਇਕ ਗੱਲ ਸਪੱਸ਼ਟ ਕਹੀ ਜਾ ਸਕਦੀ ਹੈ ਕਿ ਇਹ ਕਹਾਣੀ ਸੰਗ੍ਰਹਿ ਇਕ ਪੜ੍ਹਨਯੋਗ ਰਚਨਾ ਹੈ। ਜਦੋਂ ਅਸੀਂ ਇਹ ਕਹਿੰਦੇ ਹਾਂ ਤਾਂ ਇਸ ਦੇ ਨਾਲ ਹੀ ਇਹ ਸੁਵਾਲ ਪਿਆ ਹੁੰਦਾ ਹੈ ਕਿ ਹਰ ਰਚਨਾ ਹੀ ਪੜ੍ਹਨਯੋਗ ਹੁੰਦੀ ਹੈ? ਇਸ ਦਾ ਜੁਵਾਬ ਲਾਜ਼ਮੀ ਹੀ ਨਹੀਂ ਹੈ। ਇਸ ਲਈ ਜਿਹੜੀ ਰਚਨਾ ਪੜ੍ਹਨਯੋਗ ਹੋਵੇ, ਉਸ ਬਾਰੇ ਵਿਚਾਰ ਅਤੇ ਚਰਚਾ ਜ਼ਰੂਰ ਹੋਈ ਚਾਹੀਦੀ ਹੈ। ਇਸ ਪੁਸਤਕ ਵਿਚ ਵੀ ਅਸੀਂ ਇਹੀ ਕਰਨ ਦਾ ਯਤਨ ਕੀਤਾ ਹੈ। "ਲਾਹੌਰ 58063" ਕਹਾਣੀ ਸੰਗ੍ਰਹਿ ਵਿਚੋਂ ਪਰਿਵਾਰਿਕ ਰਿਸ਼ਤਿਆਂ 'ਚੋਂ ਤਣਾਅ ਦੀ ਪੇਸ਼ਕਾਰੀ, ਕਿਸਾਨੀ ਪੱਖ, ਪੰਜਾਬ ਸੰਕਟ ਦੀ ਪੇਸ਼ਕਾਰੀ ਆਦਿ ਅਜਿਹੇ ਵਿਸ਼ੇ ਚੁਣੇ ਗਏ ਹਨ ਜੋ ਅਲੱਗ-ਅਲੱਗ ਕਹਾਣੀਆਂ

[10] ਉਹੀ ਪੰਨਾ-82

ਵਿਚ ਅਲੱਗ-ਅਲੱਗ ਤ੍ਰਾਸਦੀ ਨੂੰ ਬਿਆਨ ਕਰਦੇ ਹਨ। ਇਸ ਤਰ੍ਹਾਂ ਤ੍ਰਾਸਦੀ ਦੇ ਪੱਖ ਤੋਂ ਦਵਿੰਦਰ ਦੀਆਂ ਕਹਾਣੀਆਂ ਇਕ ਉਚ ਕੋਟੀ ਦਾ ਦਰਜਾ ਪ੍ਰਾਪਤ ਕਰਦੀਆਂ ਹਨ।

# ਪੰਜਵਾਂ ਅਧਿਆਇ

## ਦਵਿੰਦਰ ਸੰਧੂ ਦੇ ਨਾਵਲ (ਨੀ ਜਿੰਦ ਮੇਰੀਏ) ਵਿਚ ਤ੍ਰਾਸਦੀ ਦਾ ਅਧਿਐਨ

ਦਵਿੰਦਰ ਸੰਧੂ ਆਪਣੇ ਨਾਵਲ 'ਨੀ ਜਿੰਦ ਮੇਰੀਏ' ਨਾਲ ਪੰਜਾਬੀ ਗਲਪ ਸਾਹਿਤ ਵਿਚ ਪ੍ਰਵੇਸ਼ ਕਰਦਾ ਹੈ। ਉਹਨਾਂ ਨੇ ਜਿਥੇ ਸਾਹਿਤ ਆਲੋਚਨਾ ਤੇ ਸਭਿਆਚਾਰ 'ਤੇ ਬਹੁਤ ਨਾਮ ਕਮਾਇਆ ਹੈ, ਉਥੇ ਉਹਨਾਂ ਨੇ ਨਾਵਲ 'ਨੀ ਜਿੰਦ ਮੇਰੀਏ ' ਰਚ ਕੇ ਗਲਪ ਸਾਹਿਤ ਵਿਚ ਵੀ ਵੱਡਮੁੱਲਾ ਯੋਗਦਾਨ ਪਾ ਦਿੱਤਾ ਹੈ। ਇਹ ਨਾਵਲ 2012 ਵਿਚ ਪ੍ਰਕਾਸ਼ਿਤ ਹੋਇਆ ਹੈ। ਇਹ ਨਾਵਲ ਨਾ ਸਿਰਫ਼ ਪੰਜਾਬੀ ਨਾਵਲ ਸਾਹਮਣੇ ਕਈ ਸੁਵਾਲ ਖੜ੍ਹੇ ਕਰਦਾ ਹੈ ਬਲਕਿ ਪਾਠਕ ਨੂੰ ਵੀ ਕਈ ਕੁਝ ਸੋਚਣ ਲਈ ਮਜ਼ਬੂਰ ਕਰਦਾ ਹੈ। ਇਹ ਨਾਵਲ ਪੰਜਾਬੀ ਪਾਠਕ ਸਾਹਮਣੇ ਕੁਝ ਸਵਾਲ ਰੱਖਦਾ ਹੈ। "ਨੀ ਜਿੰਦ ਮੇਰੀਏ"ਆਧੁਨਿਕ ਪੰਜਾਬੀ ਨਾਵਲ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਾਲੀ ਰਚਨਾ ਹੈ। ਆਪਣੇ ਸਮੇਂ ਦੇ ਰਾਜਨੀਤਕ, ਸੰਸਕ੍ਰਿਤਕ ਖਿਲਾਰੇ ਨੂੰ ਨਾਵਲੀ ਬਿਰਤਾਂਤ ਵਿਚ ਕਿਸ ਤਰ੍ਹਾਂ ਬੰਨ੍ਹਣਾਂ ਹੈ, ਇਹ ਜੁਗਤ ਇਕ ਆਲੋਚਕ ਹੋਣ ਕਰਕੇ ਦਵਿੰਦਰ ਸੰਧੂ ਕੋਲ ਹੈ। ਦਵਿੰਦਰ ਸੰਧੂ ਮਾਨਵੀ ਸੰਸਾਰ ਨੂੰ ਕਾਮਨਾਵਾਂ ਦੇ ਭੇੜ ਵਿਚੋਂ ਉਗਮ ਰਹੇ ਮਾਤ ਲੋਕ ਦੇ ਰੂਪ ਵਿਚ ਦੇਖਦਾ ਹੈ ਅਤੇ ਇਹ ਸਾਰਾ ਮਾਤ ਲੋਕ ਬੰਦੇ ਨੂੰ ਸਜ਼ਾ ਦੇਣ ਲਈ ਪਹਿਲਾਂ ਹੀ ਘੜਿਆ ਪਿਆ ਸੀ। ਆਪਣੇ ਇਸ ਨਾਵਲ ਰਾਹੀਂ ਉਹ ਪਾਠਕ ਨੂੰ ਇਸ ਰਣਭੂਮੀ ਵਿਚ ਲੈ ਵੜਦਾ ਹੈ। ਇਸ ਤਰ੍ਹਾਂ ਸਾਡਾ ਸੰਬੰਧ ਇਥੇ ਇਸ ਅਧਿਆਇ ਵਿਚ ਦਵਿੰਦਰ ਸੰਧੂ ਦੇ ਨਾਵਲ "ਨੀ ਜਿੰਦ ਮੇਰੀਏ"ਦੇ ਵਿਸ਼ੇ ਨਾਲ ਹੈ। ਉਹਨਾਂ ਦੇ ਨਾਵਲ 'ਨੀ ਜਿੰਦ ਮੇਰੀਏ ' ਵਿਚੋਂ ਤ੍ਰਾਸਦੀ ਦਾ ਵਿਸ਼ਾ ਚੁਣਿਆਂ ਗਿਆ ਹੈ ਜਿਸ ਦਾ ਵਰਣਨ ਇਸ ਤਰ੍ਹਾਂ ਹੈ।

"ਨੀ ਜਿੰਦ ਮੇਰੀਏ"ਨਾਵਲ ਵਿਚ ਸੰਧੂ ਨੇ ਪਿਆਰ ਕਰਨ ਵਾਲੀਆਂ ਦੋ ਜਿੰਦਾਂ ਦੀ ਹਿਰਦੇਵੇਧਕ ਕਹਾਣੀ ਪੇਸ਼ ਕੀਤੀ ਹੈ। ਦੋਵੇਂ ਅਲੱਗ-ਅਲੱਗ ਫ਼ਿਰਕਿਆਂ ਨਾਲ ਸੰਬੰਧਿਤ ਹਨ। ਜਾਤ-ਪਾਤ ਅਤੇ ਆਪਣੀ ਸ਼੍ਰੇਣੀ ਨੂੰ ਕਿਸੇ ਨਾਲੋਂ ਘੱਟ ਨਾ ਸੰਬੰਧਿਤ ਹਨ। ਜਾਤ-ਪਾਤ ਅਤੇ ਆਪਣੀ ਸ਼੍ਰੇਣੀ ਨੂੰ ਕਿਸੇ ਨਾਲੋਂ ਘੱਟ ਨਾ ਸਮਝਣ ਦੀ ਹਉਮ ਸਾਰੇ ਸੰਕਟ ਪੈਦਾ ਕਰਦੀ ਹੈ। ਇਸ ਸੰਕਟ ਵਿਚ ਹੋਰ ਵਾਧਾ ਕਰਦੇ ਹਨ, ਜਿਹੜੇ ਕਿਸੇ ਨੂੰ ਸੁੱਖੀਂ-ਮਿਹਰੀਂ ਵਸਦਾ ਦੇਖਣ ਦੇ ਆਦਿ ਨਹੀ ਹੁੰਦੇ।

ਹਰ ਹਾਦਸਾ ਖ਼ੂਬਸੂਰਤ ਅਤੇ ਰੌਚਕ ਹੁੰਦਾ ਹੈ, ਜੇ ਮੌਤ ਨਾ ਆਈ ਹੋਵੇ। ਇਸ ਨਾਵਲ ਵਿਚ ਅਨੇਕਾ ਥਾਂਈ ਬੜੇ ਤਿੱਖੇ ਮੋੜ ਆਉਂਦਾ ਹਨ। ਨਾਵਲ ਵਿਚ ਆਪਣੀ ਰਵਾਇਤੀ ਆਦਤ ਨੂੰ ਛੱਡ ਕੇ ਪੁਲਿਸ ਦਾ ਕਿਰਦਾਰ, ਕੋਰਟ ਦੇ ਜੱਜ ਦਾ ਕਿਰਦਾਰ ਭਾਵੇਂ ਸਿਸਟਮ ਦੇ ਕਰੂਰ ਯਥਾਰਥ ਨੂੰ ਸੱਟ ਮਾਰਦਾ ਹੈ, ਪਰ ਚੰਗਾ ਲੱਗਦਾ ਹੈ। ਹਰ ਕੋਈ ਅਜਿਹੀਆਂ ਮਾਨਵੀ-ਰੂਹਾਂ ਦਾ ਸਮਾਜ ਵੇਖਣ ਦਾ ਇਛੱਕ ਹੈ। ਔਖੇ ਪੈਂਡੇ ਅਤੇ ਮਾਰੂ ਸਥਿਤੀਆਂ ਦਾ ਸੰਤਾਪ ਭੋਗਦਿਆਂ ਅੰਤ ਪਿਆਰ-ਵਿਹੂਣੀਆਂ ਜਿੰਦਾਂ ਦੇ ਜੀਵਨ ਨੂੰ ਰਸਹੀਣ ਬਣਾ ਦਿੱਤਾ ਸੀ। ਦਵਿੰਦਰ ਸੰਧੂ ਨੇ ਇਹ ਨਾਵਲ ਖ਼ਾਸ ਤੌਰ ਤੇ ਆਪਣੇ ਨੌਜਵਾਨ ਭੈਣ-ਭਰਾਵਾਂ ਲਈ ਲਿਖਿਆ ਏ। ਅੱਜ ਜਦੋਂ ਦੇਖਦਾ ਹਾਂ ਕਿ ਅਸੀਂ ਪਿਆਰ ਦੇ ਨਾਂ ਤੇ ਆਪਣੇ ਸਮਾਜ ਵਿਚ ਕਿੰਨਾ ਕੁਝ ਵਾਹਯਾਤ ਤੇ ਕਮੀਨਗੀ ਭਰਿਆ ਕਰ ਰਹੇ ਹਾਂ ਤਾਂ ਮਨ ਰੋ ਉੱਠਦਾ ਏ। ਇਸ਼ਕ ਵਰਗਾ ਸੱਚਾ ਤੇ ਸੱਚਾ ਜਜ਼ਬਾ ਅੱਜ ਅਸੀਂ ਆਪਣੀ ਗੰਦੀ ਸੋਚ ਅਤੇ ਮੰਦ ਵਾਸ਼ਨਾਵਾ ਭਰਪੂਰ ਹਰਕਤਾਂ ਨਾਲ ਪਲੀਤ ਕਰਕੇ ਰੱਖ ਦਿੱਤਾ। ਪਿਆਰ ਦਾ ਨਾਮ ਸੁਣ ਕੇ ਜਿੱਥੇ ਤਨ ਅਤੇ ਮਨ ਖਿੜ ਜਾਂਦਾ ਹਨ। ਪਿਆਰ ਦਾ ਨਾਮ ਸੁਣ ਕੇ ਜਿੱਥੇ ਤਨ ਅਤੇ ਮਨ ਖਿੜ ਜਾਂਦਾ ਹੈ, ਅੱਜ ਇਹ ਸ਼ਬਦ ਸੁਣਦਿਆਂ ਹੀ ਸਿਆਣਾ ਬੰਦਿਆਂ ਦੇ ਮੱਥੇ ਤਿਊੜੀਆਂ ਨਾਲ ਭਰ ਜਾਂਦੇ ਹਨ। ਪਿਆਰ, ਮੁਹੱਬਤ ਤਾਂ ਮਹਿਬੂਬ ਦੀ ਯਾਦ ਆਉਂਦੀਆ ਹੀ ਸਿਰ ਝੁਕਾ ਕੇ ਸਿਜ਼ਦਾ ਕਰਦਿਆਂ ਆਪਣਾ-ਆਪਾ ਉਸ ਪਿਆਰ ਦੇ ਚਰਨਾਂ ਵਿਚ ਢੇਰੀ ਕਰ ਦੇਣ ਦਾ ਨਾਮ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੀ ਕਹਿੰਦੇ ਸਨ, ਰੂਹ ਦਾ ਰੂਹ ਨੂੰ ਪਹਿਚਾਣ ਲੈਣਾ ਇਹੀ ਪਿਆਰ ਕਬਜ਼ਾ ਨਹੀਂ ਪਹਿਚਾਣ ਹੈ। ਮਹਿਬੂਬ ਦਾ ਨਾਮ ਲੈਂਦਿਆਂ ਹੀ ਤਨ ਮਨ ਮਹਿਕ ਉਠਣਾ ਇਹੀ ਪਿਆਰ ਏ। ਬਿਨਾਂ ਰੰਗ, ਰੂਪ, ਜਾਤ, ਨਸਲ, ਧਰਮ, ਦੇਸ਼ ਵੇਖੇ ਤੋਂ ਕਿਸੇ ਨੂੰ ਆਪਣਾ ਰੱਬ ਮੰਨ ਲੈਣਾ, ਇਹੀ ਮੁਹੱਬਤ ਹੈ। ਪਰ ਅੱਜ ਤਾਂ ਪਿਆਰ ਕਿਸੇ ਨੂੰ ਸੋਹਣਾ ਵੇਖ ਕੀਤਾ ਜਾਂਦਾ ਹੈ। ਕਿਸੇ ਨੂੰ ਅਮੀਰ ਜਾਣ ਕੇ ਕੀਤਾ ਜਾਂਦਾ ਹੈ। ਕਿਸੇ ਦੇ ਰੁਤਬੇ, ਤਾਕਤ, ਅਤੇ ਪੈਸੇ ਨੂੰ ਵੇਖ ਕੇ ਕੀਤਾ ਜਾਂਦਾ ਹੈ। ਕਿੰਨੇ ਕੁ ਹਨ, ਜੋ ਖ਼ੁਦ ਕਰੋੜਪਤੀ ਹੋਣ ਤੇ ਕਿਸੇ ਗ਼ਰੀਬ-ਕੰਗਾਲ ਦੀ ਧੀ ਜਾਂ ਪੁੱਤਰ ਨੂੰ ਉਸ ਦੇ ਚੰਗੇ ਇਨਸਾਨੀ ਗੁਣਾਂ ਕਰਕੇ ਮੁਹੱਬਤ ਕਰਦੇ ਹੋਣ ਤੇ ਫਿਰ ਉਸ ਗ਼ਰੀਬ ਨੂੰ ਆਪਣੀ ਮੁਹੱਬਤ ਕਰਦੇ ਹੋਣ ਤੇ ਫਿਰ ਉਸ ਗ਼ਰੀਬ ਨੂੰ ਉਸ ਦੇ ਚੰਗੇ ਇਨਸਾਨੀ ਗੁਣਾਂ ਕਰਕੇ ਮੁਹੱਬਤ ਕਰਦੇ ਹੋਣ ਤੇ ਗ਼ਰੀਬ ਨੂੰ ਆਪਣੀ ਮੁਹੱਬਤ ਦੀ ਪਨਾਹ ਵਿੱਚ ਸਦਾ ਲਈ ਲੈ ਲੈਣ ਵਾਸਤੇ ਪੂਰੀ ਦੁਨੀਆਂ ਨਾਲ ਟੱਕਰ ਲੈ ਸਕਣ ? ਨਹੀਂ , ਇੱਥੇ ਤਾਂ ਅਮੀਰ ਆਪਣੇ ਤੋਂ ਹੋਰ ਜ਼ਿਆਦਾ ਅਮੀਰ ਨੂੰ ਲੱਭ ਕੇ ਉਸ ਨਾਲ ਮੁਹੱਬਤ ਕਰਦਾ ਹੈ।

"ਨੀ ਜਿੰਦ ਮੇਰੀਏ" ਨਾਵਲ ਵਿਚ ਦੇਵ ਅਤੇ ਕਿਰਨ ਦੇ ਸਬੰਧਾਂ ਵਿਚੋਂ ਉਭਰਦਾ ਹੈ। ਇਹ ਨਾਵਲਕਾਰ ਦੀ ਦ੍ਰਿਸ਼ਟੀ ਦਾ ਵਾਹਨ ਨਜ਼ਰ ਆਉਂਦਾ ਹੈ। ਕਿਰਨ ਸਾਧਾਰਨ ਭਾਰਤੀ ਔਰਤ ਦੀ ਕਾਮਨਾ ਹੈ ਜਿਸ ਵਿਚੋਂ ਉਹ ਆਦਰਸ਼ ਪਰਿਵਾਰ ਦੀ ਕਾਮਨਾ ਕਰਦੀ ਹੈ। ਇਸ ਕਾਮਨਾ ਦੇ ਰਸਤੇ ਵਿਚ ਜਾਤੀ ਵਿਵਸਥਾ ਇੱਕ ਉਲਝਣ ਪੈਦਾ ਕਰਦੀ ਹੈ ਪ੍ਰੰਤੂ ਨਾਵਲ "ਨੀ ਜਿੰਦ ਮੇਰੀਏ" ਦੇ ਕਥਾਨਕ ਵਿਚਲੀਆਂ ਸਥਿਤੀਆਂ ਇਸ ਪ੍ਰਕਾਰ ਕਰਵੱਟ ਬਦਲਦੀਆਂ ਹਨ ਕਿ ਜਾਤੀਵਾਦ ਗੌਣ ਰੂਪ ਵਿਚ ਬਦਲ ਜਾਂਦਾ ਹੈ। ਬਲਦੇਵ ਤੇ ਕਿਰਨ ਦੋਵੇ ਇਕ ਦੂਜੇ ਨੂੰ ਪਿਆਰ ਕਰਦੇ ਹਨ ਪਰ ਓਹਨਾਂ ਦੀ ਜਾਤ ਅਲੱਗ-ਅਲੱਗ ਹੈ।ਕਿਰਨ ਛੋਟੀ ਜਾਤੀ ਨਾਲ ਸੰਬੰਦ ਰੱਖਦੀ ਹੈ ਅਤੇ ਬਲਦੇਵ ਉੱਚੀ ਜਾਤ ਦਾ ਹੈ। ਜਿਸ ਕਾਰਨ ਕਿਰਨ ਦੇ ਘਰ ਦੇ ਨਹੀ ਮੰਨਦੇ ਹਨ ਤੇ ਕਿਰਨ ਉੱਪਰ ਬਹੁਤ ਅਤਿਆਚਾਰ ਕਰਦੇ ਹਨ ਤੇ ਇੱਥੇ ਤੱਕ ਕਿਰਨ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ ਦੇ ਸਮੇਂ ਵਿੱਚ ਵੀ ਕੁੜੀਆਂ ਦੇ ਜਨਮ ਨੂੰ ਗਮੀ ਮੰਨਿਆਂ ਜਾਂਦਾ ਹੈ। ਜੇ ਕੋਈ ਕਿਸੇ ਕੁੜੀ ਨੂੰ ਛੱਡਦਾ ਹੈ ਜਾਂ ਕੁੜੀ ਨੂੰ ਗੰਦੇ ਇਸ਼ਾਰੇ ਕਰਦਾ ਹੈ ਤੇ ਜੇ ਕੁੜੀ ਉਸਦਾ ਵਿਦਰੋਹ ਕਰਦੀ ਹੈ ਤਾਂ ਕੁੜੀ ਨੂੰ ਹੀ ਗਲਤ ਕਿਹਾ ਜਾਂਦਾ ਹੈ। ਇਸ ਤਰ੍ਹਾਂ ਹੀ ਕਿਰਨ ਨੂੰ ਕੋਈ ਮੁੰਡਾ ਛੇੜਦਾ ਹੈ ਤੇ ਕਿਰਨ ਉਸ ਦਾ ਵਿਦਰੋਹ ਕਰਦੀ ਹੈ ਪਰ ਉਲਟ ਹੀ ਉਸ ਦੀ ਮਾਂ ਕਿਰਨ ਨੂੰ ਹੀ ਗਲਤ ਕਹਿੰਦੀ ਹੈ ਤੇ ਉਸ ਨੂੰ ਹੀ ਚਪਲਿਆਂ ਨਾਲ ਮਾਰਦੀ ਹੈ। ਇਸ ਤਰ੍ਹਾ ਕਿਰਨ ਨੂੰ ਸ਼ੁਰੂ ਤੋਂ ਹੀ ਤ੍ਰਾਸਦੀ ਪਾਤਰ ਰਿਹਾ ਹੈ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਨਾਵਲਕਾਰ ਨੇ ਕਿਰਨ ਦੀ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

"ਤੂੰ ਮਾਸਟਰ ਏਂ ਕਿ ਬਦਮਾਸ਼ ਗੁੰਡਾ ? ਉਸ ਦਿਨ ਮੈਨੂੰ ਰਾਹ ਜਾਂਦੀ ਨੂੰ ਗੰਦੇ ਇਸ਼ਾਰੇ ਕਰ ਕੇ ਲੁੱਚੀਆਂ ਗੱਲਾਂ ਕਰਦਾ ਸੈਂ। ਘਰ ਤੇਰੀ ਮਾਂ , ਭੈਣ ਜਾਂ ਧੀਆਂ ਕੋਈ ਨਹੀਂ ? ਉਹਨਾਂ ਨਾਲ ਕਰ ਇਹੋ ਜਿਹੇ ਕੰਮ ਤੇ ਇਹ ਪੈਸੇ ਉਹਨਾਂ ਨਾਲ ਕਰ ਇਹੋ ਜਿਹੇ ਕੰਮ ਤੇ ਇਹ ਪੈਸੇ ਉਹਨਾਂ ਨੂੰ ਦੇ ਦੇਵੀਂ। "ਉਹ ਤਾਂ ਉਸ ਵੇਲੇ ਤੁਰਦਾ ਬਣਿਆ। ਪਿੱਛੇ ਮਾਂ ਨੇ ਧੀ ਨੂੰ ਸ਼ਾਬਾਸ਼ ਦੇਣ ਦੀ ਥਾਂ ਚੱਪਲਾਂ ਨਾਲ ਕੁੱਟਿਆ ਤੇ ਗਾਲ੍ਹਾਂ ਕੱਢੀਆਂ, ਕੁੱਤੀਏ ! ਉਹ ਖਸਮ ਜ਼ਿਆਦਾ ਚੰਗਾ ਲੱਗਦਾ ਈ ? ਹੁਣ ਤੈਨੂੰ ਸਾਡਾ ਆਖਾ ਮੰਨਣਾ ਹੀ ਪਵੇਗਾ ਨਹੀ ਤਾਂ ਤੇਰਾ ਜਾਣਾ ਬੰਦ ਕਰ ਦਿਆਂਗੇ।"[1]

[1] ਦਵਿੰਦਰ ਸੰਧੂ, ਨੀ ਜਿੰਦ ਮੇਰੀਏ, ਪੰਨਾ-32

ਕਿਰਨ ਬਹੁਤ ਹੀ ਭਲੀਮਾਣਸ ਅਤੇ ਸਿਆਣੀ ਕੁੜੀ ਸੀ ਕਿਰਨ ਬਲਦੇਵ ਨਾਮ ਦੇ ਮੁੰਡੇ ਨੂੰ ਪਿਆਰ ਕਰਦੀ ਹੈ। ਜਦੋਂ ਕਿਰਨ ਦੇ ਘਰਦਿਆਂ ਨੂੰ ਪਤਾ ਲੱਗਿਆ ਤੇ ਉਸ ਦਾ ਸਕੂਲ ਛੱਡਵਾਂ ਦਿੱਤਾ। ਜਦੋਂ ਕਿਰਨ ਘਰਦਿਆਂ ਨੂੰ ਕਹਿੰਦੀ ਹੈ ਕਿ ਮੈਂ ਸਕੂਲ ਜਾਣਾ ਹੈ ਤੇ ਉਸ ਦੀ ਮਾਂ ਬੋਲਦੀ ਹੈ ਤੂੰ ਕਿੱਤੇ ਨਹੀ ਜਾਣ ਹੈ ਤੂੰ ਤੇ ਆਪਣੇ ਯਾਰ ਨੂੰ ਮਿਲਣ ਜਾਣਾ ਹੈ ਤੇ ਕਿਰਨ ਹਿੰਮਤ ਇਕੱਠੀ ਕਰਕੇ ਬੋਲਦੀ ਹੈ। ਹਾਂ ਬਲਦੇਵ ਨੂੰ ਮਿਲਣ ਜਾਣਾ ਹੈ ਤੇ ਉਸ ਦੀ ਮਾਂ ਕਿਰਨ ਕੁੱਟਣ ਸ਼ੁਰੂ ਕਰ ਦਿੰਦੀ ਹੈ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਨਾਵਲਕਾਰ ਨੇ ਕਿਰਨ ਦੀ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

"ਕੀ ? ਕੀ ਕਿਹਾ ਈ ਕੁੱਤੀਏ ? ਤੇਰੇ ਟੋਟੇ ਕੀਤੇ ਕੁਲਹਿਣੀਏ। "ਚੰਡਾਲ ਮਾਂ ਨੇ ਬੋਲਦਿਆਂ ਉਸ ਨੂੰ ਲੱਤਾਂ-ਬਾਹਾਂ ਨਾਲ ਕੁੱਟਦਿਆਂ ਗਾਲ੍ਹਾਂ ਦਾ ਮੀਂਹ ਵਰ੍ਹਾ ਦਿੱਤਾ। ਪਿਉ ਨੇ ਵੀ ਛਡਾਉਣ ਦੀ ਥਾਂ ਘਸੁੰਨ ਮਾਰਨੇ ਸ਼ੁਰੂ ਕਰ ਦਿੱਤੇ। ਕਿਰਨ ਪੀੜਾਂ ਨਾਲ ਕੁਰਲਾ ਪਈ। ਚੀਕਾਂ ਸੁਣ ਕੇ ਗੁਆਢੀਆਂ ਆ ਛੁਡਾਇਆ। ਕਿਰਨ ਧਾਹਾਂ ਮਾਰ ਰਹੀ ਸੀ। ਅੱਜ ਇਸ ਭਰੀ ਦੁਨੀਆਂ ਵਿਚ ਉਸ ਦਾ ਕੋਈ ਵੀ ਨਹੀਂ ਸੀ, ਜੋ ਉਸ ਨੂੰ ਬੁੱਕਲ ਵਿਚ ਲੈ ਕੇ ਵਰਚਉਂਦਾ, ਉਸ ਦੇ ਅੱਥਰੂ ਪੂੰਝਦਾ ਤੇ ਜ਼ਾਲਮ ਮਾਂ-ਬਾਪ ਨੂੰ ਲਲਕਾਰ ਕੇ ਕਹਿੰਦਾ, "ਖ਼ਬਰਦਾਰ ! ਜੇ ਮੇਰੀ ਕਿਰਨ ਨੂੰ ਹੱਥ ਵੀ ਲਾਇਆ ਤਾਂ।"[2]

ਅਸੀਂ ਦੇਖਦੇ ਹਾਂ ਕਿ ਨਾਵਲ "ਨੀ ਜਿੰਦ ਮੇਰੀਏ" ਬਲਦੇਵ ਅਤੇ ਕਿਰਨ ਇਸ ਕਹਾਣੀ ਦੀ ਪ੍ਰਮੁੱਖ ਪਾਤਰਾਂ ਕਹੈ ਜਿਸ ਦਿਨ ਕਿਰਨਦੀਪ ਦੇ ਘਰਦਿਆਂ ਨੇ ਕਿਰਨ ਨੂੰ ਮਾਰਿਆ ਉਸ ਦਿਨ ਹੀ ਦੁਪਹਿਰੇ ਵੇਲੇ ਪਿੰਡ ਵਿਚ ਹੀ ਇਕ ਹਮਦਰਦ ਰਿਸ਼ਤੇਦਾਰ ਦੇ ਘਰ ਦੇਵ ਨੂੰ ਫ਼ੋਨ ਕਰਨ ਲਈ ਗਈ ਕਿ ਮੈਂ ਮਜਬੂਰ ਹੋ ਗਈ ਚੰਨ ਵੇ। ਤੇ। ਪਿਉ ਮਗਰੇ ਹੀ ਪਹੁੰਚ ਗਿਆ। ਉਸ ਦਿਨ ਸ਼ਾਮ ਨੂੰ ਕਿਰਨਦੀਪ ਨੇ ਜ਼ਹਿਰੀਲ਼ੀ ਚੀਜ਼ ਖਾ ਲਈ। ਉਸ ਦੀ ਮਾਂ ਕਹਿੰਦੀ ਮੈਂ ਤੈਨੂੰ ਹਸਪਤਾਲ ਨਹੀਂ ਲੈ ਕੇ ਜਾਵੇਗੀ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਨਾਵਲਕਾਰ ਨੇ ਕਿਰਨ ਦੀ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

"ਮਰ ਕੁੱਤੀਏ ਮਰ। ਮੈਂ ਵੀ ਤੈਨੂੰ ਉਦੋ ਤੱਕ ਹਸਪਤਾਲ ਨਹੀਂ ਲਿਜਾਣਾ ਜਦੋਂ ਤੱਕ ਤੂੰ ਉਹਦੇ ਨਾਲ ਵਿਆਹ ਕਰਵਾਉਣੋਂ ਨਾਂਹ ਨਹੀ ਕਰਦੀ। ਜੱਲਾਦ ਮਾਂ ਨੂੰ ਧੀ ਦੇ ਮਰਨ ਦਾ ਉੱਕਾ ਕੋਈ ਗ਼ਮ ਨਹੀਂ ਸੀ। "ਜੇ ਮੈਂ

---

[2] ਉਹੀ ਪੰਨਾ-36

ਨਾਂਹ ਹੀ ਕਰਨੀ ਹੁੰਦੀ ਤਾਂ ਫਿਰ ਮਰਨ ਕਿਉਂ ਲੱਗਦੀ। ਮੈਨੂੰ ਵੀ ਆਪਣੇ ਬਚਣ ਦਾ ਕੋਈ ਸ਼ੌਂਕ ਨਹੀਂ। ਜੇ ਬਚ ਵੀ ਗਈ ਤਾਂ ਜਾਵਾਗੀ ਆਪਣੇ ਚੰਨ ਨਾਲ ਹੀ।"[3]

ਕਿਰਨ ਆਪਣੀ ਮਾਂ ਨਾਲ ਨੂੰ ਕਹਿੰਦੀ ਹੈ ਕਿ ਜੇ ਮੈਂ ਨਾਂ ਹੀ ਕਰਨੀ ਹੁੰਦੀ ਤਾਂ ਮਾਰਦੀ ਕਿਉਂ ਦੀ। ਉਹ ਮਾਂ ਨੂੰ ਕਹਿੰਦੀ ਮੈਨੂੰ ਆਪਣੇ ਬੱਚਣ ਦਾ ਕੋਈ ਸ਼ੌਕ ਨਹੀ ਹੈ ਅਤੇ ਨਾਲ ਕਹਿੰਦੀ ਜੇ ਬੱਚ ਵੀ ਗਈ ਤਾਂ ਜਾਵਾਂਗੀ ਆਪਣੇ ਚੰਨ ਕੋਲ ਹੀ। ਫਿਰ ਉਸਦੀ ਮਾਂ ਕੁੱਟਣਾ ਸ਼ੁਰੂ ਕਰ ਦਿੰਦੀ ਹੈ। ਇਸ ਤਰ੍ਹਾਂ ਦੁਖਾਂਤ ਸਥਿਤੀ ਨੂੰ ਨਾਵਲਕਾਰ ਨੇ ਕਿਰਨ ਦੀ ਤੇ ਮਾਂ ਵਾਰਤਾਲਾਪ ਇਸ ਪ੍ਰਕਾਰ ਪੇਸ਼ ਕੀਤੀ ਹੈ।

"ਇਹ ਸੁਣਦਿਆਂ ਹੀ ਮਾਂ ਨੇ ਫਿਰ ਕੁੱਟਣਾ ਸ਼ੁਰੂ ਕਰ ਦਿੱਤਾ। ਇਸ ਤੋ ਵੱਧ ਚੰਡਾਲਪੁਣਾ ਹੋਰ ਕੀ ਹੋਣਾ ਏ ਕਿ ਧੀ ਤਾਂ ਮਰ ਰਹੀ ਏ ਤੇ ਬੇਰਹਿਮ ਮਾਂ ਕਸਾਈਆਂ ਵਾਂਗ ਕੁੱਟ ਰਹੀ ਏ। ਜਦ ਉਹ ਵਿਚਾਰੀ ਬਦਕਿਸਮਤ ਮਾਰ ਖਾ ਕੇ ਤੇ ਜ਼ਹਿਰ ਦੇ ਅਸਰ ਨਾਲ ਬੇਹੋਸ਼ ਹੋ ਗਈ ਤਾਂ ਪਾਖੰਡਣ ਨੇ ਰੋਣਾ ਸ਼ੁਰੂ ਕਰ ਦਿੱਤਾ। ਰੌਲਾ ਪਾਉਣ ਲੱਗ ਪਈ, "ਲੋਕੋ ! ਮੇਰੀ ਧੀ ਮਰ ਗਈ , ਮੇਰੀ ਧੀ।"[4]

ਕਿਰਨ ਬਲਦੇਵ ਨੂੰ ਕਹਿੰਦੀ ਹੈ ਕਿ ਮੈਨੂੰ ਦੋ ਮਹੀਨੇ ਹੋ ਗਏ ਕੁੱਟ ਖਾਂਦੀ ਨੂੰ ਅਤੇ ਗਾਲ੍ਹਾਂ ਸੁਣਦਿਆਂ। ਤੂੰ ਕੁਝ ਨਹੀ ਕੀਤਾ। ਕਿਰਨ ਦੇ ਰਿਸ਼ਤਦਾਰ ਵੀ ਆ ਕੇ ਕੁੱਟਦੇ ਹਨ। ਫਿਰ ਕੋਸ਼ਿਸ਼ ਕੀਤੀ ਸੀ ਮੈਂਨੂੰ ਮਾਰਨ ਦੀ ਅਤੇ ਅੱਜ ਤੋ ਪੰਦਰਵੇਂ ਦਿਨ ਵਿਚ ਕਿਰਨ ਦਾ ਵਿਆਹ ਕਰ ਦੇਣ ਹੈ। ਇਸ ਤ੍ਰਾਸਦੀ ਭਰੀ ਘਟਨਾ ਨੂੰ ਨਾਵਲ ਇਸ ਵਾਰਤਾਲਾਪ ਵਿੱਚ ਪੇਸ਼ ਕਰਦਾ ਹੈ।

"ਦੋ ਮਹੀਨੇ ਹੋ ਗਏ ਮੈਨੂੰ ਕੁੱਟ ਖਾਂਦਿਆਂ, ਗੰਦੀਆਂ ਗਾਲ੍ਹਾਂ ਸੁਣਦਿਆਂ। ਮੇਰੇ ਰਿਸ਼ਤੇਦਾਰ ਵੀ ਆ ਕੇ ਮੈਨੂੰ ਕੁੱਟਣ ਲੱਗ ਪੈਂਦੇ ਨੇ। ਪਰਸੋਂ ਇਹਨਾਂ ਨੇ ਮੇਰਾ ਗਲਾ ਘੁੱਟ ਦਿੱਤਾ। ਮੇਰੇ ਪਿਉ ਨੇ ਮੇਰੇ ਸਿਰ ਵਿਚ ਜੁੱਤੀਆਂ ਦਾ ਮੀਂਹ ਵਰ੍ਹਾ ਦਿੱਤਾ। ਦੱਸ ਮੈਂ ਕਿੰਨਾ ਕੁ ਜ਼ਰਾਂ ? ਮੇਰਾ ਸਰੀਰ ਹੁਣ ਹੋਰ ਮਾਰ ਨਹੀ ਸਹਿ ਸਕਦਾ ਲਾਡਿਆ।

[3] ਉਹੀ ਪੰਨਾ-37

[4] ਉਹੀ ਪੰਨਾ-37

ਇਹਨਾਂ ਨੇ ਇਕ ਥਾਂ ਮੇਰਾ ਰਿਸ਼ਤਾ ਪੱਕਾ ਕਰ ਦਿੱਤਾ ਏ। ਅੱਜ ਤੋਂ ਪੰਦਰਵੇਂ ਦਿਨ ਮੇਰਾ ਵਿਆਹ ਕਰ ਦੇਣਗੇ ਤੇ ਮੈਨੂੰ ਗ਼ੈਰਾਂ ਨਾਲ ਤੋਰ ਦੇਣਗੇ।"[5]

ਨਾਵਲਕਾਰ ਨੇ ਆਪਣਾ ਨਾਵਲ ' ਨੀ ਜਿੰਦ ਮੇਰੀਏ ' ਵਿੱਚ ਜਾਤ-ਪਾਤ ਦੇ ਭੇਦ ਭਾਵ ਨੂੰ ਦੱਸਦਾ ਹੈ ਕਿ ਅੱਜ ਦੇ ਸਮਾਜ ਵਿਚ ਵੀ ਜਾਤ-ਪਾਤ ਦੇ ਆਧਾਰ ਉਪਰ ਭੇਦ-ਭਾਵ ਕੀਤਾ ਜਾਂਦਾ ਹੈ। ਬਲਦੇਵ ਉੱਚੀ ਜਾਤ ਦਾ ਹੁੰਦਾ ਹੈ ਅਤੇ ਕਿਰਨਦੀਪ ਨੀਵੀ ਜਾਤ ਹੁੰਦੀ ਹੈ ਦੋਵੇ ਦੇ ਪਿਆਰ ਨੂੰ ਸਮਾਜ ਪ੍ਰਵਾਨਗੀ ਨਹੀ ਦਿੰਦਾ ਹੈ। ਤੇ ਕਿਰਨਦੀਪ ਬਹੁਤ ਅਤਿਆਚਾਰ ਕਰਦੇ ਹਨ ਪਰ ਕਿਰਨਦੀਪ ਆਪਣੇ ਵਦੇ ਤੋਂ ਮੁਕਰਦੀ ਨਹੀਂ। ਇਸ ਤ੍ਰਾਸਦੀ ਭਰੀ ਘਟਨਾ ਨੂੰ ਨਾਵਲ ਇਸ ਵਾਰਤਾਲਾਪ ਵਿੱਚ ਪੇਸ਼ ਕਰਦਾ ਹੈ।

"ਰੱਬ ਰੂਪ ਜੱਜ ਜੀਉ ! ਮੈਨੂੰ ਪੂਰੇ ਪੰਜ ਮਹੀਨੇ ਹੋ ਗਏ ਨੇ ਹੱਡ ਭੰਨ੍ਹਾਉਂਦੀ ਨੂੰ। ਮੇਰਾ ਜੋੜ- ਜੋੜ ਨਾਲ ਭਰਿਆ ਪਿਆ ਏ। ਮੇਰੇ ਪਿਉ ਨੇ ਮੇਰੇ ਸਿਰ ਵਿੱਚ ਜੁੱਤੀਆਂ- ਚੱਪਲਾਂ ਮਾਰ- ਮਾਰ ਕੇ ਅਸਲੋਂ ਖੋਖਾ ਕਰ ਛੱਡਿਆ ਏ। ਮੈ ਮਰਨ ਕਿਰਾਨੇ ਹੋ ਗਈ ਹਾਂ। ਹੁਣ ਮੇਰੇ ਵਿਚ ਹੋਰ ਜ਼ੁਲਮ ਸਹਿਣ ਦੀ ਹਿੰਮਤ ਨਹੀਂ "[6]

## ਸਾਰਾਂਸ਼

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਦਵਿੰਦਰ ਸੰਧੂ ' ਨੀ ਜਿੰਦ ਮੇਰੀਏ ' ਨਾਵਲ ਵਿਚ ਪਿਆਰ ਕਰਨ ਵਾਲੀਆਂ ਦੋ ਜਿੰਦਾਂ ਦੀ ਹਿਰਦੇਵੇਧਕ ਕਹਾਣੀ ਪੇਸ਼ ਕੀਤੀ ਹੈ। ਦੋਵੇਂ ਅਲੱਗ-ਅਲੱਗ ਫ਼ਿਰਕਿਆਂ ਨਾਲ ਸੰਬੰਧਿਤ ਹਨ। ਜਾਤ-ਪਾਤ ਅਤੇ ਆਪਣੀ ਸ਼੍ਰੇਣੀ ਨੂੰ ਕਿਸੇ ਨਾਲੋਂ ਘੱਟ ਨਾ ਸਮਝਣ ਦੀ ਹਉਮੈਂ ਸਾਰੇ ਸੰਕਟ ਪੈਦਾ ਕਰਦੀ ਹੈ। ਇਸ ਸੰਕਟ ਵਿੱਚ ਹੋਰ ਵਾਧਾ ਕਰਦੇ ਹਨ, ਜਿਹੜੇ ਕਿਸੇ ਨੂੰ ਸੁੱਖੀ-ਮਿਹਰੀ ਵਸਦਾ ਦੇਖਣ ਦੇ ਆਦੀ ਨਹੀ ਹੁੰਦੇ। ਸਮਾਜ ਦੇ ਸੱਚਾਈ ਨੂੰ ਬਿਆਨ ਕੀਤਾ ਹੈ। ਅੱਜ ਦੇ ਸਮੇਂ ਵਿੱਚ ਵੀ ਜਾਤ-ਪਾਤ ਵਿਚ ਭੇਦ ਕੀਤਾ ਜਾਂਦਾ ਹੈ। ਆਖਿਰ ਵਿੱਚ ਪਿਆਰ ਦੀ ਜਿੱਤ ਹੁੰਦੀ ਹੈ। ਭਾਵੇਂ ਜਾਤੀਵਾਦ ਦੀਆਂ ਈਰਖਾਵਾਂ ਅਤੇ ਸਾੜੇ ਨੇ ਪਿਆਰ-ਵਿਹੂਣੀਆਂ ਜਿੰਦਾਂ ਦੇ ਜੀਵਨ ਨੂੰ ਰਸਹੀਣ ਬਣਾ ਦਿੱਤਾ ਸੀ।

[5] ਉਹੀ ਪੰਨਾ-54

[6] ਉਹੀ ਪੰਨਾ-54

# ਸਾਰ ਤੇ ਸਥਾਪਨਾਵਾਂ

ਸਾਹਿਤ ਮਾਨਵੀ ਜ਼ਿੰਦਗੀ ਦੀ ਯਥਾਰਥ ਪੇਸ਼ਕਾਰੀ ਕਰਦਾ ਸਮਾਜ ਦੇ ਰੂਪਾਂਤਰਣ 'ਚੋਂ ਉਪਜਿਆ ਇਕ ਅਜਿਹਾ ਅਨੋਖਾ ਅਮਲ ਹੈ ਜੋ ਬਹੁ-ਪਰਤੀ, ਬਹੁ ਅਰਥੀ, ਬਹੁ-ਦਿਸ਼ਾਵੀ ਪਾਸਾਰ ਰੱਖਦਾ ਹੈ। ਭਾਰਤੀ ਚਿੰਤਕਾਂ ਨੇ ਸਾਹਿਤ ਵਿਚ 'ਸਤਿਅਮ, ਸ਼ਿਵਮ, ਸੁੰਦਰਮ' ਦਾ ਹੋਣਾ ਜ਼ਰੂਰੀ ਮੰਨਿਆ ਹੈ। ਸਾਹਿਤ ਉੱਚੀਆਂ-ਸੁੱਚੀਆਂ ਰੂਹਾਂ ਦੇ ਮਾਨਸਿਕ, ਸਮਾਜ ਕਲਿਆਣ ਨਾਲ ਸੰਬੰਧਤ ਸੰਕਲਪਾਂ ਅਤੇ ਕੁਦਰਤੀ ਸੁਹਜ ਦਾ ਸ਼ਾਬਦਿਕ ਉਤਾਰਾ ਹੁੰਦਾ ਹੈ। ਸਬੰਧਤ ਕਾਲ ਵਿਚ ਪ੍ਰਾਪਤ ਸਾਹਿਤ/ਕਲਾ ਦੀ ਨਿਰਖ ਪਰਖ ਲਈ ਬਣਾਏ ਵਿਧਾਨ/ਨੇਮਾਂ ਦੀ ਕਸੌਟੀ 'ਤੇ ਉਤਰਿਆ ਸਾਹਿਤ ਹੀ ਲਲਿਤ ਕਲਾ ਦਾ ਉੱਤਮ ਨਮੂਨਾ ਹੈ। ਦੁਨੀਆ ਦੇ ਸਾਹਿਤ ਵਿਚ ਪੰਜਾਬੀ ਸਾਹਿਤ ਦਾ ਨਿਵੇਕਲਾ ਸਥਾਨ ਹੈ। ਪੰਜਾਬੀ ਸਾਹਿਤ ਵਿਚ ਉਹ ਅਮੀਰੀ ਗੁਣ ਹਨ ਜੋ ਕਿਸੇ ਦੇਸ਼, ਕੌਮ, ਧਰਮ, ਸਮਾਜ, ਸਮੂਹ ਦੀ ਹੋਂਦ ਨੂੰ ਪ੍ਰਵਾਨਗੀ ਦਿੰਦੇ ਹਨ। ਜਿਥੇ ਮੱਧਕਾਲੀ ਪੰਜਾਬੀ ਸਾਹਿਤ ਬ੍ਰਹਮ ਕੇਂਦਰਿਤ ਹੋਣ ਕਰਕੇ ਆਦਰਸ਼ਕ ਮਨੁੱਖ ਦਾ ਮਾਡਲ ਸਿਰਜਦਾ ਹੈ, ਉਥੇ ਆਧੁਨਿਕ ਪੰਜਾਬੀ ਸਾਹਿਤ ਮਾਨਵ ਕੇਂਦਰਿਤ ਹੋਣ ਕਰਕੇ ਮਾਨਵੀਂ ਸੰਕਲਪਾਂ ਦੀ ਗੱਲ ਵਧੇਰੇ ਕਰਦਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚੋਂ ਗਲਪ (ਨਾਵਲ ਅਤੇ ਕਹਾਣੀ) ਸਾਹਿਤ ਵਿਚ ਮਨੁੱਖ ਦੀਆਂ ਮਾਨਸਿਕ ਗੁੰਝਲਾਂ, ਜਲਿਟ ਸਮੱਸਿਆਵਾਂ ਅਤੇ ਆਤਰਿਕ ਪ੍ਰਸਥਿਤੀਆਂ ਦੀ ਵਧੇਰੇ ਪੇਸ਼ਕਾਰੀ ਹੋਈ ਮਿਲਦੀ ਹੈ। ਪੰਜਾਬੀ ਗਲਪ ਸਾਹਿਤ ਵਿਚ ਦਵਿੰਦਰ ਸੰਧੂ ਦੀ ਸਿਰਜਣਾ ਪੰਜਾਬੀ ਗਲਪ ਸਾਹਿਤ ਵਿਚ ਵਾਧਾ ਕਰਦੀ ਹੈ।

ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ "ਦਵਿੰਦਰ ਸੰਧੂ ਦੇ ਨਾਵਲ ਅਤੇ ਕਹਾਣੀਆਂ ਦੀ ਗਲਪ ਚਿਤਰਨ'' ਹੈ। ਇਸ ਖੋਜ ਕਾਰਜ ਵਿਚ ਦਵਿੰਦਰ ਸੰਧੂ ਦਾ ਨਾਵਲ ''ਨੀ ਜਿੰਦ ਮੇਰੀਏ" ਅਤੇ ਕਹਾਣੀ ਸੰਗ੍ਰਹਿ "ਲਾਹੌਰ 58063" ਨੂੰ ਲਿਆ ਗਿਆ ਹੈ। ਨਾਵਲ ਅਤੇ ਕਹਾਣੀ ਗਲਪ ਸਾਹਿਤ ਦੀ ਇਕ ਮਹੱਤਵਪੂਰ? ਵੰਨਗੀ ਹੈ ਗਲਪ ਪੂੰਜੀਵਾਦੀ ਦੌਰ ਅੰਦਰ ਮੱਧ ਸ਼੍ਰੇਣੀ ਵਿਚ ਜਿਉਂਦੇ ਮਨੁੱਖ ਦੀ ਅੰਦਰੂਨੀ ਚੇਤਨਾ ਦੀ ਬਾਤ ਪਾਉਂਦਾ ਹੈ। ਗਲਪ ਬਿਰਤਾਂਤ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਹੜੀ ਵਾਰਤਕ ਵਿਚ ਰਚੀ ਜਾਂਦੀ ਹੈ। ਨਵੀਨ ਗਲਪ ਮੱਧ ਸ਼੍ਰੇਣੀ ਦੇ ਜੀਵਨ ਨਾਲ ਜੁੜਿਆ ਇਕ ਅਜਿਹਾ ਸਾਹਿਤ ਰੂਪ ਹੈ, ਜਿਹੜਾ ਨਵੇਂ ਉਦਯੋਗਿਕ ਯੁੱਗ, ਵਿਅਕਤੀਵਾਦੀ

ਰੁਚੀਆਂ, ਪੂੰਜੀਵਾਦ ਦੇ ਦੌਰ ਅੰਦਰ ਸੁਰਮਾਏ ਦਾਰੀ ਦੇ ਪੁੜਾਂ ਵਿਚ ਪਿਸ ਰਹੇ ਮਨੁੱਖ ਦੀ ਹੋਣੀ ਆਦਿ ਸਦਕਾ ਹੋਂਦ ਵਿਚ ਆਇਆ ਹੈ। ਇਸ ਪ੍ਰਕਾਰ ਜ਼ਰੂਰੀ ਨਹੀਂ ਹੈ ਕਿ ਗਲਪ ਨਿਰੋਲ ਸੱਚ ਹੋਵੇ, ਸਗੋਂ ਇਹ ਕਲਪਿਤ ਸੱਚ ਹੁੰਦਾ ਹੈ। ਗਲਪ ਜੀਵਨ ਦਾ ਸੱਚ ਘੱਟ ਸਾਹਿਤ ਅਰਥਾਤ ਕਲਾ ਦਾ ਸੱਚ ਵਧੇਰੇ ਹੁੰਦਾ ਹੈ। ਦਰਅਸਲ ਜਦੋਂ ਗੱਪ ਵੀ ਜ਼ਿੰਦਗੀ ਦੀ ਅਸਲੀਅਤ ਵਰਗੀ ਪ੍ਰਤੀਤ ਹੋਵੇ ਤਾਂ ਇਹ ਗਲਪ ਬਣ ਜਾਂਦੀ ਹੈ। ਇਸ ਲਈ ਕਈ ਵਾਰੀ ਗਲਪ ਨੂੰ ਜੀਵਨਮਈ ਗੱਪ ਵੀ ਆਖ ਦਿੱਤਾ ਜਾਂਦਾ ਹੈ ਪਰ ਅਜਿਹੀ ਗੱਪ ਜੋ ਸਮਾਜਿਕ ਯਥਾਰਥ ਦੇ ਨੇੜੇ ਹੋਵੇ। ਦਰਅਸਲ ਅਜੋਕੇ ਪੂੰਜੀਵਾਦੀ ਦੌਰ ਵਿਚ ਵਿਚਰਦੇ ਮਾਨਵੀ ਜ਼ਿੰਦਗੀ ਦੀਆਂ ਪ੍ਰਸਿਤੀਆਂ ਨੂੰ ਗਲਪ ਸਾਹਿਤ ਵਿਚ ਵਧੇਰੇ ਸਾਰਥਿਕ ਢੰਗ ਨਾਲ ਬਿਆਨਿਆ ਗਿਆ ਹੈ।

ਦਵਿੰਦਰ ਸੰਧੂ ਦੀ ਵੀ ਗਲਪ ਸਾਹਿਤ ਪ੍ਰਤੀ ਪਹੁੰਚ ਸਾਰਥਿਕ ਹੈ। ਇਸ ਪਹੁੰਚ ਦੇ ਬਹੁਪਾਸਾਰ ਉਲੀਕਣ ਲਈ ਖੋਜ-ਪ੍ਰਬੰਧ ਨੂੰ ਅੱਗੇ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ।

ਪਹਿਲੇ ਅਧਿਆਇ ਵਿਚ "ਪੰਜਾਬੀ ਗਲਪ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ"ਨੂੰ ਵਿਚਾਰਿਆ ਗਿਆ ਹੈ। ਗਲਪ ਸਾਹਿਤ ਦਾ ਸਿਧਾਂਤਕ ਮਾਡਲ ਤਲਾਸ਼ਣ ਲਈ ਇਸ ਅਧਿਆਇ ਨੂੰ ਅੱਗੇ ਹੋਰ ਉਪ-ਭਾਗਾਂ ਵਿਚ ਵੰਡ ਕੇ ਗਲਪ ਸਾਹਿਤ ਦੇ ਸਿਧਾਂਤਕ ਤੇ ਇਤਿਹਾਸਕ ਅਧਿਐਨ ਨੂੰ ਸਮਝਣ ਦਾ ਸਫ਼ਲ ਉਪਰਾਲਾ ਕੀਤਾ ਹੈ। ਗਲਪ ਦੇ ਦੋ ਸਾਹਿਤ ਰੂਪ ਹਨ ਕਹਾਣੀ ਅਤੇ ਨਾਵਲ। ਪਹਿਲੇ ਅਧਿਆਇ ਵਿਚ ਸਭ ਤੋਂ ਪਹਿਲਾ ਕਹਾਣੀ ਦੇ ਅਰਥ ਨੂੰ ਪੇਸ਼ ਕਰਕੇ ਦੱਸਿਆ ਗਿਆ ਹੈ ਕਿ ਕਿਵੇਂ ਸਮੇਂ-ਸਮੇਂ ਤੇ ਕਹਾਣੀ ਦੇ ਅਰਥਾਂ ਵਿਚ ਪਰਿਵਰਤਨ ਆਉਂਦਾ ਗਿਆ ਹੈ। ਕਹਾਣੀ ਦੇ ਅਲੱਗ-ਅਲੱਗ ਨਾਮਾਂ ਦੀ ਪੇਸ਼ਕਾਰੀ ਕੀਤੀ ਗਈ ਹੈ ਜਿਵੇਂ ਕਥਨਕ, ਕਥਾ, ਕਿੱਸਾ, ਵਾਰਤਾ, ਬਾਤ, ਅਫ਼ਸਾਨਾ, ਮਨਘੜਤ ਗੱਲ ਆਦਿ ਕਹਾਣੀ ਦੇ ਨਾਮਕਰਨ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਤੋਂ ਅੱਗੇ ਕਹਾਣੀ ਦੀ ਪਰਿਭਾਸ਼ਾ ਦੀ ਗੱਲ ਕੀਤੀ ਗਈ ਹੈ। ਹਰ ਸਾਹਿਤ ਰੂਪ ਵਾਂਗ ਪੰਜਾਬੀ ਸਾਹਿਤ ਰੂਪ ਕਹਾਣੀ ਸੰਬੰਧੀ ਵੀ ਅਲੱਗ-ਅਲੱਗ ਚਿੰਤਕਾਂ ਨੇ ਆਪਣੀਆਂ-ਆਪਣੀਆਂ ਪਰਿਭਾਸ਼ਾਵਾਂ ਦੇ ਕੇ ਇਸ ਨੂੰ ਸ਼ਪੱਸਟ ਕੀਤਾ ਹੈ। ਇਸ ਵਿਚ ਪਹਿਲਾ ਵਿਦੇਸ਼ੀ ਚਿੰਤਕਾਂ, ਫਿਰ ਭਾਰਤੀ ਚਿੰਤਕਾਂ ਅਤੇ ਪੰਜਾਬੀ ਚਿੰਤਕਾਂ ਦੀਆਂ ਅਲੱਗ-ਅਲੱਗ ਪਰਿਭਾਸ਼ਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਅੱਗੇ ਪੰਜਾਬੀ ਕਹਾਣੀ ਦੇ ਪ੍ਰਮੁੱਖ ਤੱਤਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਪੰਜਾਬੀ ਕਹਾਣੀ ਦੇ ਤੱਤ ਵਿਸ਼ਾ, ਗੋਂਦ, ਪਾਤਰ ਚਿਤਰਨ, ਵਾਰਤਾਲਾਪ, ਸ਼ੈਲੀ, ਉਦੇਸ਼ ਆਦਿ ਸਾਰੇ

ਤੱਤਾਂ ਨੂੰ ਪੇਸ਼ ਕੀਤਾ ਗਿਆ ਹੈ। ਉਪਰੰਤ ਪੰਜਾਬੀ ਕਹਾਣੀ ਦੇ ਇਤਿਹਾਸਕ ਸਫ਼ਰ ਦੀ ਗੱਲ ਕੀਤੀ ਗਈ ਹੈ। ਇਸ ਦੇ ਅੰਤਰਗਤ ਉਹਨਾਂ ਸਾਰੇ ਪ੍ਰਮੁੱਖ ਕਹਾਣੀਕਾਰਾਂ ਨੂੰ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੇ ਪੰਜਾਬੀ ਕਹਾਣੀਆਂ ਨੂੰ ਲਿਖਿਆ ਹੈ। ਇਹਨਾਂ ਵਿਚੋਂ ਕੁਝ ਪ੍ਰਮੁੱਖ ਲੇਖਕ ਜਿਵੇ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਲਾਲ ਸਿੰਘ ਕਮਲਾ ਅਕਾਲੀ, ਨਾਨਕ ਸਿੰਘ, ਗੁਰਬਖ਼ਸ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਦੇਵਿੰਦਰ ਸਤਿਆਰਥੀ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਮਹਿੰਦਰ ਸਿੰਘ ਸਰਨਾ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਗੁਲਜ਼ਾਰ ਸਿੰਘ ਸੰਧੂ, ਰਾਮ ਸਰੂਪ ਅਣਖੀ ਆਦਿ ਪ੍ਰਮੁੱਖ ਕਹਾਣੀਕਾਰਾਂ ਨੂੰ ਅਤੇ ਉਹਨਾਂ ਦੇ ਕਹਾਣੀ ਸੰਗ੍ਰਹਿਆਂ ਦੇ ਨਾਵਾਂ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਪਾਕਿਸਤਾਨੀ ਪੰਜਾਬੀ ਕਹਾਣੀ ਅਤੇ ਪਰਵਾਸੀ ਪੰਜਾਬੀ ਕਹਾਣੀਕਾਰਾਂ ਬਾਰੇ ਵੀ ਸੰਖੇਪ ਵਿਚ ਵੇਰਵੇ ਦਿੱਤੇ ਗਏ ਹੈ। ਇਸੇ ਅਧਿਆਇ ਵਿਚ ਹੀ ਅੱਗੇ ਗਲਪ ਦੇ ਦੂਜੇ ਰੂਪ ਨਾਵਲ ਦੀ ਗੱਲ ਕੀਤੀ ਗਈ ਹੈ। ਉਸ ਵਿਚ ਵੀ ਪਹਿਲਾ ਪੰਜਾਬੀ ਨਾਵਲ ਦੇ ਅਰਥ ਬਾਰੇ ਦੱਸਿਆ ਗਿਆ ਹੈ ਅਤੇ ਇਹ ਵੀ ਪੇਸ਼ ਕੀਤਾ ਗਿਆ ਹੈ ਕਿ ਇਹ ਕਿਹੜੀ ਭਾਸ਼ਾ ਵਿਚੋਂ ਵਿਸਤਾਰ ਕਰਦਾ ਹੋਇਆ ਪੰਜਾਬੀ ਭਾਸ਼ਾ ਦਾ ਅੰਗ ਬਣਿਆ ਹੈ। ਫਿਰ ਨਾਵਲ ਸੰਬੰਧੀ ਅਲੱਗ-ਅਲੱਗ ਚਿੰਤਕਾਂ ਦੀਆਂ ਪਰਿਭਾਸ਼ਾਵਾਂ ਦੇ ਕੇ ਨਾਵਲ ਨੂੰ ਸਪੱਸ਼ਟ ਕੀਤਾ ਹੈ। ਇਸ ਤੋਂ ਅੱਗੇ ਨਾਵਲ ਦੇ ਪ੍ਰਮੁੱਖ ਤੱਤ ਪੇਸ਼ ਕੀਤੇ ਗਏ ਹਨ ਕਿ ਕਿਹੜੇ ਤੱਤਾਂ ਦੇ ਆਧਾਰ 'ਤੇ ਅਸੀਂ ਨਾਵਲ ਦੀ ਰਚਨਾ ਕਰ ਸਕਦੇ ਹਨ। ਨਾਵਲ ਦੇ ਕੁਝ ਸਾਂਝੇ ਤੱਤ ਜਿਵੇਂ ਪਲਾਟ, ਪਾਤਰ-ਉਸਾਰੀ, ਵਾਰਤਾਲਾਪ, ਵਾਤਾਵਰਨ, ਸ਼ੈਲੀ, ਉਦੇਸ਼ ਆਦਿ ਦੀ ਪੇਸ਼ਕਾਰੀ ਕੀਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਇਹਨਾਂ ਤੱਤਾਂ ਤੋਂ ਬਿਨਾਂ ਕਿਸੇ ਵੀ ਨਾਵਲ ਦੀ ਰਚਨਾ ਨਹੀਂ ਹੋ ਸਕਦੀ। ਇਸ ਅਧਿਆਇ ਵਿਚ ਹੀ ਪੰਜਾਬੀ ਨਾਵਲ ਦੇ ਇਤਿਹਾਸਕ ਸਫ਼ਰ ਦੀ ਪੇਸ਼ਕਾਰੀ ਕੀਤੀ ਗਈ ਹੈ। ਇਤਿਹਾਸਕ ਸਫ਼ਰ ਵਿਚ ਦੱਸਿਆ ਹੈ ਕਿ ਉਹ ਕਿਹੜੇ-ਕਿਹੜੇ ਨਾਵਲਕਾਰ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਨਾਵਲ ਲਿਖਣ ਦੀ ਪਿਰਤ ਪਾਈ ਸੀ। ਇਸ ਤਰ੍ਹਾਂ ਨਾਵਲ ਦੇ ਇਤਿਹਾਸਕ ਸਫ਼ਰ ਵਿਚ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਮਾਸਟਰ ਤਾਰਾ ਸਿੰਘ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ, ਜਸਵੰਤ ਸਿੰਘ ਕੰਵਲ, ਕਰਨਲ ਨਰਿੰਦਰਪਾਲ ਸਿੰਘ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਸਿੰਘ ਸੇਠੀ, ਸੋਹਣ ਸਿੰਘ ਸੀਤਲ, ਗੁਰਦਿਆਲ ਸਿੰਘ, ਕਰਤਾਰ ਸਿੰਘ ਦੁੱਗਲ, ਨਿਰੰਜਨ ਤਸਨੀਮ, ਡਾ. ਦਲੀਪ ਕੌਰ ਟਿਵਾਣਾ, ਅਜੀਤ ਕੌਰ, ਸੁਰਿੰਦਰ ਜੌਹਰ, ਮਨਜੀਤ ਰਾਣਾ, ਸੁਰਜੀਤ ਹਾਂਸ, ਜਗਜੀਤ ਬਰਾੜ, ਮਹਿੰਦਰ ਸਿੰਘ ਸਰਨਾ, ਹਰਨਾਮ ਦਾਸ ਸਹਿਰਾਈ,

ਕਰਮਜੀਤ ਸਿੰਘ ਕੁੱਸਾ, ਜਸਵੰਤ ਸਿੰਘ ਵਿਰਦੀ, ਰਾਮ ਸਰੂਪ ਅਣਖੀ ਆਦਿ ਪ੍ਰਮੁੱਖ ਨਾਵਲਾਕਾਰਾਂ ਨੂੰ ਅਤੇ ਉਹਨਾਂ ਦੇ ਨਾਵਲਾਂ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਨਾਵਲਾਂ ਵਿਚ ਇਹ ਵੀ ਪੇਸ਼ ਕੀਤਾ ਗਿਆ ਹੈ ਕਿ ਕਿਵੇਂ-ਕਿਵੇਂ ਸਮੇਂ ਦੇ ਬੀਤਣ ਨਾਲ ਨਾਵਲਾਂ ਦੇ ਵਿਸ਼ਿਆਂ ਵਿਚ ਪਰਿਵਰਤਨ ਆਉਂਦਾ ਗਿਆ। ਇਸ ਪ੍ਰਕਾਰ ਪਹਿਲੇ ਅਧਿਆਇ ਵਿਚ ਪੰਜਾਬੀ ਗਲਪ ਦੇ ਸਿਧਾਂਤਕ ਅਤੇ ਇਤਿਹਾਸਕ ਸਫ਼ਰ ਦੀ ਗੱਲ ਕੀਤੀ ਗਈ ਹੈ।

ਖੋਜ-ਪ੍ਰਬੰਧ ਦੇ ਅਧਿਆਇ ਦੂਜੇ ਵਿਚ "ਦਵਿੰਦਰ ਸੰਧੂ ਦਾ ਜੀਵਨ, ਰਚਨਾ ਅਤੇ ਪ੍ਰਾਪਤੀਆਂ" ਦੀ ਪੇਸ਼ਕਾਰੀ ਕੀਤੀ ਗਈ ਹੈ। ਹਰ ਇਕ ਸਾਹਿਤਕਾਰ ਦੀ ਸਾਹਿਤਕ ਕਿਰਤ ਉੱਤੇ ਉਸ ਦੇ ਵਿਅਕਤੀਗਤ ਜੀਵਨ, ਸਮਕਾਲੀ ਸਮਾਜਕ ਜੀਵਨ ਅਤੇ ਸਮੇਂ ਦੀਆਂ ਪ੍ਰਸਥਿਤੀਆਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਹਰ ਰਚਨਾ ਲੇਖਕ ਦੇ ਆਪਣੇ ਅੰਦਰਲੇ ਦੀ ਤਲਾਸ਼ ਹੁੰਦੀ ਹੈ। ਉਹ ਕਿਹੋ-ਜਿਹੇ ਮਾਹੌਲ ਵਿਚ ਰਹਿੰਦਾ ਹੈ, ਵਿਚਰਦਾ ਹੈ, ਕੁਦਰਤੀ ਤੌਰ 'ਤੇ ਉਹ ਮਾਹੌਲ ਲੇਖਕ ਦੇ ਅਚੇਤ ਮਨ ਦਾ ਹਿੱਸਾ ਬਣ ਜਾਂਦਾ ਹੈ ਤੇ ਉਹ ਵਾਰ-ਵਾਰ ਉਸ ਦੀਆਂ ਰਚਨਾਵਾਂ ਵਿਚ ਆਉਂਦਾ ਹੈ। ਇਸ ਅਧਿਆਇ ਵਿਚ ਇਹ ਦੱਸਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਦਵਿੰਦਰ ਸਿੰਘ ਨੇ ਕਿਹੋ-ਜਿਹੇ ਵਾਤਾਵਰਨ ਵਿਚ ਜਨਮ ਲਿਆ। ਉਹਨਾਂ ਦੀ ਪੜ੍ਹਾਈ ਕਿਹੋ ਜਿਹੇ ਮਾਹੌਲ ਵਿਚ ਹੋਈ, ਕਿਹੜੀਆਂ-ਕਿਹੜੀਆਂ ਘਟਨਾਵਾਂ ਨੇ ਉਹਨਾਂ ਦੀ ਜ਼ਿੰਦਗੀ 'ਤੇ ਬਹੁਤ ਜ਼ਿਆਦਾ ਅਸਰ ਕੀਤਾ ਹੈ। ਕਿਸ ਕਿਸ ਦਾ ਦਵਿੰਦਰ ਸੰਧੂ ਨੇ ਪ੍ਰਭਾਵ ਗ੍ਰਹਿਣ ਕੀਤਾ ਹੈ। ਜਨਮ ਵਿਚ ਉਹਨਾਂ ਦੇ ਜਨਮ ਮਿਤੀ, ਪਿੰਡ ਦਾ ਨਾਮ, ਮਾਤਾ-ਪਿਤਾ ਦਾ ਨਾਮ ਆਦਿ ਸਭ ਦੀ ਪੇਸ਼ਕਾਰੀ ਕੀਤੀ ਗਈ ਹੈ। ਜਸਵਿੰਦਰ ਦੇ ਬਚਪਨ ਦੇ ਸ਼ੌਕ ਅਤੇ ਪਿਤਾ ਵੱਲੋਂ ਖੇਤੀ ਦੇ ਕੰਮ 'ਤੇ ਲਗਾਉਣ ਦੀਆਂ ਘਟਨਾਵਾਂ ਆਦਿ ਸਭ ਦੀ ਪੇਸ਼ਕਾਰੀ ਕੀਤੀ ਗਈ ਹੈ। ਦਵਿੰਦਰ ਸੰਧੂ ਦੇ ਜੀਵਨ ਦਾ ਇੱਕ ਖ਼ੂਬਸੂਰਤ ਪਹਿਲੂ ਅਧਿਆਪਨ ਕਾਰਜ ਨਾਲ ਵੀ ਜੁੜਿਆ ਹੋਇਆ ਹੈ। ਦਵਿੰਦਰ ਸੰਧੂ ਨੇ ਆਪਣੇ ਅਧਿਆਪਨ ਕਾਰਜ ਦੌਰਾਨ ਅਨੇਕਾਂ ਵਿਦਿਆਰਥੀਆਂ ਨੂੰ ਪ੍ਰਗਤੀਸ਼ੀਲ ਵਿਚਾਰਾਂ ਦੀ ਜਾਗ ਲਗਾਈ। ਇਸ ਤੋਂ ਇਲਾਵਾ ਜਿੱਥੇ ਦਵਿੰਦਰ ਸੰਧੂ ਇੱਕ ਚੰਗੇ ਪ੍ਰੋਫ਼ੈਸਰ ਹੋਏ ਹਨ ਉਥੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਅਤੇ ਸਾਹਿਤ ਰਚਨਾ ਵਿਚ ਦਵਿੰਦਰ ਸੰਧੂ ਇਕ ਸਥਾਪਤ ਨਾਮ ਹੈ। ਉਹਨਾਂ ਨੇ ਸਾਹਿਤਕ ਆਲੋਚਨਾ ਖੇਤਰ ਵਿਚ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨਾਂ ਨੇ ਹੁਣ ਤੱਕ ਸਾਹਿਤ ਦੇ ਖੇਤਰ ਨੂੰ ਲਗਭਗ 4 ਪੁਸਤਕਾਂ ਦਿੱਤੀਆਂ ਹਨ ਜਿਸ ਦੀ ਵਿਸਥਾਰਤ ਵਰਨਣ ਪੇਸ਼ਕਾਰੀ ਇਸ ਅਧਿਆਇ ਵਿਚ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ ਅਧਿਆਇ ਤੀਜੇ ਵਿਚ ਤ੍ਰਾਸਦੀ ਦਾ ਚਿਤਰਨ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਵਿਚਲਾ ਸਮਾਜ ਸਮਕਾਲੀ ਸਮਾਜ ਹੈ। ਜਿਸ ਵਿਚੋਂ ਸਮਕਾਲ ਦੀਆਂ ਜਲਿਟਤਾਵਾਂ ਮਨੁੱਖੀ ਮਾਨਸਿਕਤਾ ਵਿਚ ਮੌਜੂਦ ਹਨ ਅਤੇ ਇਹਨਾਂ ਕਾਮਨਾਵਾਂ ਦਾ ਮੂੰਹ ਜ਼ੋਰ ਵੇਗ ਮਨੁੱਖ ਲਈ ਸੰਕਟ ਪੈਦਾ ਕਰਦਾ ਹੈ। ਕਹਾਣੀ ਸੰਗ੍ਰਹਿ ''ਲਾਹੌਰ 58063' ਆਰਥਿਕ ਤਣਾਅ ਪ੍ਰਗਟ ਕੀਤਾ ਗਿਆਂ ਅਤੇ ਰਿਸ਼ਤਿਆ ਵਿੱਚ ਆਏ ਤ੍ਰਾਸਦੀ ਨੂੰ ਬਿਆਨ ਕੀਤਾ ਹੈ।

'ਲਾਹੌਰ 58063' ਰਿਸ਼ਤਿਆਂ ਵਿਚ ਤਣਾਓ' ਦੀ ਪੇਸ਼ਕਾਰੀ ਕੀਤੀ ਗਈ ਹੈ। ਆਰਥਿਕ ਹਾਲਤਾਂ ਨੂੰ ਬਿਆਨ ਕੀਤਾ ਗਿਆ ਹੈ। ਸਮਾਜ ਵਿੱਚ ਜਾਤ ਪਾਤ ਦਾ ਭੇਦ ਭਾਵ ਤੇ ਔਰਤਾਂ ਨੂੰ ਨੀਵਾਂ ਦਰਜਾ ਦਿੱਤਾ ਗਿਆ ਹੈ। ਔਰਤ ਨੂੰ ਭੋਗ ਵਿਲਾਸ ਦੀ ਵਸਤੂ ਸਮਝ ਕੇ ਘਰ ਦੀ ਚਾਰ ਦਿਵਾਰੀ ਵਿੱਚ ਹੀ ਰੱਖਿਆ ਜਾਂਦਾ ਹੈ। ਅਮੀਰੀ ਗਰੀਬੀ ਦਾ ਭੇਦ ਭਾਵ ਰੱਖਿਆ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਪੈਸਿਆਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ ਪਰ ਕਦਰਾਂ ਕੀਮਤਾਂ ਨੂੰ ਕੋਈ ਮਹਤੱਤਾ ਨਹੀਂ ਦਿੱਤੀ ਜਾਂਦੀ। ਆਰਥਿਕ ਪੱਖ ਮਜ਼ਬੂਤ ਹੋਣ ਤੇ ਵਿਅਕਤੀ ਦੇ ਸੁਭਾਅ ਵਿੱਚ ਪਰਿਵਰਤਨ ਆ ਜਾਂਦਾ ਹੈ। ਇਸ ਅਧਿਆਇ ਵਿਚ ਹੀ ਦਵਿੰਦਰ ਸੰਧੂ ਦੀ 'ਸਾਹਿਕਤਾ' ਨੂੰ ਵੀ ਪਰਖਿਆ ਗਿਆ ਹੈ। ਦਵਿੰਦਰ ਸੰਧੂ ਦੀ ਗਲਪ ਵਿਚ ਇਕ ਵਿਸ਼ੇਸ ਗੁਣ ਇਹ ਹੈ ਕਿ ਇਹ 'ਅਸ਼ਲੀਲਤਾ' ਤੋਂ ਨਿਰਪੇਖ ਸਾਹਿਤਕ ਗੁਣਾਂ 'ਤੇ ਖਰਾ ਉਤਰਿਆ ਹੈ। ਦਵਿੰਦਰ ਸੰਧੂ ਦੀ ਇਹ ਸੰਰਚਨਾ ਵਿਧੀ ਹੈ ਕਿ ਜੇ ਉਹ ਆਪਣੇ ਪਾਤਰਾਂ ਤੋਂ ਗਾਲ੍ਹਾਂ ਵੀ ਕਢਵਾਉਂਦਾ ਹੈ ਤਾਂ ਉਥੇ ਵੀ ਸਾਹਿਤਕ ਮਿਆਰ ਕਾਇਮ ਰੱਖਦਾ ਹੈ ਇਸ ਤਰ੍ਹਾਂ ਦੀਆਂ ਉਦਾਹਰਨਾਂ ਉਸ ਦੀਆਂ ਅਲੱਗ-ਅਲੱਗ ਕਹਾਣੀਆਂ ਵਿਚ ਦੇਖੀਆਂ ਗਈਆਂ ਹਨ।

ਦਵਿੰਦਰ ਸੰਧੂ 'ਨੀ ਜਿੰਦ ਮੇਰੀਏ' ਨਾਵਲ ਵਿਚ ਪਿਆਰ ਕਰਨ ਵਾਲੀਆਂ ਦੋ ਜਿੰਦਾਂ ਦੀ ਹਿਰਦੇਵੇਧਕ ਕਹਾਣੀ ਪੇਸ਼ ਕੀਤੀ ਹੈ। ਦੋਵੇਂ ਅਲੱਗ-ਅਲੱਗ ਫ਼ਿਰਕਿਆਂ ਨਾਲ ਸੰਬੰਧਿਤ ਹਨ। ਜਾਤ-ਪਾਤ ਅਤੇ ਆਪਣੀ ਸ਼੍ਰੇਣੀ ਨੂੰ ਕਿਸੇ ਨਾਲੋਂ ਘੱਟ ਨਾ ਸਮਝਣ ਦੀ ਹਉਮੈਂ ਸਾਰੇ ਸੰਕਟ ਪੈਦਾ ਕਰਦੀ ਹੈ। ਇਸ ਸੰਕਟ ਵਿੱਚ ਹੋਰ ਵਾਧਾ ਕਰਦੇ ਹਨ, ਜਿਹੜੇ ਕਿਸੇ ਨੂੰ ਸੁੱਖੀ-ਮਿਹਰੀ ਵਸਦਾ ਦੇਖਣ ਦੇ ਆਦੀ ਨਹੀ ਹੁੰਦੇ। ਸਮਾਜ ਦੇ ਸੱਚਾਈ ਨੂੰ ਬਿਆਨ ਕੀਤਾ ਹੈ। ਅੱਜ ਦੇ ਸਮੇਂ ਵਿੱਚ ਵੀ ਜਾਤ-ਪਾਤ ਵਿਚ ਭੇਦ ਕੀਤਾ ਜਾਂਦਾ ਹੈ। ਆਖਿਰ ਵਿੱਚ ਪਿਆਰ ਦੀ

ਜਿੱਤ ਹੁੰਦੀ ਹੈ। ਭਾਵੇਂ ਜਾਤੀਵਾਦ ਦੀਆਂ ਈਰਖਾਵਾਂ ਅਤੇ ਸਾੜੇ ਨੇ ਪਿਆਰ-ਵਿਹੂਣੀਆਂ ਜਿੰਦਾਂ ਦੇ ਜੀਵਨ ਨੂੰ ਰਸਹੀਣ ਬਣਾ ਦਿੱਤਾ ਸੀ।

ਕੁਲ ਮਿਲਾ ਕੇ ਕਹਿ ਸਕਦੇ ਕਿ ਦਵਿੰਦਰ ਸੰਧੂ ਦੀ ਗਲਪ ਚਿਤਰਨ ਜਿਥੇ ਵਿਸ਼ੇ ਦੇ ਪੱਖ ਤੋਂ ਮਹੱਤਤਾ ਰੱਖਦੀ ਹੈ ਉਥੇ ਕਲਾ ਤਮਕ ਦੇ ਪੱਖ ਤੋਂ ਵੀ ਮਹੱਤਵਪੂਰਨ ਹੈ।

# ਪੁਸਤਕ ਸੂਚੀ


1. ਅਹੂਜਾ, ਰੋਸ਼ਨ ਲਾਲ, (ਡਾ.), ਸਾਹਿਤ ਸ਼ਾਸਤਰ, ਲੁਧਿਆਣਾ, ਲਾਹੌਰ ਬੁਕ ਸ਼ਾਪ, 1987
2. ਸਿੰਗਲ, ਧਰਮਪਾਲ ਸਿੰਘ, (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ, ਪਬਲੀਕੇਸ਼ਨ ਲੋਕਗੀਤ ਪ੍ਰਕਾਸ਼ਨ, 2006
3. ਸੰਧੂ, ਗੁਰਪਾਲ ਸਿੰਘ, ਪੰਜਾਬੀ ਨਾਵਲ (ਚਿਹਨ- ਵਿਗਿਆਨਿਕ ਅਧਿਐਨ), ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 1995
4. ਸੰਧੂ, ਦਵਿੰਦਰ, ਨੀ ਜਿੰਦ ਮੇਰੀਏ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ, 2012
5. ਸੰਧੂ, ਦਵਿੰਦਰ, ਲਾਹੌਰ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ, 2016
6. ਸੇਖੋ, ਰਾਜਿੰਦਰ ਸਿੰਘ, ਆਲੋਚਨਾ ਅਤੇ ਪੰਜਾਬੀ ਆਲੋਚਨਾ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 2004
7. ਸ਼ਰਮਾ, ਲੱਕੀ (ਡਾ.), ਪ੍ਰਮੁੱਖ ਪੰਜਾਬੀ ਨਾਵਲ ਸਿਧਾਂਤ ਤੇ ਚਿੰਤਨ, ਜਲੰਧਰ ਸੁੰਦਰ ਬੁੱਕ ਡਿਪੂ ਮਾਈ ਹੀਰਾਂ ਗੇਟ, 2015
8. ਸ਼ਾਹੀ, ਅਜੀਤ ਸਿੰਘ, (ਡਾ.), ਨਾਵਲ ਅਤੇ ਰਾਜਨੀਤੀ ਸਿਧਾਂਤਕ ਆਧਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2011
9. ਕਸੇਲ, ਪਰਮਿੰਦਰ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ ਲਾਹੌਰ ਬੁਕ ਸ਼ਾਪ, 1997
10. ਕਸੇਲ, ਕਿਰਪਾਲ ਸਿੰਘ (ਸੰਪਾ.), ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਦੂਜਾ, ਚੰਡੀਗੜ੍ਹ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, 2011
11. ਕੇਸਰ ਸਿੰਘ, (ਡਾ.), ਖੋਜ ਚਿੰਤਕ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਮਾਲਾ, 2011
12. ਗੋਇਲ, ਜੰਗ ਬਹਾਦੁਰ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2007

**13.** ਦੁਸਾਂਝ, ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, ਲੁਧਿਆਣਾ ਲਾਹੌਰ ਬੁਕ ਸ਼ਾਪ, 2002

**14.** ਧਨਵੰਤ ਕੌਰ, ਡਾ., (ਸੰਪਾ.), ਗਲਪਕਾਰ ਡਾ. ਦਲੀਪ ਕੌਰ ਟਿਵਾਣਾ, ਪਟਿਆਲਾ ਪੰਜਾਬੀ ਯੂਨੀਵਰਸਿਟੀ, 1996

**15.** ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ, ਨਿਊ ਬੁੱਕ ਕੰਪਨੀ, ਮਾਈਂ ਗੇਟ, 2012

**16.** ਬ੍ਰਹਮਜਗਦੀਸ਼ ਸਿੰਘ, (ਪ੍ਰੋ.), ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ, ਪ੍ਰਕਾਸ਼ਕ ਵਾਰਿਸ ਸ਼ਾਹ ਫ਼ਾਉਂਡੇਸ਼ਨ, 2011

**17.** ਬੇਗੋਵਾਲ, ਜਸਵੰਤ, (ਡਾ.), ਸਾਹਿਤ ਸਮੀਖਿਆ, ਮਾਈ ਗੇਟ, ਬਲਵੰਤ ਪ੍ਰਕਾਸ਼ਨ, 1992

**18.** ਰਜਨੀਸ਼ ਬਹਾਦਰ ਸਿੰਘ, ਪੰਜਾਬੀ ਸਾਹਿਤ ਚਿੰਨਤ ਆਧਾਰ ਤੇ ਉਸਾਰ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2010

**19.** ਰਾਹੀ, ਜੋਗਿੰਦਰ ਸਿੰਘ, ਮਸਲੇ ਗਲਪ ਦੇ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਮਾਲਾ, 2004